ਸਫਲ ਜੀਵਨ

ਰਘਬੀਰ ਸਿੰਘ ਬੀਰ

ਸਫਲ ਜੀਵਨ

ਰਘਬੀਰ ਸਿੰਘ 'ਬੀਰ'

ਪ੍ਰਕਾਸ਼ਕ
ਆਤਮ ਸਾਇੰਸ ਟ੍ਰਸਟ
A/1, ਕਾਲੰਦੀ ਕਾਲੋਨੀ, ਨਵੀਂ ਦਿੱਲੀ-110 065

ਪਹਿਲੀ ਵਾਰ : 1955
ਛੇਵੀਂ ਵਾਰ : 1995

"ਆਤਮ ਸਾਇੰਸ" ਲਹਿਰ ਦੇ
ਜੀਵਨ ਸਰਪਰਸਤਾਂ
ਦੀ ਭੇਟਾ

ਭੇਟਾ - ੪੫ ਰੁਪਏ

Published by **Atam Science Trust,**
A/1, Kalindi Colony, New Delhi-110 065

Printed at **National Press of India,**
32-B, Pleasure Garden Market, Ch. Ch. Delhi-110006

ਤਤਕਰਾ

ਲੇਖ	ਸਫ਼ਾ

ਅਭਿਨੰਦਨ

ਕਿਸੇ ਆਤਮ-ਦਰਸ਼ੀ ਵਿਅਕਤੀ ਦੀ ਲਿਖਤ ਬਾਰੇ ਕੁਝ ਕਹਿਣਾ ਭਾਵੇਂ ਉਚਿਤ ਨਹੀਂ ਜਾਪਦਾ ਪਰ ਫਿਰ ਵੀ ਉਸ ਆਤਮ-ਦਰਸ਼ੀ ਵਿਅਕਤੀ ਦੀ ਮਹਾਨ ਰਚਨਾ ਦਾ ਅਭਿਨੰਦਨ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਐਸੇ ਵਿਅਕਤੀ ਜਿਥੇ ਆਪਣੇ ਜੀਵਨ-ਕਾਲ ਵਿਚ ਉੱਚ ਉਪਦੇਸ਼ਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ, ਉਥੇ ਉਹ ਆਪਣੀਆਂ ਲਿਖਤਾਂ ਦੀਆਂ ਇਹੋ ਜਿਹੀਆਂ ਪੈੜਾਂ ਪਿਛੇ ਛਡ ਜਾਂਦੇ ਹਨ। ਜਿਹੜੀਆਂ ਆਤਮ-ਖੋਜੀਆਂ ਲਈ ਬੜੀਆਂ ਲਾਭਦਾਇਕ ਸਿੱਧ ਹੁੰਦੀਆਂ ਹਨ।

ਸਚਖੰਡ ਵਾਸੀ ਸ. ਰਘਬੀਰ ਸਿੰਘ ਜੀ 'ਬੀਰ' ਜਿਥੇ ਆਪਣੇ ਜੀਵਨ ਕਾਲ ਵਿਚ ਦੇਸ਼ ਵਿਦੇਸ਼ ਦੂਰ ਦੂਰ ਤਕ ਪੁਜ ਕੇ ਆਤਮ-ਖੋਜੀਆਂ ਨੂੰ ਆਤਮਾ-ਪਰਮਾਤਮਾ ਬਾਰੇ ਗੰਭੀਰ ਤੇ ਗੂੜ੍ਹ ਵਾਕਫ਼ੀ ਦਿਆ ਕਰਦੇ ਹਨ, ਉਥੇ ਉਹਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਹਨਾਂ ਲੋਕਾਂ ਨੂੰ ਵੀ 'ਗੁਰਮਤ ਗਾਡੀ ਰਾਹ' ਤੇ ਪਾਇਆ, ਜਿਹੜੇ ਕਿ ਉਹਨਾਂ ਦੇ ਦਰਸ਼ਨ ਨਹੀਂ ਕਰ ਸਕੇ।

'ਬੀਰ' ਜੀ ਵਾਸਤਵ ਵਿਚ ਇਕ ਵਿਅਕਤੀ ਹੀ ਨਹੀਂ ਬਲਕਿ ਇਕ ਸੰਸਥਾ ਸਨ — ਸੰਸਥਾ ਵੀ ਇਹੋ ਜਿਹੀ ਜਿਸ ਵਿਚ ਹਰ ਕੋਈ ਵਰਸਾਂਦਾ

ਸੀ। ਉਹਨਾਂ ਦੀ ਛੁਹ ਅੰਦਰ ਜੋ ਵੀ ਆਇਆ, ਉਹ ਨਿਹਾਲ ਹੋ ਕੇ ਗਿਆ। ਇਸੇ ਲਈ ਪਾਪਾ ਜੀ (ਬੀਰ ਜੀ) ਕਹਿੰਦੇ ਸਨ ਕਿ ਜੋ ਨਾਮ, ਬਾਣੀ ਤੇ ਸਿਮਰਨ ਨਾਲ ਰੰਗਿਆ ਜਾਂਦਾ ਹੈ, ਉਸ ਦਾ ਇਸ ਸੰਸਾਰ ਤੇ ਆਉਣਾ ਸੁਭਾਗਾ ਹੋ ਜਾਂਦਾ ਹੈ ਤੇ ਸੁਭਾਗਾ ਮਨੁੱਖ ਜਨਮ-ਮਰਨ ਦੋਹਾਂ ਤੋਂ ਮੁਕਤ ਹੋ ਜਾਂਦਾ ਹੈ। ਸੈਂਕੜੇ ਹੀ ਨਹੀਂ, ਹਜ਼ਾਰਾਂ ਵਿਅਕਤੀਆਂ ਨੂੰ 'ਬੀਰ' ਜੀ ਨੇ ਨਾਮ-ਰਸੀਆ ਬਣਾ ਕੇ ਉਹਨਾਂ ਨੂੰ ਇਕ ਨਵਾਂ ਜੀਵਨ ਦਿੱਤਾ।

ਬੀਰ ਜੀ (ਜਿਹਨਾਂ ਨੂੰ ਅਸੀਂ ਪਿਆਰ ਜਾਂ ਸਤਿਕਾਰ ਵਜੋਂ ਪਾਪਾ ਜੀ ਕਿਹਾ ਕਰਦੇ ਸੀ) ਦੀ ਇਸ ਅਮਰ ਰਚਨਾ ਨੂੰ ਪੜ੍ਹ ਕੇ ਪਰਮਾਰਥ ਦੇ ਗੂੜ੍ਹ ਤੇ ਮੁਸ਼ਕਿਲ ਮਸਲੇ ਬੜੇ ਸਹਿਜ ਸੁਭਾਅ ਸਮਝ ਵਿਚ ਆ ਜਾਂਦੇ ਹਨ। ਦਿਲਚਸਪ ਤੇ ਸੌਖੇ ਢੰਗ, ਨਾਲ ਪਰਮਾਰਥ ਦੀਆਂ ਗੁੰਝਲਾਂ ਤੇ ਔਕੜਾਂ ਨੂੰ ਸਮਝਾਉਣ ਵਿਚ 'ਕਰਤਾ' ਨੂੰ ਇਸ ਪੁਸਤਕ ਵਿਚ ਬੜੀ ਸਫਲਤਾ ਪ੍ਰਾਪਤ ਹੋਈ ਹੈ — ਜਿਥੇ ਭਾਸ਼ਾ ਦੀ ਸਰਲਤਾ, ਸਹਿਜਤਾ ਮਨ ਨੂੰ ਛੂੰਹਦੀ ਹੈ, ਉਥੇ ਵਿਚਾਰਾਂ ਦੀ ਗੰਭੀਰਤਾ ਵੀ ਅੰਤਰਮਨ ਤੇ ਇਕ ਡੂੰਘਾ ਪ੍ਰਭਾਵ ਛਡ ਜਾਂਦੀ ਹੈ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਪੁਸਤਕ ਵਿਚ ਮੁਸ਼ਕਲ ਗੁੰਝਲਾਂ ਨੂੰ ਖੋਹਲਣ ਵਾਲੇ ਲੇਖਾਂ ਤੋਂ ਇਲਾਵਾ ਕਈ ਹੋਰ ਵੀ ਇਹੋ ਜਿਹੇ ਲੇਖ ਹਨ ਜੋ ਪਾਠਕਾਂ ਦੇ ਕਈ ਸ਼ੰਕੇ ਨਵਿਰਤ ਕਰ ਕੇ ਧਾਰਮਿਕ ਬਨਾਉਣ ਵਿਚ ਸਹਾਇਕ ਸਿੱਧ ਹੋਣਗੇ।

ਇਹ ਪੁਸਤਕ ਆਤਮ-ਸਾਇੰਸ ਟ੍ਰਸਟ ਵਲੋਂ ਪਰਚਾਰ ਹਿਤ ਛੇਵੀਂ ਵਾਰ ਛਪਾਈ ਜਾ ਰਹੀ ਹੈ। ਆਸ ਹੈ ਇਹ ਕਈ ਭਟਕ ਰਹੀਆਂ ਰੂਹਾਂ ਲਈ

ਚਾਨਣ ਮੁਨਾਰੇ ਦਾ ਕੰਮ ਕਰੇਗੀ, ਅਤੇ ਆਤਮਕ ਰਸਤਾ ਵਿਖਾਵੇਗੀ ਅਤੇ ਇਸ ਦੀ ਯੋਗ ਵਰਤੋਂ ਨਾਲ ਗੁਰਸਿਖ ਵਾਹਿਗੁਰੂ ਦੀ ਖੋਜ ਵਿਚ ਸਫਲਤਾ ਪ੍ਰਾਪਤ ਕਰਨਗੇ।

— ਆਤਮ ਸਾਇੰਸ ਪਰਿਵਾਰ ਵਲੋਂ

ਸਫਲ ਜੀਵਨ

ਤਜਰਬਾ ਸਿਖਾਂਦਾ ਹੈ ਕਿ ਸੁਧਾਰ ਦਾ ਕੰਮ ਸਦਾ ਸਾਡੇ ਅੰਦਰ ਹੁੰਦਾ ਹੈ। ਬਾਹਰ ਦੀ ਦੁਨੀਆਂ ਦੇ ਦੁਸ਼ਮਨਾਂ ਅਤੇ ਬਦੀ ਦੇ ਹਮਲਿਆਂ ਤੋਂ ਬਚਣ ਲਈ ਸਾਨੂੰ ਆਪਣੇ ਅੰਦਰਲੇ ਚਿੰਤਾ, ਫਿਕਰ, ਡਰ ਤੇ ਪਰੇਸ਼ਾਨੀ ਦੇ ਖਿਆਲਾਂ ਤੋਂ ਬਚਣਾ ਚਾਹੀਦਾ ਹੈ। ਸਾਨੂੰ, ਦੂਸਰੇ ਆਦਮੀਆਂ ਦਾ ਲਾਲਚ, ਬੇਈਮਾਨੀ, ਪਰੇਸ਼ਾਨੀ, ਖ਼ੁਦਗਰਜ਼ੀ ਨੁਕਸਾਨ ਨਹੀਂ ਪਹੁੰਚਾ ਸਕਦੀ। ਪਰ ਜੇ ਅਸੀਂ ਦੂਸਰਿਆਂ ਦੇ ਮਾੜੇ ਖਿਆਲਾਂ ਨੂੰ ਸਚਾ ਸਮਝੀਏ, ਕਬੂਲ ਕਰੀਏ, ਅਪਨਾਈਏ ਅਤੇ ਆਪਣੇ ਆਪ ਉਤੇ ਦੂਜਰਿਆਂ ਦੇ ਮਾੜੇ ਖਿਆਲਾਂ ਨੂੰ ਅਸਰ ਕਰਨ ਦੀ ਇਜਾਜ਼ਤ ਦੇਈਏ ਤਾਂ ਅਸੀਂ ਆਪਣੀ ਸਜ਼ਾ ਆਪ ਹੀ ਨੀਅਤ ਕਰਦੇ ਹਾਂ। ਕਿਸੇ ਆਦਮੀ ਦੇ ਮਾੜੇ ਖਿਆਲਾਂ ਨੂੰ ਜਾਂ ਮਾੜੀ ਚੀਜ਼ ਦੀ ਬੁਰਿਆਈ ਨੂੰ ਰੱਦ ਕਰ ਦੇਣ ਦੀ ਜਾਂ ਕਬੂਲ ਕਰ ਲੈਣ ਦੀ ਸਾਨੂੰ ਖੁਲ੍ਹ ਹੈ।

ਸਾਡੇ ਅੰਦਰ ਡਰ ਇਸ ਨਿਸਚੇ ਤੋਂ ਪੈਦਾ ਹੁੰਦਾ ਹੈ ਕਿ ਕਿਤੇ ਕੋਈ ਐਸੀ ਮਾੜੀ ਚੀਜ਼ ਜਾਂ ਐਸੀ ਮਾੜੀ ਤਾਕਤ ਹੈ ਜੋ ਸਾਨੂੰ ਨੁਕਸਾਨ ਪਹੁੰਚਾ ਸਕਦੀ ਹੈ। ਐਸੀ ਚੀਜ਼ ਜਾਂ ਐਸੀ ਤਾਕਤ ਦਾ ਵਾਸਤਵ ਵਿਚ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ। ਪਰ ਉਸ ਮਾੜੀ ਚੀਜ਼ ਜਾਂ ਤਾਕਤ ਸੰਬੰਧੀ ਸਾਡਾ ਇਹ ਨਿਸ਼ਚਾ ਕਿ ਉਹ ਸਾਨੂੰ ਨੁਕਸਾਨ ਪਹੁੰਚਾ ਸਕਦੀ ਹੈ, ਸਾਡੇ ਲਈ ਹਾਨੀਕਾਰਕ ਹੈ। ਕਿਸੇ ਐਸੀ ਚੀਜ਼ ਨੂੰ ਵੀ ਜੋ ਅਸਲ ਵਿਚ ਹੈ ਹੀ ਨਹੀਂ, ਅਸੀਂ ਆਪਣੇ ਵਲੋਂ ਸ਼ਕਤੀ ਦੇ ਕੇ ਇਤਨਾ ਬਲਵਾਨ ਬਣਾ ਸਕਦੇ ਹਾਂ ਕਿ ਉਹ ਸਾਨੂੰ ਨੁਕਸਾਨ ਪਹੁੰਚਾਵੇ ! ਇਹ ਨੁਕਸਾਨ ਸਾਨੂੰ ਪੈਦਾ ਕੀਤੇ ਹੋਏ ਡਰ ਤੋਂ ਪਹੁੰਚਦਾ ਹੈ ਨਾ ਕਿ ਉਸ ਚੀਜ਼ ਦੀ ਫਰਜ਼ੀ ਹਸਤੀ ਤੋਂ।

ਡਰ ਅਤੇ ਡਰ ਤੋਂ ਪੈਦਾ ਹੋਈ ਪਰੇਸ਼ਾਨੀ ਨੂੰ ਕੇਵਲ ਸਚਾਈ ਦੂਰ ਕਰ ਸਕਦੀ ਹੈ ਅਤੇ ਸਚਾਈ ਇਹ ਹੈ ਕਿ ਵਾਹਿਗੁਰੂ ਜੀ ਚੰਗੇ ਹਨ ਅਤੇ

ਚੰਗੇ ਵਾਹਿਗੁਰੂ ਜੀ ਤੋਂ ਸਭ ਚੰਗਿਆਈ ਪੈਦਾ ਹੁੰਦੀ ਹੈ। ਇਸ ਜਗਤ ਵਿਚ ਸਿਵਾਏ ਵਾਹਿਗੁਰੂ ਜੀ ਅਤੇ ਚੰਗਿਆਈ ਦੇ ਹੋਰ ਕੋਈ ਸਥਿਰ ਤੇ ਨਿੱਗਰ ਵਸਤੂ ਨਾ ਹੈ, ਨਾ ਹੋ ਸਕਦੀ ਹੈ। ਜੇਕਰ ਸਾਡਾ ਇਹ ਨਿਸ਼ਚਾ ਹੋ ਜਾਵੇ ਤਾਂ ਫਿਰ ਸਾਨੂੰ ਮੰਨਣਾ ਪਵੇਗਾ ਕਿ ਬਦੀ ਵਿਚ ਕੋਈ ਸਚਾਈ ਜਾਂ ਸ਼ਕਤੀ ਨਹੀਂ। ਜੇ ਵਾਹਿਗੂਰੂ ਹੀ ਵਾਹਿਗੂਰੂ ਸਭ ਪਾਸੇ ਹੈ ਤਾਂ ਬਦੀ ਜੋ ਵਾਹਿਗੁਰੂ ਦੇ ਉਲਟ ਹੈ, ਕਿਸ ਤਰ੍ਹਾਂ ਹੋ ਸਕਦੀ ਹੈ ? ਵਾਹਿਗੁਰੂ ਤੋਂ ਉਤਪੰਨ ਹੋਈ ਜਗਤ ਰਚਨਾ ਵਿਚ ਵਾਹਿਗੁਰੂ ਵਰਗੀਆਂ ਚੰਗੀਆਂ ਚੀਜ਼ਾਂ ਹੀ ਸਥਿਰ ਹੋ ਸਕਦੀਆਂ ਹਨ, ਵਾਹਿਗੁਰੂ ਤੋਂ ਵਿਰੋਧੀ ਚੀਜ਼ਾਂ ਵਿਚ ਨਿੱਗਰਤਾ ਜਾਂ ਸਚਾਈ ਨਹੀਂ ਹੋ ਸਕਦੀ। ਜੇਕਰ ਬਦੀ ਵਾਸਤਵ ਵਿਚ ਕੁਝ ਨਹੀਂ ਤਾਂ ਫਿਰ ਬਦੀ ਤੋਂ ਪੈਦਾ ਹੋਇਆ ਡਰ ਵੀ ਕੁਝ ਨਹੀਂ। ਇਸ ਲਈ ਬਦੀ ਅਤੇ ਬਦੀ ਦਾ ਡਰ ਕੇਵਲ ਅਗਿਆਨੀ ਮਨ ਨੂੰ ਭਾਸਦੇ ਹਨ ਜਿਸਨੂੰ ਇਹ ਪਤਾ ਨਹੀਂ ਕਿ ਜਗਤ ਰਚਨਾ ਵਾਹਿਗੁਰੂ ਤੋਂ ਉਤਪੰਨ ਹੋਣ ਕਰਕੇ ਵਾਹਿਗੁਰੂ ਰੂਪ ਹੈ ਅਤੇ ਚੰਗੀ ਹੈ।

ਭਾਵੇਂ ਇਹ ਸਚਿਆਈ ਸਾਨੂੰ ਪੂਰੀ ਤਰ੍ਹਾਂ ਸਮਝ ਨਹੀਂ ਆ ਸਕਦੀ ਪਰ ਫੇਰ ਵੀ ਇਸ ਸਚਿਆਈ ਦੇ ਚਾਨਣ ਵਿਚ ਤਕਿਆਂ ਸਾਡੀ ਦ੍ਰਿਸ਼ਟੀ ਹੀ ਬਦਲ ਜਾਂਦੀ ਹੈ ਅਤੇ ਅਸੀਂ ਬਦੀ (ਮਾਇਆ) ਤੋਂ ਆਪਣੇ ਆਪ ਨੂੰ ਬਚਾਅ ਸਕਦੇ ਹਾਂ। ਬਦੀ (ਮਾਇਆ) ਵਾਸਤਵ ਵਿਚ ਹੈ ਨਹੀਂ ਪਰ ਭਾਸਦੀ ਹੈ ਅਤੇ ਭਾਸਦੀ ਵੀ ਅਗਿਆਨੀ ਮਨ ਨੂੰ ਹੈ।

ਆਤਮਕ ਸਾਇੰਸਦਾਨਾਂ ਨੂੰ ਕਦੀ ਕੋਈ ਐਸਾ ਖਿਆਲ ਮਨ ਵਿਚ ਨਹੀਂ ਲਿਆਉਣਾ ਚਾਹੀਦਾ ਜਿਸ ਨੂੰ ਉਹ ਆਪਣੇ ਜੀਵਨ ਵਿਚ ਸਾਖਸ਼ਾਤ ਹੋ ਕੇ ਵਾਪਰਦਾ ਨਹੀਂ ਦੇਖਣਾ ਚਾਹੁੰਦੇ। ਖਤਰੇ ਦਾ, ਹਾਦਸੇ ਦਾ, ਅਸਫਲਤਾ ਦਾ, ਥੋੜ ਦਾ, ਪਰੇਸ਼ਾਨੀ ਚਿੰਤਾ ਫਿਕਰ ਦਾ ਆਪਣੇ ਮਨ ਵਿਚ ਕਦੀ ਖਿਆਲ ਨਾ ਲਿਆਵੇ ਕਿਉਂਕਿ ਤੁਹਾਡੇ ਮਨ ਵਿਚ ਜੋ ਖਿਆਲ ਆਉਣਗੇ ਉਹੋ ਤੁਹਾਡੀ ਜ਼ਿੰਦਗੀ ਵਿਚ ਪ੍ਰਤੱਖ ਹੋ ਕੇ ਭਾਸਣਗੇ। ਯਾਦ ਰਹੇ ਕਿ ਜਗਤ ਰਚਨਾ ਵਿਚ ਖਿਆਲਾਂ ਦੀ ਬਾਦਸ਼ਾਹੀ ਹੈ। ਸਾਡਾ ਵੱਡਾ ਫਰਜ਼ ਹੈ ਕਿ ਆਪਣੇ ਖਿਆਲਾਂ ਨੂੰ, ਆਪਣੇ ਨਿਸ਼ਚਿਆਂ ਨੂੰ ਦਰੁਸਤ ਰਖੀਏ ਕਿਉਂਕਿ ਇਹਨਾਂ ਨੇ ਹੀ ਸਾਡਾ ਅੰਦਰਲਾ ਤੇ ਬਾਹਰ ਦਾ ਜੀਵਨ ਢਾਲਣਾ ਹੈ।

ਤੁਹਾਨੂੰ ਭਵਿਖ ਦਾ ਜਾਂ ਆਉਣ ਵਾਲੇ ਸਮੇਂ ਦਾ ਇਸ ਕਰਕੇ ਡਰ

ਜਾਂ ਫਿਕਰ ਨਹੀਂ ਹੋਣਾ ਚਾਹੀਦਾ, ਕਿਉਂਕਿ ਤੁਹਾਡਾ ਬੀਤ ਰਿਹਾ ਸਮਾਂ ਵਾਹਿਗੁਰੂ ਵਰਗੀ ਚੰਗੀ, ਨੇਕ ਤੇ ਚੇਤਨ ਸ਼ਕਤੀ ਦੇ ਆਪਣੇ ਹਥ ਵਿਚ ਹੈ ਅਤੇ ਉਹੋ ਇਸਨੂੰ ਚਲਾ ਰਿਹਾ ਹੈ। ਤੁਹਾਡੇ ਜੀਵਨ ਦੀ ਅਸਲ ਸਚਾਈ ਇਹੋ ਹੈ। ਜਦ ਇਸ ਨੂੰ ਨਿਸ਼ਚੇ ਨਾਲ ਮਨ ਲਵੋ ਤਾਂ ਇਹ ਤੁਹਾਨੂੰ ਦ੍ਰਿੜਤਾ ਭਰੋਸਾ ਅਤੇ ਸ਼ਾਂਤੀ ਬਖਸ਼ੇਗੀ।

ਕੀ ਆਪ ਵਪਾਰੀ ਹੋ ?

ਜੇਕਰ ਆਪ ਵਪਾਰੀ (Businessman) ਹੋ ਤਾਂ ਆਪ ਦੀ ਕੁਦਰਤੀ ਖਾਹਿਸ਼ ਹੋਵੇਗੀ ਕਿ ਆਪ ਦੇ ਵਪਾਰ ਵਿਚ ਸਦਾ ਵਾਧਾ ਹੀ ਵਾਧਾ ਹੁੰਦਾ ਰਹੇ, ਕਦੀ ਘਾਟਾ ਨਾ ਪਵੇ। ਇਸ ਤੋਂ ਇਲਾਵਾ ਆਪ ਦੀ ਇਹ ਵੀ ਖਾਹਿਸ਼ ਹੋਵੇਗੀ ਕਿ ਆਪ ਦਾ ਵਪਾਰੀ ਦੁਨੀਆਂ ਵਿਚ ਬੜਾ ਮਾਣ ਹੋਵੇ, ਬੜਾ ਇਤਬਾਰ ਹੋਵੇ। ਇਕ ਹੋਰ ਵੀ ਆਪ ਦੀ ਖਾਹਿਸ਼ ਹੋਵੇਗੀ ਕਿ ਜੋ ਰੁਪਿਆ ਤੁਸੀਂ ਵਪਾਰ ਵਿਚੋਂ ਕਮਾਵੋ ਉਹ ਚੰਗੇ ਪਾਸੇ, ਖੁਸ਼ੀ ਤੇ ਸੁਖ ਦੇ ਕੰਮਾਂ ਵਿਚ ਖਰਚ ਹੋਵੇ ਅਤੇ ਦੁਖ ਰੋਗ ਬਿਮਾਰੀ ਚਿੰਤਾ ਆਦਿ ਮਾੜੇ ਪਾਸਿਆਂ ਵਿਚ ਖਰਚ ਨਾ ਹੋਵੇ। ਜੇਕਰ ਅਸੀਂ ਤੁਹਾਨੂੰ ਠੀਕ ਸਮਝਿਆ ਹੈ ਤਾਂ ਆਪ ਦੀ ਵਪਾਰ ਕਰਦਿਆਂ ਹੋਇਆਂ ਸਭ ਤੋਂ ਵਡੀ ਖਾਹਿਸ਼ ਇਹ ਹੈ ਕਿ ਤੁਸੀਂ ਵਪਾਰ ਦੇ ਜ਼ਰੀਏ ਬੜਾ ਸੁਖੀ, ਬੜਾ ਕਾਮਯਾਬ ਤੇ ਬੜਾ ਇੱਜ਼ਤ ਵਾਲਾ ਜੀਵਨ ਬਤੀਤ ਕਰ ਸਕੋ। ਕੀ ਆਪ ਨੂੰ ਪਤਾ ਹੈ ਕਿ ਆਪ ਦੀਆਂ ਸਾਰੀਆਂ ਖਾਹਿਸ਼ਾਂ ਗੁਰੂ ਗਰੰਥ ਜੀ ਦੀ ਸਿਖਸ਼ਾ ਅਨੁਸਾਰ ਜੀਵਨ ਬਤੀਤ ਕਰਨ ਨਾਲ ਛੇਤੀ ਤੇ ਚੰਗੀ ਤਰ੍ਹਾਂ ਪੂਰੀਆਂ ਹੋ ਸਕਦੀਆਂ ਹਨ ?

ਗੁਰੂ ਗਰੰਥ ਸਾਹਿਬ ਵਿਚ ਲਿਖਿਆ ਹੈ :

ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ।
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ।

ਜੇਕਰ ਤੁਸੀਂ ਗੁਰੂ ਗਰੰਥ ਜੀ ਵਿਚ ਲਿਖੇ ਇਸ ਮਹਾਂ ਵਾਕ ਨੂੰ ਸਮਝ ਕੇ ਇਸ ਉਤੇ ਭਰੋਸਾ ਕਰਨ ਦੀ ਦਲੇਰੀ ਕਰ ਸਕਦੇ ਹੋ, ਤਾਂ ਆਪ ਦੇਖੋਗੇ ਕਿ ਇਹ ਮਹਾਂ ਵਾਕ ਇਕ ਵਿਗਿਆਨਕ ਸਚਾਈ ਹੈ। ਇਸ ਮਹਾਂ

ਵਾਕ ਉਤੇ ਭਰੋਸਾ ਰਖਣ ਦਾ ਪਹਿਲਾ ਅਸਰ ਆਪ ਦੀ ਤਬੀਅਤ ਤੇ ਇਹ ਹੋਵੇਗਾ ਕਿ ਤੁਸੀਂ ਵਪਾਰ ਵਿਚ ਕਾਮਯਾਬੀ ਜਾਂ ਤਰੱਕੀ ਦਾ ਵਸੀਲਾ ਵਾਹਿਗੁਰੂ ਨੂੰ ਸਮਝੋਗੇ। ਆਪਣੇ ਵਪਾਰ ਨੂੰ ਨਹੀਂ ਸਮਝੋਗੇ। ਤੁਸੀਂ ਵਪਾਰ ਕਰੋਗੇ ਜ਼ਰੂਰ ਪਰ ਵਪਾਰ ਵਿਚ ਤਰੱਕੀ ਦੇਣ ਵਾਲਾ ਵਾਹਿਗੁਰੂ ਨੂੰ ਸਮਝੋਗੇ। ਜਦ ਤੁਹਾਨੂੰ ਯਕੀਨ ਹੋ ਜਾਵੇਗਾ ਕਿ ਤੁਹਾਡੇ ਵਪਾਰ ਵਿਚ ਤੁਹਾਡੇ ਵਾਹਿਗੁਰੂ ਨੇ ਤੁਹਾਨੂੰ ਸਫਲਤਾ ਦੇਣੀ ਹੈ ਤਾਂ ਤੁਸੀਂ ਵਪਾਰ ਨਾਲੋਂ ਵਧੇਰੇ ਪਰਵਾਹ ਵਾਹਿਗੁਰੂ ਦੀ ਕਰੋਗੇ। ਜਦ ਤੁਸੀਂ ਵਾਹਿਗੁਰੂ ਦੀ ਜ਼ਿਆਦਾ ਪਰਵਾਹ ਕਰੋਗੇ ਅਤੇ ਵਪਾਰ ਵਿਚ ਸਫਲਤਾ ਦਾ ਕਾਰਨ ਵਾਹਿਗੁਰੂ ਦੀ ਕਿਰਪਾ ਨੂੰ ਸਮਝੋਗੇ ਤਾਂ ਤੁਹਾਨੂੰ ਵਪਾਰ ਚਲਾਂਦੇ ਹੋਏ ਹਰ ਵੇਲੇ ਵਾਹਿਗੁਰੂ ਜੀ ਦੀ ਖੁਸ਼ੀ ਦਾ ਖਿਆਲ ਹੋਵੇਗਾ।

ਗੁਰੂ ਗਰੰਥ ਸਾਹਿਬ ਜੀ ਜਿਥੇ ਦਸਦੇ ਹਨ ਕਿ ਵਾਹਿਗੁਰੂ ਇੱਛਾ ਪੂਰਨ ਕਰਨ ਵਾਲਾ ਹੈ, ਉਥੇ ਇਹ ਵੀ ਦਸਦੇ ਹਨ ਕਿ ਉਹ ਹਰ ਜਗ੍ਹਾ ਵਿਚ, ਹਰ ਦਿਲ ਵਿਚ, ਹਰ ਇਨਸਾਨ ਅੰਦਰ ਮੌਜੂਦ ਹੈ। ਜਦ ਆਪ ਨੂੰ ਇਸ ਬਾਤ ਦਾ ਨਿਸਚਾ ਹੋ ਗਿਆ ਕਿ ਤੁਹਾਡੇ ਵਪਾਰ ਨਾਲ ਸੰਬੰਧ ਰਖਣ ਵਾਲੇ ਸਾਰੇ ਇਨਸਾਨਾਂ ਵਿਚ ਵਾਹਿਗੁਰੂ ਮੌਜੂਦ ਹੈ ਤਾਂ ਤੁਸੀਂ ਵਪਾਰ ਕਰਦੇ ਹੋਏ ਕਿਸੇ ਆਦਮੀ ਨੂੰ ਧੋਖਾ ਦੇਣਾ ਵਾਹਿਗੁਰੂ ਨੂੰ ਧੋਖਾ ਦੇਣਾ ਸਮਝੋਗੇ। ਪਰ ਤੁਹਾਡਾ ਨਿਸ਼ਾਨਾ ਕਾਮਯਾਬ ਵਪਾਰੀ ਬਣਨਾ ਹੈ ਅਤੇ ਵਪਾਰ ਦੀ ਕਾਮਯਾਬੀ ਗੁਰੂ ਗਰੰਥ ਦੀ ਸਿਖਿਆ ਅਨੁਸਾਰ ਵਾਹਿਗੁਰੂ ਤੋਂ ਮਿਲਣੀ ਹੈ, ਇਸ ਵਾਸਤੇ ਤੁਸੀਂ ਵਪਾਰ ਅੰਦਰ ਕਿਸੇ ਆਦਮੀ ਨੂੰ ਧੋਖਾ ਦੇਣਾ, ਕਿਸੇ ਆਦਮੀ ਦਾ ਨੁਕਸਾਨ ਕਰਨਾ, ਕਿਸੇ ਦੀ ਨਾ-ਵਾਕਫੀਅਤ ਤੋਂ ਫਾਇਦਾ ਉਠਾਣਾ, ਵਾਹਿਗੁਰੂ ਨਾਲ ਧੋਖਾ ਕਰਨਾ ਅਤੇ ਕਾਮਯਾਬੀ ਵਿਚ ਵੱਡਾ ਰੋੜਾ ਅਟਕਾਣਾ ਸਮਝੋਗੇ।

ਜਦ ਆਪ ਨੇ ਫੈਸਲਾ ਕਰ ਲੀਤਾ ਕਿ ਵਪਾਰ ਅੰਦਰ ਕਿਸੇ ਨੂੰ ਧੋਖਾ ਨਹੀਂ ਦੇਣਾ ਤਾਂ ਹੌਲੀ ਹੌਲੀ ਵਪਾਰਕ ਦੁਨੀਆਂ ਵਿਚ ਤੁਹਾਡਾ ਇਹ ਸੰਕਲਪ ਬੜੀ ਤੇਜ਼ੀ ਨਾਲ ਫੈਲ ਜਾਵੇਗਾ ਅਤੇ ਇਤਬਾਰ ਬਝ ਜਾਵੇਗਾ। ਵਪਾਰਕ ਦੁਨੀਆਂ ਵਿਚ ਇਤਬਾਰ ਬੜੀ ਭਾਰੀ ਚੀਜ਼ ਹੈ। ਆਪ ਨੂੰ ਵਪਾਰਕ ਦੁਨੀਆਂ ਦੇ ਵੱਡੇ ਵੱਡੇ ਬੈਂਕ ਅਤੇ ਧਨਾਢ ਆਦਮੀ ਜਿਤਨਾ ਚਾਹੋਗੇ ਉਤਨਾ ਹੀ ਰੁਪਿਆ ਬੜੀਆਂ ਆਸਾਨ ਤੇ ਲਾਭਵੰਦ ਸ਼ਰਤਾਂ ਉਤੇ ਦੇਣ ਨੂੰ ਤਿਆਰ

ਹੋ ਜਾਣਗੇ। ਜਦ ਆਪ ਨੂੰ ਰੁਪਿਆ ਹਾਸਲ ਕਰਨ ਦੀਆਂ ਪੂਰੀਆਂ ਸਹੂਲਤਾਂ ਪਰਾਪਤ ਹੋ ਗਈਆਂ ਤਾਂ ਤੁਹਾਨੂੰ ਮਾਰਕੀਟ ਵਿਚੋਂ, ਜਿਸ ਚੀਜ਼ ਦੇ ਵੀ ਤੁਸੀਂ ਵਪਾਰੀ ਹੋ, ਉਹ ਚੀਜ਼ ਸਸਤੇ ਭਾਅ ਉਤੇ ਖਰੀਦਣ ਦਾ ਮੌਕਾ ਮਿਲ ਜਾਵੇਗਾ।

ਕਿਉਂਕਿ ਤੁਸੀਂ ਕਿਸੇ ਨੂੰ ਧੋਖਾ ਨਹੀਂ ਦੇਣਾ, ਨਾ ਹੀ ਕਿਸੇ ਦੀ ਨਾ-ਵਾਕਫੀ ਦਾ ਫਾਇਦਾ ਉਠਾਣਾ ਹੈ, ਇਸ ਲਈ ਤੁਸੀਂ ਆਪਣੀਆਂ ਚੀਜ਼ਾਂ ਨੂੰ ਜਾਂ ਆਪਣੇ ਮਾਲ ਨੂੰ ਬਜ਼ਾਰ ਵਿਚ ਘਟ ਤੋਂ ਘਟ ਮੁਨਾਫੇ ਤੇ ਵੇਚਣ ਲਈ ਪੇਸ਼ ਕਰੋਗੇ। ਇਸ ਦਾ ਨਤੀਜਾ ਇਹ ਨਿਕਲੇਗਾ ਕਿ ਤੁਹਾਡੀ ਚੀਜ਼ ਜਾਂ ਤੁਹਾਡਾ ਮਾਲ ਬਹੁਤ ਜ਼ਿਆਦਾ ਮਿਕਦਾਰ ਵਿਚ ਵਿਕਣਾ ਸ਼ੁਰੂ ਹੋ ਜਾਵੇਗਾ। ਘਟ ਮੁਨਾਫੇ ਅਤੇ ਜ਼ਿਆਦਾ ਵਿਕਰੀ ਦੇ ਅਨੁਸਾਰ ਵਪਾਰ ਕੀਤਿਆਂ ਤੁਸੀਂ ਵਪਾਰ ਵਿਚ ਬੜੇ ਕਾਮਯਾਬ ਆਦਮੀ ਬਣ ਗਏ ਹੋ।

ਜੇਕਰ ਤੁਸੀਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਿਖਸ਼ਾ ਨੂੰ ਕੇਵਲ ਮੱਥਾ ਟਕਣ ਵਾਲੀ ਅਤੇ ਮੱਥਾ ਟੇਕ ਕੇ ਭੁਲ ਜਾਣ ਵਾਲੀ ਸਿਖਸ਼ਾ ਨਾ ਸਮਝਿਆ ਅਤੇ ਇਸ ਤੇ ਇਤਬਾਰ ਕਰਕੇ ਇਸ ਸਿਖਸ਼ਾ ਨੂੰ ਜੀਵਨ ਦਾ ਸਾਥੀ, ਆਪਣੇ ਵਪਾਰ ਦਾ ਸਾਥੀ ਮੰਨ ਲੀਤਾ ਤਾਂ ਕਿਸੇ ਦਿਨ ਦੇਖੋਗੇ ਕਿ ਤੁਸੀਂ ਵਪਾਰਕ ਦੁਨੀਆਂ ਵਿਚ ਕੇਵਲ ਕਾਮਯਾਬ ਵਪਾਰੀ ਹੀ ਨਹੀਂ ਬਣੇ ਬਲਕਿ ਇਕ ਸਤਿਕਾਰਯੋਗ ਤੇ ਭਰੋਸੇਯੋਗ ਹਸਤੀ ਵੀ ਮੰਨੇ ਜਾਵੋਗੇ। ਇਸ ਤਰੀਕੇ ਨਾਲ ਕੀਤੀ ਵਪਾਰ ਦੀ ਤਰੱਕੀ ਤੋਂ ਪੈਦਾ ਹੋਇਆ ਧਨ ਤੁਹਾਨੂੰ ਵਧ ਤੋਂ ਵਧ ਸੁਖ ਪੁਚਾਣ ਦਾ ਕਾਰਨ ਹੋਵੇਗਾ।

ਗੁਰੂ ਗਰੰਥ ਜੀ ਦੀ ਸਿਖਸ਼ਾ ਅਨੁਸਾਰ ਅਮਲ ਕਰਨ ਵਾਲਾ ਵਪਾਰੀ ਆਪਣੇ ਵਪਾਰ ਦੀ ਸਫਲਤਾ ਨੂੰ ਆਪਣੀ ਹਿੰਮਤ, ਮਿਹਨਤ ਤੇ ਅਕਲ ਦਾ ਨਤੀਜਾ ਨਹੀਂ ਸਮਝੇਗਾ, ਕਿਉਂਕਿ ਗੁਰੂ ਨਾਨਕ ਦੀ ਸਿਖਸ਼ਾ ਅਨੁਸਾਰ ਇਨਸਾਨ ਨੂੰ ਹਿੰਮਤ, ਮਿਹਨਤ ਅਤੇ ਅਕਲ ਵੀ ਵਾਹਿਗੁਰੂ ਪਾਸੋਂ ਹੀ ਮਿਲਦੀਆਂ ਹਨ। ਇਸ ਲਈ ਉਹ ਹੰਕਾਰੀ ਨਹੀਂ ਹੋਵੇਗਾ ਸਗੋਂ ਆਪਣੀ ਵਪਾਰਕ ਸਫਲਤਾ ਨੂੰ ਵਾਹਿਗੂਰੂ ਦੀ ਕਿਰਪਾ ਦਾ ਨਤੀਜਾ ਸਮਝੇਗਾ, ਇਸ ਲਈ ਉਹ ਵਪਾਰਕ ਤਰੱਕੀ ਨੂੰ ਪਿਆਰ ਨਹੀਂ ਕਰੇਗਾ ਸਗੋਂ ਇਸ ਦੇ ਦਾਤਾ ਵਾਹਿਗੂਰੂ ਨੂੰ ਦਿਨੋ ਦਿਨ ਵਧੇਰੇ ਪਿਆਰ ਕਰੇਗਾ। ਇਸ ਦਾ ਨਤੀਜਾ ਇਹ ਨਿਕਲੇਗਾ ਕਿ ਉਹ ਆਪਣਾ ਜੀਵਨ ਵੀ ਸਫਲ ਵਪਾਰੀ ਬਣ ਕੇ ਬਤੀਤ

ਕਰੇਗਾ ਅਤੇ ਆਪਣੇ ਵਾਹਿਗੁਰੂ ਨੂੰ ਸਦਾ ਯਾਦ ਰਖਣ ਦੇ ਕਾਰਨ, ਆਪਣੇ ਅੰਤ ਸਮੇਂ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਜੀਵਨ ਦੇ ਇਸ ਪਾਸੇ ਵੀ ਅਤੇ ਜੀਵਨ ਦੇ ਉਸ ਪਾਸੇ ਵੀ ਸਹਾਈ ਦੇਖੇਗਾ।

ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ।
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ।

ਕੀ ਆਪ .ਗਰੀਬ ਹੋ, ਨਿਰਧਨ ਹੋ ?

ਜੇਕਰ ਆਪ .ਗਰੀਬ ਹੋ ਜਾਂ ਨਿਰਧਨ ਹੋ ਤਾਂ ਆਪ ਦੇ ਦਿਲ ਵਿਚ ਕੁਦਰਤੀ ਤੌਰ ਉਤੇ ਖਾਹਿਸ਼ ਹੋਵੇਗੀ ਕਿ ਕਿਸੇ ਤਰ੍ਹਾਂ ਤੁਹਾਡੀ .ਗਰੀਬੀ ਅਮੀਰੀ ਵਿਚ ਤਬਦੀਲ ਹੋ ਜਾਵੇ, ਤੁਹਾਡੇ ਪਾਸ ਇਤਨਾ ਧਨ ਹੋ ਜਾਵੇ ਜਿਸ ਨਾਲ ਤੁਸੀਂ ਆਪਣੀਆਂ ਜਾਇਜ਼ ਜ਼ਰੂਰਤਾਂ ਸਹੂਲੀਅਤ ਨਾਲ ਪੂਰੀਆਂ ਕਰ ਸਕੋ, ਤੁਹਾਡੇ ਜੀਵਨ ਵਿਚ ਥੋੜ ਤੋਂ ਪੈਦਾ ਹੋਈ ਚਿੰਤਾ ਫ਼ਿਕਰ ਨਾ ਰਹੇ।

ਇਸ ਆਸ਼ੇ ਨੂੰ ਪੂਰਿਆਂ ਕਰਨ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿਖਿਆ ਆਪ ਦੀ ਬੜੀ ਸਹਾਇਤਾ ਕਰ ਸਕਦੀ ਹੈ। ਸਭ ਤੋਂ ਪਹਿਲੇ ਤੁਹਾਨੂੰ ਇਹ ਨਿਸ਼ਚਾ ਹੋਣਾ ਚਾਹੀਦਾ ਹੈ ਕਿ ਦੁਨੀਆਂ ਵਿਚ ਜ਼ਿੰਦਗੀ ਦੇ ਸਾਧਾਰਨ ਸੁਖਾਂ ਦੀ ਖਾਹਿਸ਼ ਰਖਣੀ ਕੋਈ ਮਾੜਾ ਕੰਮ ਨਹੀਂ, ਸਗੋਂ ਜੀਵਨ ਯਾਤਰਾ ਨੂੰ ਸਫਲ ਬਨਾਉਣ ਵਾਸਤੇ ਕਿਸੇ ਹੱਦ ਤਕ ਜ਼ਰੂਰੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿਖਿਆ ਅਨੁਸਾਰ ਗੁਰਮੁਖ ਲੋਕ ਦੁਨੀਆਂ ਵਿਚ ਰਹਿੰਦੇ ਹੋਏ ਦੁਨੀਆਂ ਦੇ ਸਾਧਾਰਨ ਸਾਰੇ ਸੁਖ ਭੋਗਦੇ ਹਨ, ਅਤੇ ਇਹਨਾਂ ਸੁਖਾਂ ਨੂੰ ਭੋਗਦੇ ਹੋਏ, ਸੁਖਾਂ ਵਿਚ .ਗਲਤਾਨ ਨਹੀਂ ਹੁੰਦੇ, ਸੁਖਾਂ ਨਾਲ ਮੋਹ ਨਹੀਂ ਪਾਉਂਦੇ, ਸਗੋਂ ਵਾਹਿਗੁਰੂ ਦੇ ਦਿਤੇ ਸੁਖ, ਵਾਹਿਗੁਰੂ ਦੀਆਂ ਦਾਤਾਂ ਨੂੰ ਆਪ ਭੋਗਦੇ ਹੋਏ, ਵਾਹਿਗੁਰੂ ਦੀਆਂ ਦਾਤਾਂ ਨੂੰ ਲੋਕਾਂ ਵਿਚ ਵੰਡਦੇ ਹੋਏ, ਵਾਹਿਗੁਰੂ ਦਾ ਸ਼ੁਕਰ ਕਰਦੇ ਅਤੇ ਵਾਹਿਗੁਰੂ ਨੂੰ ਹਰ ਦਮ ਯਾਦ ਰਖਦੇ ਹਨ।

ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥
ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ॥
ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ॥

(ਸਲੋਕ ਮਹਲਾ ੧)

ਸ੍ਰੀ ਗੁਰੂ ਨਾਨਕ ਸਾਹਿਬ ਦੇ ਉਕਤ ਮਹਾਂਵਾਕ ਵਿਚ ਅੱਖਰ 'ਤੋਟਿ' ਨੂੰ ਚੰਗੀ ਤਰ੍ਹਾਂ ਨੋਟ ਕਰਨਾ ਚਾਹੀਦਾ ਹੈ। 'ਤੋਟਿ' ਦੇ ਅਰਥ ਹਨ ਥੋੜ (lack)। 'ਤੋਟਿ' ਦੇ ਮੁਕਾਬਲੇ ਤੇ ਅੱਖਰ ਬਹੁਤਾਤ, ਕਸਰਤ (abundance) ਹੈ।

ਉਕਤ ਗੁਰਵਾਕ ਨੂੰ ਸਮਝਣ ਨਾਲ ਤੁਹਾਡੀ ਗ਼ਰੀਬੀ, ਅਮੀਰੀ ਵਿਚ ਤਬਦੀਲ ਹੋ ਜਾਵੇਗੀ, ਤੁਹਾਡੀ 'ਤੋਟਿ' ਜਾਂ 'ਥੋੜ' (lack), ਕਸਰਤ ਬਹੁਤਾਤ (abundance) ਵਿਚ ਤਬਦੀਲ ਹੋ ਜਾਵੇਗੀ। ਜੇਕਰ ਤੁਸੀਂ ਉਕਤ ਮਹਾਂ ਵਾਕ ਨੂੰ ਸਹੀ ਅਰਥਾਂ ਵਿਚ ਸਮਝ ਜਾਵੋ ਅਤੇ ਇਸ ਸਮਝ ਉਤੇ ਭਰੋਸਾ ਕਰੋ ਤਾਂ ਤੁਹਾਨੂੰ ਅਮੀਰ ਬਨਣ ਵਾਸਤੇ ਬਹੁਤੀ ਖੇਚਲ ਨਹੀਂ ਕਰਨੀ ਪਵੇਗੀ।

ਉਕਤ ਗੁਰਵਾਕ ਨੂੰ ਚੰਗੀ ਤਰ੍ਹਾਂ ਸਮਝਣ ਤੋਂ ਸਾਡੀ ਮੁਰਾਦ ਇਹ ਨਹੀਂ ਕਿ ਤੁਸੀਂ ਉਕਤ ਮਹਾਂ ਵਾਕ ਦੇ ਕੇਵਲ ਅਰਥ ਹੀ ਸਮਝੋ। ਐਸਾ ਕਰਨਾ ਬਿਲਕੁਲ ਮੁਸ਼ਕਲ ਨਹੀਂ ਕਿਉਂਕਿ ਉਕਤ ਗੁਰਵਾਕ ਵਿਚ ਕੋਈ ਔਖਾ ਅੱਖਰ ਨਹੀਂ। ਫੇਰ ਸਾਡੀ ਉਕਤ ਗੁਰਵਾਕ ਨੂੰ ਚੰਗੀ ਤਰ੍ਹਾਂ ਸਮਝਣ ਤੋਂ ਕੀ ਮੁਰਾਦ ਹੈ ? ਇਸ ਦਾ ਉੱਤਰ ਦੇਣ ਤੋਂ ਪਹਿਲਾਂ ਆਓ ਜ਼ਰਾ ਉਕਤ ਗੁਰਵਾਕ ਨੂੰ ਫੇਰ ਦੁਹਰਾਈਏ। ਗੁਰੂ ਨਾਨਕ ਸਾਹਿਬ ਦਸਦੇ ਹਨ ਕਿ ਜਿਹੜੇ ਮਨੁੱਖ ਹਰੀ ਦੇ ਨਾਮ ਨੂੰ ਧਿਆਂਵਦੇ ਹਨ ਉਹਨਾਂ ਨੂੰ ਕਿਸੇ ਪ੍ਰਕਾਰ ਦੀ ਤੋਟਿ ਨਹੀਂ ਆਉਂਦੀ। ਉਹਨਾਂ ਪਾਸ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਕੇ ਮਾਇਆ ਵਧ ਰਹਿੰਦੀ ਹੈ, ਜਿਸ ਨਾਲ ਉਹ ਦੂਸਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਕੇ, ਉਹਨਾਂ ਨੂੰ ਵੀ ਸੁਖੀ ਬਣਾਉਂਦੇ ਰਹਿੰਦੇ ਹਨ। ਗੁਰਮੁਖਾਂ ਲਈ ਧਨੀ ਹੋਣਾ ਕੋਈ ਮਾੜੀ ਗਲ ਨਹੀਂ ਸਗੋਂ ਉਹਨਾਂ ਲਈ ਇਹ ਇਕ ਪਵਿਤਰ ਕੰਮ ਹੈ, ਕਿਉਂਕਿ ਗੁਰਮੁਖ ਆਪ ਧਨੀ ਹੋ ਕੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਕੇ ਸੁਖ ਮਾਣਦੇ ਹਨ ਅਤੇ ਹਰੀ ਦੇ ਅਰਥ, ਨੇਕੀ ਅਤੇ ਪਰਉਪਕਾਰ ਦੇ ਰਸਤੇ ਉਤੇ ਆਪਣਾ ਧਨ ਵਰਤ ਕੇ ਲੋਕਾਂ ਨੂੰ ਸੁਖੀ ਬਣਾਂਦੇ ਹਨ।

ਉਕਤ ਗੁਰਵਾਕ ਅਨੁਸਾਰ ਗੁਰਮੁਖ ਲੋਕ ਆਪ ਧਨੀ ਅਤੇ ਪਰ-ਉਪਕਾਰੀ ਕੇਵਲ ਹਰੀ ਦਾ ਨਾਮ ਜਪ ਕੇ ਹੁੰਦੇ ਹਨ, ਦੂਸਰੇ ਅੱਖਰਾਂ ਵਿਚ ਹਰੀ ਦਾ ਨਾਮ ਜਪਣਾ ਗੁਰਮੁਖ ਨੂੰ ਥੋੜ, ਤੋਟਿ ਤੋਂ ਆਜ਼ਾਦ ਕਰਦਾ ਅਤੇ ਧਨੀ ਜਾਂ ਅਮਰ ਬਣਾ ਦੇਂਦਾ ਹੈ। ਗੁਰਵਾਕ ਦਾ ਤੱਤ ਜਾਂ ਨਚੋੜ ਕੀ

ਨਿਕਲਿਆ ? ਇਹ ਕਿ .ਗਰੀਬ ਨੂੰ ਅਮੀਰ ਬਨਣ ਵਾਸਤੇ ਵਾਹਿਗੁਰੂ ਦਾ ਨਾਮ ਜਪਣਾ ਚਾਹੀਦਾ ਹੈ। ਨਾਮ ਜਪਣ ਨਾਲ .ਗਰੀਬ ਇਤਨਾ ਅਮੀਰ ਹੋ ਜਾਵੇਗਾ ਕਿ ਆਪ ਵੀ ਸੁਖੀ ਰਹੇ ਅਤੇ ਦੂਸਰੇ ਲੋਕਾਂ ਦੀ ਸਹਾਇਤਾ ਕਰਕੇ ਉਹਨਾਂ ਨੂੰ ਵੀ ਸੁਖੀ ਬਣਾਵੇ।

ਨਾਮ ਜਪਣ ਨਾਲ ਗਰੀਬ ਕਿਸ ਤਰ੍ਹਾਂ ਅਤੇ ਕਿਉਂ ਅਮੀਰ ਹੋ ਜਾਂਦਾ ਹੈ ? ਜੇਕਰ ਅਸੀਂ ਇਸ ਭੇਤ ਨੂੰ ਸਮਝ ਜਾਈਏ ਅਤੇ ਨਾਮ ਜਪਣ ਲਗ ਜਾਈਏ ਤਾਂ ਅਸੀਂ ਆਪਣੀ .ਗਰੀਬੀ ਨੂੰ ਅਮੀਰੀ ਵਿਚ ਤਬਦੀਲ ਹੁੰਦਿਆਂ ਹੈਰਾਨੀ ਭਰੀ ਪ੍ਰਸੰਨਤਾ ਨਾਲ ਦੇਖਾਂਗੇ। ਨਾਮ ਜਪਣ ਜਾਂ ਯਾਦ ਕਰਨ ਦੀ ਫ਼ਿਲਾਸਫੀ ਇਹ ਹੈ ਕਿ ਜਿਸ ਨੂੰ ਕੋਈ ਯਾਦ ਕਰੇ ਉਸ ਦੀਆਂ ਸਿਫ਼ਤਾਂ ਜਾਂ ਬੁਰਾਈਆਂ ਦਾ ਰੰਗ ਚੜ੍ਹ ਜਾਂਦਾ ਹੈ ਅਤੇ ਉਹ ਵੀ ਉਹੋ ਕੁਝ ਹੋ ਜਾਂਦਾ ਹੈ ਜਿਸ ਨੂੰ ਕਿ ਉਹ ਯਾਦ ਕਰੇ। ਜੇਕਰ ਤੁਸੀਂ ਬਹਾਦਰਾਂ ਨੂੰ ਸਦਾ ਯਾਦ ਕਰੋ, ਸੂਰਮਿਆਂ ਦੀਆਂ ਸਦਾ ਗੱਲਾਂ ਕਰੋ, ਉਹਨਾਂ ਦੇ ਸਦਾ ਜਸ ਗਾਵੋ ਤਾਂ ਤੁਸੀਂ ਆਪ ਬਹਾਦਰ ਹੋ ਜਾਵੋਗੇ। ਇਸ ਦੇ ਉਲਟ ਜੇਕਰ ਤੁਸੀਂ ਚੋਰਾਂ ਨੂੰ ਸਦਾ ਯਾਦ ਕਰੋ, ਚੋਰਾਂ ਨੂੰ ਚੰਗਿਆਂ ਸਮਝੋ, ਚੋਰਾਂ ਦੀ ਸੰਗਤ ਵਿਚ ਜੀਵਨ ਬਤੀਤ ਕਰੋ ਤਾਂ ਤੁਸੀਂ ਖ਼ੁਦ ਚੋਰੀ ਨੂੰ ਪਸੰਦ ਕਰਨ ਲਗ ਜਾਵੋਗੇ ਅਤੇ ਜੇਕਰ ਤੁਹਾਡੀ ਯਾਦ ਕਾਇਮ ਰਹੇ ਤਾਂ ਖ਼ੁਦ ਚੋਰ ਬਣ ਜਾਵੋਗੇ। ਇਸੇ ਅਸੂਲ ਅਨੁਸਾਰ ਜੇਕਰ ਤੁਸੀਂ ਹਰੀ ਨੂੰ ਜਾਂ ਵਾਹਿਗੁਰੂ ਨੂੰ ਸਦਾ ਯਾਦ ਕਰੋ, ਵਾਹਿਗੁਰੂ ਦੀਆਂ ਸਦਾ ਗਲਾਂ ਕਰੋ, ਵਾਹਿਗੁਰੂ ਨੂੰ ਚੰਗਾ ਸਮਝੋ, ਵਾਹਿਗੁਰੂ ਦੇ ਗੁਣ ਸਦਾ ਗੁਰਬਾਣੀ ਪੜ੍ਹ ਪੜ੍ਹ ਕੇ ਆਪਣੇ ਮਨ ਦੇ ਸਾਹਮਣੇ ਲਿਆਉਂਦੇ ਰਹੋ ਤਾਂ ਤੁਹਾਡੇ ਉਤੇ ਵਾਹਿਗੁਰੂ ਦਾ ਰੰਗ, ਵਾਹਿਗੁਰੂ ਦੀਆਂ ਸਿਫ਼ਤਾਂ ਦਾ ਅਸਰ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਤੁਸੀਂ ਹੌਲੀ ਹੌਲੀ ਵਾਹਿਗੁਰੂ ਵਰਗੇ ਹੁੰਦੇ ਚਲੇ ਜਾਵੋਗੇ। ਵਾਹਿਗੁਰੂ ਆਪ ਅਮੀਰਾਂ ਦਾ ਅਮੀਰ, ਧਨੀਆਂ ਦਾ ਧਨੀ, ਸ਼ਾਹਾਂ ਦਾ ਸ਼ਾਹ ਹੈ, ਉਸ ਨੂੰ ਥੋੜ (lack) ਦਾ ਪਤਾ ਤਕ ਨਹੀਂ ਕਿ ਕੀ ਹੁੰਦੀ ਹੈ ? ਇਸ ਲਈ ਉਸ ਨਾਲ ਸਚੇ ਦਿਲੋਂ ਪਿਆਰ ਤੇ ਸਿਦਕ ਨਾਲ ਯਾਦ ਕਰਨ ਵਾਲਾ ਵੀ ਗਰੀਬ ਤੋਂ ਖ਼ੁਦ-ਬਖ਼ੁਦ ਅਮੀਰ ਬਨਣਾ ਸ਼ੁਰੂ ਹੋ ਜਾਂਦਾ ਹੈ। ਗੁਰਬਾਣੀ ਦੁਆਰਾ ਵਾਹਿਗੁਰੂ ਦੇ ਜਸ ਪੜ੍ਹਨ ਵਾਲੇ ਅਤੇ ਵਾਹਿਗੁਰੂ ਦੇ ਨਾਮ ਨੂੰ ਸਦਾ ਜਪਣ ਵਾਲੇ ਆਦਮੀ ਦਾ ਪਹਿਲੇ ਮਨ ਅਮੀਰ ਹੋਵੇਗਾ, ਖ਼ਿਆਲ ਅਤੇ ਨਿਸ਼ਚੇ ਅਮੀਰ ਹੋਣਗੇ, ਫੇਰ ਕਰਮ ਅਮੀਰ

ਹੋਵੇਗਾ, ਖ਼ਿਆਲ ਅਤੇ ਨਿਸ਼ਚੇ ਅਮੀਰ ਹੋਣਗੇ, ਫੇਰ ਕਰਮ ਅਮੀਰ ਹੋਣਗੇ, ਫੇਰ ਸਾਰਾ ਜੀਵਨ ਅਮੀਰ ਹੋ ਜਾਵੇਗਾ।

ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਲੀਮ ਕੇਵਲ ਮਰਨ ਪਿਛੋਂ ਹੀ ਕੰਮ ਨਹੀਂ ਆਉਂਦੀ, ਇਹ ਇਨਸਾਨ ਦੇ ਜੀਵਨ ਨੂੰ ਹਰ ਪਰਕਾਰ ਤੋਂ ਸਫਲ ਤੇ ਸੁਖੀ ਬਨਾਉਣ ਵਿਚ ਸਹਾਈ ਹੁੰਦੀ ਹੈ। ਗਰੀਬ ਜੇਕਰ ਸ੍ਰੀ ਗੁਰੂ ਗਰੰਥ ਸਾਹਿਬ ਦੀ ਰੌਸ਼ਨੀ ਵਿਚ ਜੀਵਨ ਬਤੀਤ ਕਰਨ ਲਗ ਪਵੇ ਤਾਂ ਉਹ ਦੇਖੇਗਾ ਕਿ ਉਸ ਦੇ ਆਲੇ ਦੁਆਲੇ ਦੇ ਸਭ ਹਾਲਾਤ ਬਦਲ ਗਏ ਹਨ, ਉਸਦੇ ਦੁਸ਼ਮਣ, ਦੋਸਤ ਬਣ ਗਏ ਹਨ, ਉਸ ਨੂੰ ਨਫ਼ਰਤ ਕਰਨ ਵਾਲੇ ਲੋਕ ਉਸਦਾ ਸਤਿਕਾਰ ਕਰ ਰਹੇ ਹਨ, ਉਸਦੇ ਮਿਤਰ, ਉਸ ਨੂੰ ਖ਼ੁਸ਼ ਕਰਨ, ਉਸਦੀ ਸਹਾਇਤਾ ਕਰਨ ਦੇ ਚਾਹਵਾਨ ਬਣ ਗਏ ਹਨ। ਉਹ ਦੇਖੇਗਾ ਕਿ ਪਹਿਲੇ ਜਿਥੇ ਉਸ ਨੂੰ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਮੀਰ ਬਨਣ ਦੇ ਮੌਕੇ ਹਥ ਨਹੀਂ ਲਗਦੇ, ਹੁਣ ਅਮੀਰ ਬਨਣ ਦੇ ਮੌਕੇ ਉਸਦੇ ਅਗੇ ਪਿਛੇ ਫਿਰਨ ਲਗ ਪਏ ਹਨ। ਪਰ ਇਹ ਕਦ ਹੋਵੇਗਾ, ਜਦ ਗ਼ਰੀਬ ਆਪਣੀ ਗ਼ਰੀਬੀ ਤੋਂ ਛੁਟਕਾਰਾ ਪਾਣ ਵਾਸਤੇ ਬੜਾ ਖ਼ਾਹਸ਼ਮੰਦ ਤੇ ਉਤਾਵਲਾ ਹੋਵੇ, ਜਦ ਉਹ ਅਮੀਰ ਬਣਨਾ ਆਪਣਾ ਜਮਾਂਦਰੂ ਹੱਕ ਸਮਝੇ, ਜਦ ਉਹ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿਖਸ਼ਾ ਕੇਵਲ ਪੂਜਾ ਜਾਂ ਇਜ਼ਤ ਦੀ ਚੀਜ਼ ਨਾ ਸਮਝੇ, ਸਗੋਂ ਉਸ ਸਿਖਸ਼ਾ ਨੂੰ ਆਪਣੇ ਅਸਲੀ ਜੀਵਨ ਵਿਚ ਲਿਆ ਕੇ ਉਸ ਤੋਂ ਸ਼ਾਨਦਾਰ ਨਤੀਜੇ ਕਢਣ ਵਾਸਤੇ ਤਿਆਰ ਹੋਵੇ।

ਜਦ ਗੁਰਸਿਖ ਨੂੰ ਗੁਰੂ ਉਪਦੇਸ਼ ਉਤੇ ਪੱਕਾ ਯਕੀਨ ਆ ਜਾਵੇ ਤਾਂ ਉਹ ਉਹਨਾਂ ਉਤੇ ਉਦੋਂ ਹੀ ਅਮਲ ਕਰਨਾ ਸ਼ੁਰੂ ਕਰ ਦੇਂਦਾ ਹੈ ਅਤੇ ਆਪਣੇ ਆਪ ਨੂੰ ਗਰੀਬੀ ਵਿਚ ਸਦਾ ਅਮੀਰ ਸਮਝਦਾ ਹੈ।

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ।
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ।
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ।।
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ।।

(ਸ੍ਰੀ ਰਾਗ ਮਹਲਾ ੫)

ਉਹ ਆਪਣੇ ਆਲੇ ਦੁਆਲੇ ਦੇ ਹਾਲਾਤ ਨੂੰ ਸਚਿਆਂ ਤੇ ਸਦੀਵੀ

ਨਹੀਂ ਮੰਨਦਾ, ਸਗੋਂ ਆਪਣੇ ਅੰਦਰਲੇ ਗੁਰਮਤ ਦੀ ਰੰਗਣ ਵਿਚ ਬਣੇ ਅਕੀਦਿਆਂ ਦੀ ਰੌਸ਼ਨੀ ਵਿਚ ਰਹਿਣਾ ਬਹਿਣਾ, ਬੋਲਣਾ ਚਾਲਣਾ ਸ਼ੁਰੂ ਕਰ ਦੇਂਦਾ ਹੈ। ਕੁਝ ਚਿਰ ਮਗਰੋਂ ਉਹ ਹੈਰਾਨ ਹੋ ਕੇ ਦੇਖਦਾ ਹੈ ਕਿ ਉਸ ਦੇ ਅੰਦਰਲੇ ਗੁਰਮਤ ਵਾਲੇ ਨਿਸਚੇ ਬਾਹਰ ਦੇ ਹਾਲਾਤ ਨੂੰ ਬਦਲ ਕੇ ਆਪਣੇ ਮੁਆਫਕ ਬਣਾ ਰਹੇ ਹਨ।

ਆਤਮਕ ਅਜ਼ਮਾਇਸ਼ ਘਰ
(Spiritual Laboratory)

ਕਿਸੇ ਇਲਾਕੇ ਵਿਚ ਜਦ ਬੀਮਾਰੀ ਫੈਲ ਜਾਵੇ ਤਾਂ ਜਿਥੇ ਖ਼ਲਕਤ ਕੁਦਰਤੀ ਤੌਰ ਤੇ ਘਬਰਾ ਜਾਂਦੀ ਹੈ ਤੇ ਇਲਾਕਾ ਛਡ ਛਡ ਭਜਦੀ ਹੈ, ਉਥੇ ਹਕੀਮ ਜਾਂ ਡਾਕਟਰ ਜਿਨ੍ਹਾਂ ਦਾ ਕੰਮ ਹੀ ਬੀਮਾਰੀ ਦਾ ਆਪਣੇ ਇਲਮ ਰਾਹੀਂ ਮੁਕਾਬਲਾ ਕਰਨਾ, ਬੀਮਾਰੀ ਤੇ ਜਿਤ ਹਾਸਲ ਕਰਨੀ ਅਤੇ ਲੋਕਾਂ ਨੂੰ ਬੀਮਾਰੀ ਤੋਂ ਬਚਾਉਣਾ ਹੁੰਦਾ ਹੈ, ਉਹ ਦਿਲ ਵਿਚ ਘਬਰਾਂਦੇ ਨਹੀਂ, ਸਗੋਂ ਬੀਮਾਰੀ ਨੂੰ ਆਪਣੇ ਇਲਮ ਨਾਲ ਜਿੱਤਣ ਦਾ ਇਕ ਸੁਨਹਿਰੀ ਮੌਕਾ ਸਮਝਦੇ ਹਨ। ਉਹ ਸਮਝਦੇ ਹਨ ਕਿ ਉਹਨਾਂ ਦੀ ਉਮਰ ਭਰ ਦੀ ਹਾਸਲ ਕੀਤੀ ਤਾਲੀਮ ਨੂੰ ਵਰਤੋਂ ਵਿਚ ਲਿਆ ਕੇ, ਆਪਣੀਆਂ ਦਵਾਈਆਂ ਦੇ ਅਸਰ ਨੂੰ ਸਾਬਤ ਕਰਨ, ਆਪਣੇ ਇਲਮ ਦਾ ਦੁਨੀਆਂ ਵਿਚ ਸਤਿਕਾਰ ਪੈਦਾ ਕਰਨ ਦਾ ਇਹੋ ਜਿਹਾ ਮੌਕਾ ਹੋਰ ਕਦੀ ਨਹੀਂ ਆ ਸਕਦਾ। ਉਹ ਬੀਮਾਰੀ ਨਾਲ ਪੀੜਤ ਇਲਾਕੇ ਵਿਚੋਂ ਭਜਦੇ ਨਹੀਂ, ਸਗੋਂ ਉਥੇ ਆਪਣੀਆਂ ਸਰਗਰਮੀਆਂ ਨੂੰ ਜ਼ਿਆਦਾ ਤੇਜ਼ ਕਰ ਦੇਂਦੇ ਹਨ।

ਜਿਸ ਇਲਾਕੇ ਵਿਚ ਜੰਗ ਦਾ ਖ਼ਤਰਾ ਵਧੇ ਜਾਂ ਜਿਸ ਇਲਾਕੇ ਵਿਚ ਜੰਗ ਦੀ ਅੱਗ ਭੜਕੇ, ਉਸ ਇਲਾਕੇ ਦੇ ਅਸਲ ਬਹਾਦਰ ਸਿਪਾਹੀ ਅਤੇ ਫੌਜੀ ਅਫ਼ਸਰ ਖੁਸ਼ ਹੁੰਦੇ ਹਨ ਕਿ ਉਹਨਾਂ ਨੂੰ ਆਪਣੇ ਹੌਸਲੇ, ਸੂਰਮਗਤੀ ਤੇ ਜੰਗੀ ਸਿਖਿਆ ਦੇ ਕਮਾਲ ਦਸਣ ਦਾ ਅਤੇ ਆਪਣੇ ਦੇਸ਼ ਨੂੰ ਬਚਾਉਣ ਦਾ ਇਸ ਤੋਂ ਵਧ ਹੋਰ ਚੰਗਾ ਮੌਕਾ ਨਹੀਂ ਮਿਲ ਸਕਦਾ।

ਇਸੇ ਤਰ੍ਹਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿਖ ਲਈ ਉਹ ਸਮਾਂ, ਜਦ ਕਿ ਕਿਸੇ ਇਲਾਕੇ ਵਿਚ ਕੋਈ ਮੁਸੀਬਤ ਆ ਜਾਵੇ ਅਤੇ ਆਮ ਲੋਕ ਘਬਰਾ ਜਾਣ, ਇਸ ਲਈ ਚੰਗਾ ਲਗਦਾ ਹੈ ਕਿ ਉਸ ਵੇਲੇ ਉਸ

ਨੂੰ ਆਪਣੇ ਗੁਰੂ ਸਾਹਿਬਾਨ ਦੇ ਆਖੇ ਹੋਏ ਮਹਾਂ ਵਾਕਾਂ ਦੀ ਸਚਾਈ ਨੂੰ ਸਿਧ ਕਰਨ ਦਾ ਸੁਹਣਾ ਮੌਕਾ ਮਿਲਦਾ ਹੈ। ਉਹ ਇਸ ਮੌਕੇ ਨੂੰ ਸੁਨਹਿਰੀ ਇਸੇ ਲਈ ਸਮਝਦਾ ਹੈ ਕਿਉਂਕਿ ਉਸ ਨੂੰ ਕੇਵਲ ਮੁਸੀਬਤ ਵਿਚ ਹੀ, ਅਕਾਲ ਪੁਰਖ ਦੀ ਰਛਿਆ ਸ਼ਕਤੀ (Power of protection) ਦੇ ਜੌਹਰ ਦੇਖਣ ਦਾ ਮੌਕਾ ਮਿਲਦਾ ਹੈ, ਖ਼ਲਕਤ ਦੀ ਸੇਵਾ ਅਤੇ ਆਪਣੇ ਨਿਸਚਿਆਂ ਦੀ ਪਰਖ ਦਾ ਸਮਾਂ ਮਿਲਦਾ ਹੈ।

ਜੰਗ ਵਿਚ ਹਵਾਈ ਹਮਲਿਆਂ ਨੇ 20 ਲਖ ਆਬਾਦੀ ਵਾਲੇ ਕਲਕੱਤੇ ਸ਼ਹਿਰ ਨੂੰ ਖ਼ਤਰੇ ਦਾ ਘਰ ਬਣਾ ਦਿਤਾ ਸੀ। ਹਜ਼ਾਰਾਂ ਲੱਖਾਂ ਆਦਮੀ ਇਸ ਨੂੰ ਛਡ ਕੇ ਚਲੇ ਗਏ ਸਨ ਅਤੇ ਜੇਕਰ ਹੋਰ ਜ਼ਿਆਦਾ ਹਮਲੇ ਹੁੰਦੇ ਜਿਸ ਤਰ੍ਹਾਂ ਕਿ ਇਸ ਲੇਖ ਦੇ ਲਿਖਣ ਤੋਂ ਕੁਝ ਘੰਟੇ ਪਹਿਲਾਂ ਹਵਾਈ ਹਮਲਾ ਹੋ ਕੇ ਹਟਿਆ ਸੀ ਤਾਂ ਸ਼ਾਇਦ ਹੋਰ ਵੀ ਬਹੁਤ ਸਾਰੇ ਸ਼ਹਿਰੀ ਸ਼ਹਿਰ ਛਡ ਜਾਂਦੇ। ਐਸੇ ਸਮੇਂ ਇਕ ਆਤਮਕ ਵਿਦਿਆਰਥੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿਖ ਦੇ ਦਿਲ ਵਿਚ ਕੁਦਰਤੀ ਤੌਰ ਤੇ ਇਹ ਖ਼ਿਆਲ ਆਉਂਦਾ ਹੈ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ, ਉਸ ਨੂੰ ਡਰੇ ਹੋਏ ਲੋਕਾਂ ਦੇ ਚਿਹਰਿਆਂ ਵਲ ਤਕਣਾ ਚਾਹੀਦਾ ਹੈ ਜਾਂ ਆਤਕ-ਸਾਇੰਸ ਦੇ ਰੌਸ਼ਨ ਮੁਨਾਰੇ ਵਲ।

ਆਤਮ-ਸਾਇੰਸ ਦੇ ਵਿਦਿਆਰਥੀ ਨੂੰ ਕਈ ਐਸੀਆਂ ਗੱਲਾਂ ਦਾ ਪਤਾ ਹੁੰਦਾ ਹੈ ਕਿ ਆਮ ਦੁਨੀਆਂਦਾਰਾਂ ਨੂੰ ਮਲੂਮ ਨਹੀਂ ਹੁੰਦੀਆਂ, ਇਸ ਲਈ ਉਸ ਦਾ ਵਤੀਰਾ ਆਮ ਲੋਕਾਂ ਵਰਗਾ ਨਹੀਂ ਹੋ ਸਕਦਾ। ਉਹ ਜਾਣਦਾ ਹੈ ਕਿ ਵਾਹਿਗੁਰੂ ਸਰਬ ਵਿਆਪਕ (Omini-present) ਸਭ ਜਗ੍ਹਾ ਹਾਜ਼ਰ ਨਾਜ਼ਰ ਹੈ ਅਤੇ ਐਸੀ ਕੋਈ ਜਗ੍ਹਾ ਕਿਆਸ ਵਿਚ ਨਹੀਂ ਲਿਆਈ ਜਾ ਸਕਦੀ ਜਿਥੇ ਰੱਬ ਨਾ ਹੋਵੇ। ਉਸ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਰੱਬ ਕੇਵਲ ਹਰ ਜਗ੍ਹਾ ਤੇ ਮੌਜੂਦ ਹੀ ਨਹੀਂ, ਬਲਕਿ ਉਹ ਸਰਬ ਸ਼ਕਤੀਮਾਨ (Omnipotent) ਅਤੇ ਸਰਬ ਗਿਆਤਾ (Omniscient) 'ਘਟ ਘਟ ਕੇ ਪਟ ਪਟ ਕੀ ਜਾਨਤ' ਵੀ ਹੈ। ਉਸ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਰੱਬ ਸਰਬ ਵਿਆਪਕ, ਸਰਬ ਸ਼ਕਤੀਮਾਨ ਅਤੇ ਸਰਬ ਗਿਆਤਾ ਹੋਣ ਤੋਂ ਇਲਾਵਾ, 'ਆਪਣੀ ਪ੍ਰੀਤ ਪਿਆਰਾ' ਜਾਂ ਆਪਣੀ ਸ਼ਰਨ ਆਉਣ ਵਾਲੇ ਦੀ, ਉਸ ਦੇ ਔਗੁਣਾਂ ਨੂੰ ਨਾ ਵਿਚਾਰਦਾ ਹੋਇਆ ਸਹਾਇਤਾ ਕਰਦਾ ਹੈ।

ਜੋ ਸਰਣਿ ਆਵੈ ਤਿਸੁ ਕੰਠ ਲਾਵੈ।

. . . .

ਅਉਗਣੁ ਕੋ ਨਾ ਚਿਤਾਰਦਾ।

. . . .

ਜਿਸ ਆਦਮੀ ਨੂੰ ਰੱਬ ਦੇ ਉਕਤ ਸੁਭਾਅ ਦਾ ਪਤਾ ਹੋਵੇ ਉਸ ਨੂੰ ਕੀ ਲੋੜ ਹੈ ਜੋ ਖ਼ਤਰੇ ਸਮੇਂ ਰੱਬ ਸੰਬੰਧੀ ਨਾਵਾਕਫ਼ ਤੇ ਅਗਿਆਨ ਲੋਕਾਂ ਵਾਲੇ ਕੰਮ ਕਰੇ। ਉਹ ਸਗੋਂ ਇਸ ਖ਼ਿਆਲ ਵਿਚ ਪਰਸੰਨ ਹੁੰਦਾ ਹੈ ਕਿ ਖ਼ਤਰੇ ਵੇਲੇ ਉਹ ਆਪਣੇ ਰੱਬ ਦੇ ਨਜ਼ਦੀਕ ਹੋਵੇਗਾ ਜਿਸ ਦੀ ਨਜ਼ਦੀਕੀ ਵਿਚ ਖ਼ਤਰਾ ਕਿਸੇ ਸੂਰਤ ਵਿਚ ਦਾਖ਼ਲ ਨਹੀਂ ਹੋ ਸਕਦਾ। ਜਿਸ ਦੇ ਪਾਸ ਛਤਰੀ ਹੋਵੇ ਉਹ ਮੀਂਹ ਦੀ ਪਰਵਾਹ ਨਹੀਂ ਕਰਦਾ। ਜਿਸ ਦੇ ਪਾਸ ਰੱਬ ਹੋਵੇ ਉਹ ਖ਼ਤਰੇ ਦੀ ਪਰਵਾਹ ਨਹੀਂ ਕਰਦਾ।

ਖ਼ਤਰੇ ਜਾਂ ਮੁਸੀਬਤ ਵੇਲੇ ਆਮ ਤੌਰ ਤੇ ਜੋ ਔਕੜ ਸਾਨੂੰ ਰੱਬ ਦੀ ਸ਼ਰਨ ਵਿਚ ਨਿਧੜਕ ਨਹੀਂ ਜਾਣ ਦੇਂਦੀ, ਉਹ ਹੈ ਆਪਣੇ ਕੀਤੇ ਹੋਏ ਮਾੜੇ ਕਰਮਾਂ ਦਾ ਡਰ ਤੇ ਸ਼ਰਮ। ਜਿਵੇਂ ਮੁਜਰਿਮ ਪੁਲੀਸਮੈਨ ਤੋਂ ਡਰਦਾ ਹੈ, ਉਵੇਂ ਪਾਪੀ ਡਰਦਾ ਹੈ ਕਿ, ਰੱਬ ਦੀ ਸ਼ਰਨ ਗਿਆਂ ਉਸ ਦੇ ਪਾਪਾਂ ਦਾ ਪੜਦਾ ਚੁਕਿਆ ਜਾਵੇਗਾ, ਉਸ ਨੂੰ ਸ਼ਰਮਿੰਦਾ ਤੇ ਜ਼ਲੀਲ ਕੀਤਾ ਜਾਵੇਗਾ ਅਤੇ ਉਸ ਦੇ ਪਾਪਾਂ ਦੀ ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਐਪਰ ਐਸੇ ਆਦਮੀ ਨੂੰ ਰੱਬ ਦੇ ਸੁਭਾਅ ਦਾ ਪਤਾ ਨਹੀਂ, ਉਹ ਨਹੀਂ ਜਾਣਦਾ ਕਿ ਰੱਬ ਸੱਚੇ ਦਿਲੋਂ ਆਪਣੀ ਸ਼ਰਨ ਆਉਣ ਵਾਲੇ ਬੰਦਿਆਂ ਦੇ ਔਗੁਣ ਯਾਦ ਨਹੀਂ ਰਖਦਾ। ਰੱਬ ਦਾ ਤੇ ਪੁਲੀਸਮੈਨ ਦਾ ਇਹੋ ਫ਼ਰਕ ਹੈ। ਪੁਲੀਸਮੈਨ ਆਪਣੇ ਪਾਸ ਪਹੁੰਚੇ ਮੁਜਰਿਮਾਂ ਨੂੰ ਸਜ਼ਾ ਦਿਲਵਾ ਕੇ ਖ਼ੁਸ਼ ਹੁੰਦਾ ਹੈ। ਪੁੱਤਰ ਕਿਤਨਾ ਵੀ ਮੈਲਾ-ਕੁਚੈਲਾ ਕਿਉਂ ਨਾ ਹੋਵੇ, ਮਾਂ ਵਲ ਔੜ੍ਹਿਆਂ ਮਾਂ ਉਸ ਨੂੰ ਗਲ ਨਾਲ ਲਗਾ ਲੈਂਦੀ ਹੈ। ਆਦਮੀ ਕਿਤਨਾ ਵੀ ਮੰਦ ਕਰਮੀ ਕਿਉਂ ਨਾ ਹੋਵੇ, ਰੱਬ ਦੀ ਸੱਚੇ ਦਿਲੋਂ ਸ਼ਰਨ ਗਿਆ ਰੱਬ ਦੀ ਸੁਭਾਵਕ ਰਹਿਮਤ ਤੇ ਬਖਸ਼ਿਸ਼ ਦਾ ਭਾਗੀ ਬਣਦਾ ਹੈ।

ਰੱਬ ਦੀ ਰਖਸ਼ਕ ਸ਼ਕਤੀ (Power of protection) ਦੀ ਪੂਰਨਤਾ ਸੰਬੰਧੀ ਆਤਮ ਸਾਇੰਸ ਦੇ ਉਹਨਾਂ ਮਾਹਿਰਾਂ ਨੇ, ਜਿਨ੍ਹਾਂ ਦੀ ਜ਼ਿੰਦਗੀ ਖ਼ਤਰਿਆਂ ਦੀ ਲਗਾਤਾਰ ਲੜੀ ਸੀ, ਬੜੀ ਸਾਫ਼ ਗਵਾਹੀ ਦਿਤੀ ਹੈ। ਗੁਰੂ ਗੋਬਿੰਦ

ਸਿੰਘ ਮਹਾਰਾਜ ਦਾ ਸਾਰਾ ਜੀਵਨ ਖ਼ਤਰਿਆਂ ਥੀਂ ਭਰਪੂਰ ਸੀ, ਇਸ ਲਈ ਖ਼ਤਰਿਆਂ ਵਿਚ ਰੱਬ ਦੀ ਰਖਸ਼ਕ ਸ਼ਕਤੀ ਨੂੰ ਪਰਤੱਖ ਦੇਖਣ ਦੇ ਆਪ ਤੋਂ ਜ਼ਿਆਦਾ ਕਿਸੇ ਨੂੰ ਮੌਕੇ ਨਹੀਂ ਮਿਲ ਸਕਦੇ। ਆਪ ਨੇ ਇਸ ਸ਼ਕਤੀ ਸੰਬੰਧੀ ਇਕ ਸਵੈਯੇ ਵਿਚ ਲਿਖਿਆ ਹੈ :

ਰੋਗਨ ਤੇ ਅਰ ਸੋਗਨ ਤੇ
ਜਲ ਜੋਗਨ ਤੇ ਬਹੁ ਭਾਂਤ ਬਚਾਵੈ।
ਸਤਰੂ ਅਨੇਕ ਚਲਾਵਤ ਘਾਓ
ਤਓ ਤਨ ਏਕ ਨ ਲਾਗਨ ਪਾਵੈ।।

(ਗੁਰੂ ਗੋਬਿੰਦ ਸਿੰਘ ਜੀ)

ਆਪ ਦੇ ਇਸ ਆਤਮਕ ਤਜਰਬੇ ਅਨੁਸਾਰ ਉਸ ਆਦਮੀ ਨੂੰ, ਜਿਸ ਦੇ ਦਿਲ ਵਿਚ ਰੱਬ ਦੇ ਉਕਤ ਸੁਭਾਅ ਤੇ ਗੁਣਾਂ ਦਾ ਯਕੀਨ ਹੈ, ਅਗਰ ਚੌਹਾਂ ਪਾਸਿਆਂ ਤੋਂ ਦੁਸ਼ਮਣ ਘੇਰ ਲੈਣ ਤੇ ਨਿਸ਼ਾਨੇ ਲਗਾ ਲਗਾ ਕੇ ਵਾਰ ਕਰਨ, ਤਾਂ ਰੱਬ ਦੀ ਰਖਸ਼ਕ ਸ਼ਕਤੀ ਉਹਨਾਂ ਵਾਰਾਂ ਨੂੰ ਉਸ ਸਿਦਕੀ ਆਦਮੀ ਦੇ ਸਰੀਰ ਤਕ ਨਹੀਂ ਪਹੁੰਚਣ ਦੇਵੇਗੀ। ਐਸੇ ਮਹਾਂਪੁਰਖ ਦੀ, ਰੱਬੀ ਰਖਸ਼ਕ ਸ਼ਕਤੀ ਸੰਬੰਧੀ ਐਸੀ ਜ਼ੋਰਦਾਰ ਦੇ ਸਾਫ਼ ਗਵਾਹੀ, ਆਤਮ ਸਾਇੰਸ ਦੇ ਵਿਦਿਆਰਥੀ ਨੂੰ ਮੁਸੀਬਤਾਂ, ਖ਼ਤਰਿਆਂ ਵੇਲੇ, ਅਡੋਲ ਤੇ ਖੇੜੇ ਵਿਚ ਰਖਦੀ ਹੈ।

ਇਹ ਗਲ ਹਮੇਸ਼ਾ ਯਾਦ ਰਖਣੀ ਚਾਹੀਦੀ ਹੈ ਕਿ ਆਤਮ ਸਾਇੰਸ ਦਾ ਵਿਦਿਆਰਥੀ ਖ਼ਤਰਿਆਂ ਵਿਚ ਰੱਬ ਦੀ ਰਖਸ਼ਕ ਸ਼ਕਤੀ ਨੂੰ ਨਹੀਂ ਅਜ਼ਮਾਉਂਦਾ, ਸਗੋਂ ਉਸ ਸ਼ਕਤੀ ਸੰਬੰਧੀ ਆਪਣੇ ਨਿਸਚੇ ਨੂੰ ਅਜ਼ਮਾਉਂਦਾ ਤੇ ਪੱਕਾ ਕਰਦਾ ਹੈ। ਇਸ ਲਈ ਖ਼ਤਰੇ ਦਾ ਅਸਥਾਨ, ਆਤਮ ਸਾਇੰਸ ਦੇ ਵਿਦਿਆਰਥੀ ਵਾਸਤੇ ਆਪਣੇ ਨਿਸਚੇ ਅਜ਼ਮਾਉਣ ਦਾ 'ਅਜ਼ਮਾਇਸ਼ ਘਰ' ਜਾਂ ਆਤਮਕ ਤਜਰਬੇ ਕਰਨ ਦੀ ਲੈਬੋਰੇਟਰੀ ਬਣ ਜਾਂਦੀ ਹੈ।

□ □ □

ਥੋੜ ਜਾਂ .ਗਰੀਬੀ

ਜਦ ਸਾਡੇ ਮਨ ਵਿਚ ਥੋੜ ਜਾਂ .ਗਰੀਬੀ ਜਾਂ ਮਾਇਆ ਦੀ ਤੰਗੀ ਦਾ ਖ਼ਿਆਲ ਆਉਂਦਾ ਹੈ ਤਾਂ ਕਈ ਵਾਰੀ ਅਸੀਂ ਠੀਕ ਜਾਂ ਦਰੁਸਤ ਇਲਾਜ ਕਰਨ ਦੀ ਬਜਾਏ ਸਗੋਂ ਐਸੀ .ਗਲਤੀ ਕਰਦੇ ਹਾਂ ਜਿਸ ਨਾਲ ਕਿ ਸਾਡਾ ਥੋੜ ਜਾਂ .ਗਰੀਬੀ ਦਾ ਖ਼ਿਆਲ ਸਗੋਂ ਮਜ਼ਬੂਤੀ ਹਾਸਲ ਕਰਦਾ ਹੈ। ਐਸੇ ਸਮੇਂ ਅਸੀਂ ਕਿਸੇ ਹੋਰ ਥਾਂ ਤੇ ਜਾ ਕੇ, ਕਿਸੇ ਨਵੇਂ ਹਾਲਾਤ ਵਿਚ ਆਪਣਾ ਕੰਮ-ਕਾਜ ਕਰਦੇ ਹਾਂ, ਤਾਂ ਕਿ ਸਾਡਾ ਮਾਇਆ ਵਲੋਂ ਹਥ ਮੋਕਲਾ ਹੋ ਜਾਵੇ।

ਵਾਹਿਗੁਰੂ ਸਭ ਥਾਵਾਂ ਤੇ ਮੌਜੂਦ ਹੈ। ਉਹ ਤੇ ਸਰਬ ਵਿਆਪਕ ਹੈ। ਵਾਹਿਗੁਰੂ ਵਿਚ ਕਸਰਤ (Abundance) ਹੈ, ਉਸ ਵਿਚ ਥੋੜ ਜਾਂ .ਗਰੀਬੀ ਹੈ ਹੀ ਨਹੀਂ ਜੇਕਰ ਵਾਹਿਗੁਰੂ ਸਭ ਥਾਵਾਂ ਤੇ ਮੌਜੂਦ ਹੈ ਤਾਂ ਉਸ ਦੀ ਬਹੁਤਾਤ ਜਾਂ ਕਸਰਤ (Abundance) ਵੀ ਸਭ ਥਾਵਾਂ ਤੇ ਵਿਆਪਕ ਹੈ, ਮੌਜੂਦ ਹੈ। ਸਾਨੂੰ ਵਾਹਿਗੁਰੂ ਦੀਆਂ ਬਰਕਤਾਂ ਪ੍ਰਾਪਤ ਕਰਨ ਲਈ ਇਕ ਜਗ੍ਹਾ ਤੋਂ ਦੂਸਰੀ ਤੇ ਜਾਣ ਦੀ ਲੋੜ ਨਹੀਂ, ਕਿਉਂਕਿ ਉਹ ਸਭ ਥਾਵਾਂ ਤੇ ਇਕੋ ਜਿਹਾ ਮੌਜੂਦ ਹੈ।

ਸਾਡੇ ਲਈ ਠੀਕ ਰਸਤਾ ਇਹ ਹੈ ਕਿ ਜਿਥੇ ਵੀ ਮਾਇਆ ਦੀ ਤੰਗੀ ਜਾਂ .ਗਰੀਬੀ ਦਾ ਸਾਨੂੰ ਖ਼ਿਆਲ ਆਵੇ ਉਥੇ ਹੀ ਇਸ ਖ਼ਿਆਲ ਨੂੰ, ਵਾਹਿਗੁਰੂ ਦੀ ਮੌਜੂਦਗੀ ਦੇ ਸਚੇ ਤੇ ਅਟਲ ਖ਼ਿਆਲ ਨਾਲ ਬਦਲ ਦੇਈਏ। ਜੇਕਰ ਵਾਹਿਗੁਰੂ ਜੀ ਸਾਡੇ ਅੰਗ ਸੰਗ ਸਭ ਜਗ੍ਹਾ ਤੇ ਹਨ ਤਾਂ ਸਾਨੂੰ ਕਿਸੇ ਜਗ੍ਹਾ ਉਤੇ ਵੀ .ਗਰੀਬੀ ਜਾਂ ਥੋੜ ਦਾ ਖ਼ਿਆਲ ਆਉਣਾ ਹੀ ਸਾਡੀ ਸਮਝ ਜਾਂ ਨਿਸਚੇ ਦੀ ਕਮਜ਼ੋਰੀ ਹੈ। ਸਭ ਬਰਕਤਾਂ ਨਾਲ ਭਰਪੂਰ ਵਾਹਿਗੁਰੂ ਦੀ ਮੌਜੂਦਗੀ ਅਤੇ ਥੋੜ, ਚਿੰਤਾ, ਫ਼ਿਕਰ ਆਦਿ ਇਕੋ ਥਾਂ ਤੇ ਰਹਿ ਨਹੀਂ ਸਕਦੇ।

ਵਾਹਿਗੁਰੂ ਜੀ ਦੇ ਪੁੱਤਰ ਹੋਣ ਕਰਕੇ ਸਾਨੂੰ ਵਾਹਿਗੁਰੂ ਜੀ ਦੀਆਂ ਦਾਤਾਂ ਨੂੰ ਵਾਹਿਗੁਰੂ ਵਾਂਗ ਹੀ, ਆਪਣੇ ਅੰਗ ਸੰਗ ਜਾਣਨਾ ਚਾਹੀਦਾ ਹੈ, ਉਹ ਜਗ੍ਹਾ ਹੈ ਹੀ ਨਹੀਂ ਜਿਥੇ ਵਾਹਿਗੁਰੂ ਹੋਵੇ ਅਤੇ ਉਸ ਦੀਆਂ ਸਿਫ਼ਤਾਂ, ਬਰਕਤਾਂ ਤੇ ਗੁਣ ਨਾ ਹੋਣ।

ਜੇਕਰ ਸਾਡਾ ਇਹ ਨਿਸਚਾ ਪੱਕਾ ਹੋ ਜਾਵੇ ਕਿ ਵਾਹਿਗੁਰੂ ਆਪਣੇ ਸਭ ਗੁਣਾਂ ਸਮੇਤ ਸਾਡੇ ਸਦਾ ਅੰਗ ਸੰਗ ਹੈ ਅਤੇ ਸਾਡੇ ਇਸ ਨਿਸਚੇ ਨੂੰ ਥੋੜ, ਚਿੰਤਾ, ਫ਼ਿਕਰ, ਗ਼ਰੀਬੀ ਦੇ ਖ਼ਿਆਲ ਆ ਕੇ, ਡੁਲਾ ਜਾਂ ਥਿੜਕਾ ਨਾ ਸਕਣ, ਤਾਂ ਅਸੀਂ ਜਿਥੇ ਵੀ ਰਹਾਂਗੇ, ਸ੍ਰੀ ਵਾਹਿਗੁਰੂ ਜੀ ਦੇ ਅਮਿਤੇ ਤੇ ਅਤੁਟ ਬਰਕਤਾਂ ਦੇ ਖ਼ਜ਼ਾਨੇ ਤੋਂ ਮਾਲਾਮਾਲ ਹੁੰਦੇ ਰਹਾਂਗੇ।

ਸੇਵਕ ਕੈ ਭਰਪੂਰ ਜੁਗੁ ਜੁਗੁ
ਵਾਹਗੁਰੂ ਤੇਰਾ ਸਭੁ ਸਦਕਾ।

. . . .

ਤੂੰ ਸਭਨੀ ਥਾਈ ਜਿਥੈ ਹਉ ਜਾਈ
ਸਾਚਾ ਸਿਰਜਣਹਾਰੁ ਜੀਉ॥

□ □ □

ਕੀ ਆਪ ਬੀਮਾਰ ਰਹਿੰਦੇ ਹੋ ?

ਜੇਕਰ ਆਪ ਬੀਮਾਰ ਰਹਿੰਦੇ ਹੋ, ਤਾਂ ਤੁਹਾਡੇ ਦਿਲ ਦੀ ਸਭ ਤੋਂ ਵੱਡੀ ਖ਼ਾਹਿਸ਼ ਇਹ ਹੋਵੇਗੀ ਕਿ ਕਿਸੇ ਤਰ੍ਹਾਂ ਤੁਸੀਂ ਤੰਦਰੁਸਤ ਹੋ ਜਾਵੋ ਅਤੇ ਬੀਮਾਰੀ ਸਦਾ ਲਈ ਤੁਹਾਡੇ ਗਲੋਂ ਲੱਥ ਜਾਵੇ। ਬੀਮਾਰੀ ਇਕ ਐਸੀ ਭੈੜੀ ਚੀਜ਼ ਹੈ ਜਿਸਦੇ ਹੁੰਦਿਆਂ ਵਾਹਿਗੁਰੂ ਤੋਂ ਹੋਰ ਸਾਰੀਆਂ ਮਿਲੀਆਂ ਦਾਤਾਂ ਫਿੱਕੀਆਂ ਤੇ ਬੇ-ਸੁਆਦੀਆਂ ਹੋ ਜਾਂਦੀਆਂ ਹਨ। ਇਸ ਜਗਤ ਰਚਨਾ ਵਿਚ ਤੰਦਰੁਸਤੀ ਜਿਹੀ ਵਡਮੁਲੀ ਦਾਤ ਹੋਰ ਕੋਈ ਨਹੀਂ। ਇਸ ਕਰਕੇ ਜੇ ਤੁਸੀਂ ਬੀਮਾਰ ਹੋ ਅਤੇ ਬੀਮਾਰੀ ਤੋਂ ਖਹਿੜਾ ਛੁਡਾਣਾ ਚਾਹੁੰਦੇ ਹੋ, ਤਾਂ ਤੁਹਾਡੀ ਇਹ ਖ਼ਾਹਿਸ਼ ਬੜੀ ਚੰਗੀ ਤੇ ਪਵਿੱਤਰ ਖਾਹਿਸ਼ ਹੈ, ਐਸੀ ਖਾਹਿਸ਼ ਕਰਨਾ ਤੁਹਾਡਾ ਜਮਾਂਦਰੂ ਹੱਕ ਹੈ। ਸਾਡੇ ਵਿਚ ਪੁਰਾਣਾ ਪ੍ਰਚਲਤ ਖ਼ਿਆਲ ਹੈ ਕਿ ਦੁਖ ਸੁਖ ਸਭ ਵਾਹਿਗੁਰੂ ਦੀਆਂ ਦਾਤਾਂ ਹਨ ਅਤੇ ਸਾਨੂੰ ਦੁਖ ਸੁਖ ਵਿਚ ਇਕੋ ਜਿਹਾ ਵਾਹਿਗੁਰੂ ਦਾ ਸ਼ੁਕਰ ਜਾਂ ਧੰਨਵਾਦੀ ਰਹਿਣਾ ਚਾਹੀਦਾ ਹੈ। ਇਹ ਖ਼ਿਆਲ ਆਮ ਲੋਕਾਂ ਵਾਸਤੇ ਗੈਰ ਕੁਦਰਤੀ ਖ਼ਿਆਲ ਹੈ। ਦੁਖ, ਤਕਲੀਫ਼ਾਂ ਅਤੇ ਬੀਮਾਰੀ ਦੇ ਸਮੇਂ ਵਾਹਿਗੁਰੂ ਨੂੰ ਅੰਗ ਸੰਗ ਸਮਝ ਕੇ ਨਾ ਘਬਰਾਉਣਾ ਅਤੇ ਅਡੋਲ ਰਹਿਣਾ ਹੋਰ ਗਲ ਹੈ ਅਤੇ ਦੁਖ, ਬੀਮਾਰੀ ਅਤੇ ਮੁਸੀਬਤਾਂ ਨੂੰ ਵਾਹਿਗੁਰੂ ਜੀ ਵਲੋਂ ਭੇਜੀਆਂ ਹੋਈਆਂ ਸਮਝ ਕੇ ਉਹਨਾਂ ਨੂੰ ਚੰਗੀਆਂ ਸਮਝਣਾ ਜਾਂ ਉਹਨਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਨਾ ਕਰਨਾ ਇਕ ਭਾਰੀ ਭੁੱਲ ਹੈ। ਭਾਵੇਂ ਵਾਹਿਗੁਰੂ ਦੀ ਰਚਨਾ ਵਿਚ ਮਾੜੀਆਂ ਅਤੇ ਚੰਗੀਆਂ ਸਭ ਚੀਜ਼ਾਂ ਮੌਜੂਦ ਹਨ ਐਪਰ ਵਾਹਿਗੁਰੂ ਦੀ ਇਹ ਇਛਿਆ ਹਰਗਿਜ਼ ਨਹੀਂ ਕਿ ਉਸਦੇ ਬੰਦੇ ਮਾੜੀਆਂ ਅਤੇ ਚੰਗੀਆਂ ਚੀਜ਼ਾਂ ਵਿਚ ਫ਼ਰਕ ਜਾਂ ਤਮੀਜ਼ ਨਾ ਕਰਨ ਅਤੇ ਮਾੜੀਆਂ ਚੀਜ਼ਾਂ ਤੋਂ ਛੁਟਕਾਰਾ ਪਾਣ ਅਤੇ ਚੰਗੀਆਂ ਚੀਜ਼ਾਂ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਨਾ ਕਰਨ। ਐਸਾ ਸਮਝਣਾ ਵਾਹਿਗੁਰੂ ਨੂੰ ਨਾ ਸਮਝਣਾ

ਹੈ। ਜਿਵੇਂ ਸਾਡੇ ਦੇਸ਼ ਦੀ ਗਵਰਨਮੈਂਟ ਵਲੋਂ ਦੇਸ਼ ਵਿਚ ਚੰਗੇ ਤੇ ਮਾੜੇ ਸਭ ਅਸਥਾਨ ਮੌਜੂਦ ਹਨ, ਅਤੇ ਜੇਲ੍ਹਖਾਨੇ ਤੇ ਹਸਪਤਾਲ ਆਦਿ ਵੀ ਮੌਜੂਦ ਹਨ। ਇਹ ਸਭ ਕੁਝ ਹੁੰਦਿਆਂ ਗਵਰਨਮੈਂਟ ਦਾ ਆਸ਼ਾ ਇਹ ਹੈ ਕਿ ਵਧ ਤੋਂ ਵਧ ਲੋਕ ਆਪਣੀ ਸਿਹਤ ਕਾਇਮ ਰਖਣ ਅਤੇ ਪਾਰਕਾਂ, ਬਾਗਾਂ-ਬਗੀਚਿਆਂ ਅਤੇ ਸੈਰਗਾਹਾਂ ਤੋਂ ਫ਼ਾਇਦਾ ਉਠਾਉਣ। ਗਵਰਨਮੈਂਟ ਦਾ ਇਹ ਆਸ਼ਾ ਹਰਗਿਜ਼ ਨਹੀਂ ਕਿ ਲੋਕੀਂ ਬੀਮਾਰ ਅਤੇ ਬਦਚਲਣ ਰਹਿਣ ਅਤੇ ਹਸਪਤਾਲਾਂ ਅਤੇ ਜੇਲ੍ਹਖਾਨਿਆਂ ਨੂੰ ਭਰੀ ਰਖਣ। ਜਿਹੜਾ ਮਿੱਤਰ ਜੇਲ੍ਹਖਾਨਿਆਂ ਅਤੇ ਹਸਪਤਾਲਾਂ ਨੂੰ ਗਵਰਨਮੈਂਟ ਵਲੋਂ ਬਣਾਏ ਗਏ ਸਮਝ ਕੇ ਉਹਨਾਂ ਵਿਚ ਰਹਿਣ ਲਈ ਤਿਆਰ ਹੋਵੇ, ਉਸ ਨੇ ਗਵਰਨਮੈਂਟ ਦੇ ਅਸਲ ਆਸ਼ੇ ਨੂੰ ਨਹੀਂ ਸਮਝਿਆ। ਇਸੇ ਤਰ੍ਹਾਂ ਕਰਤਾਰ ਦੀ ਸ੍ਰਿਸ਼ਟੀ ਵਿਚ ਕਿਉਂਕਿ ਬੀਮਾਰੀ ਦੀ ਘਟਨਾ ਮੌਜੂਦ ਹੈ ਇਸ ਕਰਕੇ ਬੀਮਾਰੀ ਨੂੰ ਜੀਵਨ ਵਾਸਤੇ ਇਕ ਜ਼ਰੂਰੀ ਚੀਜ਼ ਸਮਝਣਾ ਅਤੇ ਬੀਮਾਰੀ ਦਾ ਡਟ ਕੇ ਮੁਕਾਬਲਾ ਨਾ ਕਰਨਾ ਅਤੇ ਐਸਾ ਕਰਨ ਵਿਚ ਵਾਹਿਗੁਰੂ ਦਾ ਭਾਣਾ ਜਾਂ ਰਜ਼ਾ ਸਮਝਣਾ ਵਾਹਿਗੁਰੂ ਜੀ ਨੂੰ ਨਾ ਸਮਝਣਾ ਹੈ। ਵਾਹਿਗੁਰੂ ਜੀ ਹਰਗਿਜ਼ ਇਹ ਨਹੀਂ ਚਾਹੁੰਦੇ ਕਿ ਉਸ ਦੇ ਬੰਦੇ ਬੀਮਾਰ ਹੋਣ ਜਾਂ ਬੀਮਾਰੀ ਦਾ ਡਟ ਕੇ ਮੁਕਾਬਲਾ ਨਾ ਕਰਨ।

ਇਸ ਵਾਸਤੇ ਐ ਪਾਠਕ ! ਜੇਕਰ ਆਪ ਬੀਮਾਰ ਰਹਿੰਦੇ ਹੋ ਤਾਂ ਬੀਮਾਰੀ ਨੂੰ ਬੁਰਾ ਸਮਝਣਾ, ਬੀਮਾਰੀ ਦਾ ਡਟ ਕੇ ਮੁਕਾਬਲਾ ਕਰਨਾ, ਬੀਮਾਰੀ ਤੋਂ ਛੁਟਕਾਰਾ ਪਾਉਣਾ ਆਪ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਪਹਿਲਾ ਫ਼ਰਜ਼ ਹੈ। ਜਦ ਤੁਸੀਂ ਬੀਮਾਰੀ ਤੋਂ ਛੁਟਕਾਰਾ ਪਾਉਣ ਦਾ ਪੱਕਾ ਤੇ ਅਹਿੱਲ ਇਰਾਦਾ ਕਰ ਲਵੋਗੇ ਤਾਂ ਤੁਹਾਡੀ ਬੀਮਾਰੀ ਉਤੇ ਇਹ ਪਹਿਲੀ ਫਤਿਹ ਹੋਵੇਗੀ। ਬੀਮਾਰੀ ਉਤੇ ਦੂਜੀ ਫ਼ਤਿਹ ਬੀਮਾਰੀ ਤੋਂ ਨਾ ਡਰਨਾ, ਨਾ ਘਬਰਾਉਣਾ ਅਤੇ ਬੀਮਾਰੀ ਨੂੰ ਤੁਛ ਸਮਝਣਾ ਹੈ ਤੁਹਾਨੂੰ ਇਹ ਸੁਣ ਕੇ ਹੈਰਾਨੀ ਤਾਂ ਭਾਵੇਂ ਹੋਵੇਗੀ, ਪਰ ਹੈ ਇਹ ਸੋਲ੍ਹਾਂ ਆਨੇ ਸਚ ਅਤੇ ਵਿਗਿਆਨਕ ਤੌਰ ਤੇ ਬਿਲਕੁਲ ਦਰੁਸਤ ਕਿ ਆਪ ਦਾ ਸਰੀਰ ਬੀਮਾਰ ਨਹੀਂ, ਸਗੋਂ ਆਪ ਦਾ ਮਨ ਬੀਮਾਰ ਹੁੰਦਾ ਹੈ। ਬੀਮਾਰੀ ਦਾ ਅਸਰ ਭਾਵੇਂ ਆਪ ਦੇ ਸਰੀਰ ਤੇ ਪੈ ਰਿਹਾ ਹੈ ਅਤੇ ਸਰੀਰ ਬੀਮਾਰ ਵੀ ਪਿਆ ਜਾਪਦਾ ਹੈ ਪਰ ਯਾਦ ਰਖੋ ਤੁਹਾਡਾ ਸਰੀਰ ਬੀਮਾਰ ਨਹੀਂ, ਤੁਹਾਡਾ ਕੇਵਲ ਮਨ ਬੀਮਾਰ ਹੈ। ਮਨ ਦੇ ਬੀਮਾਰ ਹੋਣ ਨਾਲ ਤੁਸੀਂ ਬੀਮਾਰ ਹੋਏ ਹੋ ਅਤੇ ਮਨ ਦੇ ਰਾਜ਼ੀ ਹੋਣ ਨਾਲ

ਹੀ ਤੁਸੀਂ ਰਾਜ਼ੀ ਹੋ ਜਾਣਾ ਹੈ। ਸਰੀਰ ਕੇਵਲ ਮਨ ਦਾ ਪਰਛਾਵਾਂ ਹੈ। ਜਦ ਮਨ ਬੀਮਾਰ ਹੋਵੇ ਤਾਂ ਮਨ ਦਾ ਪਰਛਾਵਾਂ ਤਨ ਵੀ ਬੀਮਾਰ ਹੋ ਜਾਂਦਾ ਹੈ ਅਤੇ ਜਦ ਮਨ ਰਾਜ਼ੀ ਹੋਵੇ ਤਾਂ ਮਨ ਦਾ ਪਰਛਾਵਾਂ ਵੀ ਰਾਜ਼ੀ ਹੋ ਜਾਂਦਾ ਹੈ। ਆਪ ਨੂੰ ਇਹ ਨਿਸਚਾ ਹੋ ਗਿਆ ਕਿ ਤਨ ਦੀ ਬੀਮਾਰੀ ਕੇਵਲ ਮਨ ਦੀ ਬੀਮਾਰੀ ਦਾ ਸਬੂਤ ਜਾਂ ਨਤੀਜਾ ਹੈ ਅਤੇ ਮਨ ਦੇ ਰਾਜ਼ੀ ਹੋਣ ਨਾਲ ਤਨ ਨੇ ਆਪੇ ਹੀ ਰਾਜ਼ੀ ਹੋ ਜਾਣਾ ਹੈ ਤਾਂ ਇਹ ਨਿਸਚਾ ਤੁਹਾਡੀ ਬੀਮਾਰੀ ਉਤੇ ਤੀਸਰੀ ਫ਼ਤਿਹ ਹੈ।

ਹੁਣ ਜੇਕਰ ਆਪ ਨੂੰ ਇਹ ਪਤਾ ਲਗ ਜਾਵੇ ਕਿ ਤੁਹਾਡਾ ਮਨ ਕਿਵੇਂ ਬੀਮਾਰ ਹੋਇਆ ਅਤੇ ਮੁੜ ਕਿਵੇਂ ਰਾਜ਼ੀ ਹੋ ਸਕਦਾ ਹੈ, ਇਹ ਤੁਹਾਡੀ ਬੀਮਰੀ ਉਤੇ ਆਖ਼ਰੀ ਅਤੇ ਪੂਰੀ ਫ਼ਤਿਹ ਹੋਵੇਗੀ। ਹੁਣ ਤੁਸੀਂ ਫੇਰ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਮਨ ਨੂੰ ਉਸ ਦੇ ਗ਼ਲਤ ਨਿਸਚੇ ਬੀਮਾਰ ਕਰਦੇ ਹਨ ਅਤੇ ਜਦ ਤਕ ਮਨ ਵਿਚ ਗ਼ਲਤ ਨਿਸਚੇ ਕਾਇਮ ਰਹਿਣ ਉਹ ਚੰਗੀ ਤਰ੍ਹਾਂ ਰਾਜ਼ੀ ਨਹੀਂ ਹੁੰਦਾ। ਮਨ ਦੇ ਗਲਤ ਨਿਸਚੇ ਕੀ ਹਨ? ਮਨ ਦੇ ਗ਼ਲਤ ਨਿਸਚੇ ਤਾਂ ਬਹੁਤ ਹਨ, ਜਿਹੜੇ ਸਾਰੇ ਦਸਿਆਂ ਮਜ਼ਮੂਨ ਬਹੁਤ ਲੰਬਾ ਹੋ ਜਾਵੇਗਾ, ਪਰ ਅਸੀਂ ਇਥੇ ਮਨ ਦੇ ਕੇਵਲ ਉਹ ਗਲਤ ਨਿਸਚੇ ਦਸਦੇ ਹਾਂ, ਜਿਹੜੇ ਇਸ ਨੂੰ ਆਮ ਤੌਰ ਉਤੇ ਬੀਮਾਰ ਕਰਦੇ ਹਨ। ਮਨ ਦਾ ਆਪਣੇ ਆਪ ਨੂੰ ਸਰੀਰ ਸਮਝਣਾ ਸਰੀਰ ਨੂੰ ਮਹਿਸੂਸ ਕਰਨ ਵਾਲੀ, ਜਿਉਂਦੀ ਜਾਗਦੀ ਅਤੇ ਬੀਮਾਰ ਹੋ ਸਕਣ ਵਾਲੀ ਚੀਜ਼ ਮੰਨਣਾ, ਬੀਮਾਰੀ ਨੂੰ ਸ਼ਕਤੀਵਾਨ ਅਤੇ ਸਰੀਰ ਲਈ ਕਿਸੇ ਹਦ ਤਕ ਜ਼ਰੂਰੀ ਮੰਨਣਾ, ਬੀਮਾਰੀ ਤੋਂ ਡਰਨਾ ਆਦਿ ਮਨ ਦੇ ਗ਼ਲਤ ਨਿਸਚੇ ਹਨ ਜਿਹੜੇ ਇਸ ਨੂੰ ਬੀਮਾਰ ਕਰਨ ਦੇ ਵੱਡੇ ਕਾਰਨ ਹੁੰਦੇ ਹਨ। ਮਨ ਦੇ ਨਿਸਚੇ ਕਦੋਂ ਠੀਕ ਹੁੰਦੇ ਹਨ? ਜਦ ਮਨ ਨੂੰ ਆਪਣੀ ਅਸਲੀਅਤ ਦਾ ਪਤਾ ਲਗ ਜਾਵੇ। ਮਨ ਦੀ ਅਸਲੀਅਤ ਕੀ ਹੈ ? ਜਿਸ ਤਰ੍ਹਾਂ ਤਨ, ਮਨ ਦਾ ਪਰਛਾਵਾਂ ਹੈ ਇਸੇ ਤਰ੍ਹਾਂ ਹਕੀਕਤ ਵਿਚ ਮਨ ਆਤਮਾ ਦਾ ਪਰਛਾਵਾਂ (Reflection) ਹੈ, ਰਾਮ ਜਾਂ ਵਾਹਿਗੁਰੂ ਦਾ ਅੰਸ਼ ਹੈ, ਆਤਮਾ ਵਰਗੀ ਪੂਰਨ ਚੀਜ਼ ਹੈ। ਜਿਵੇਂ ਆਤਮਾ ਨੂੰ ਕੋਈ ਬੀਮਾਰੀ ਨਹੀਂ ਆ ਸਕਦੀ, ਉਸੇ ਤਰ੍ਹਾਂ ਆਪਣੀ ਅਸਲੀਅਤ ਤੋਂ ਵਾਕਿਫ਼ ਹੋਣ ਵਾਲੇ ਮਨ ਨੂੰ ਵੀ ਕਦੀ ਬੀਮਾਰੀ ਨਹੀਂ ਆ ਸਕਦੀ। ਸਰੀਰ ਇਕ ਜੜ੍ਹ ਵਸਤੂ (Innate) ਹੈ, ਇਸ ਵਿਚ ਨਾ ਜਾਨ

ਹੈ ਨਾ ਮਹਿਸੂਸ ਸ਼ਕਤੀ। ਇਸ ਉਤੇ ਬੀਮਾਰੀ ਉਸੇ ਤਰ੍ਹਾਂ ਕੋਈ ਅਸਰ ਨਹੀਂ ਕਰ ਸਕਦੀ ਜਿਵੇਂ ਕੁਰਸੀ ਜਾਂ ਮੇਜ਼ ਉਤੇ। ਸਰੀਰ ਕਦੀ ਆਪਣੇ ਆਪ ਬੀਮਾਰ ਨਹੀਂ ਹੁੰਦਾ। ਜਿਸ ਆਦਮੀ ਦੇ 'ਮਨ' ਨੂੰ ਆਪਣੀ ਅਸਲੀਅਤ ਦਾ ਗਿਆਨ ਹੋ ਜਾਵੇ ਉਹ 'ਮਨ' ਆਤਮਾ ਦੀ ਤਰ੍ਹਾਂ ਬੀਮਾਰੀ ਤੋਂ ਉਚਾ ਤੇ ਦੂਰ ਹੈ। ਜਿਹੜਾ ਮਨ ਆਪ ਬੀਮਾਰੀ ਤੋਂ ਉਚਾ ਹੋਵੇ ਉਸ ਦੇ ਤਨ ਉਤੇ ਕੋਈ ਬੀਮਾਰੀ ਅਸਰ ਨਹੀਂ ਕਰ ਸਕਦੀ।

ਅਗਰ ਆਪ ਬਿਮਾਰ ਰਹਿੰਦੇ ਹੋ ਤਾਂ ਇਸ ਦੀ ਵਜਹ ਇਹ ਹੈ ਕਿ ਆਪ ਨੂੰ ਆਪਣੀ ਅਸਲੀਅਤ ਭੁਲੀ ਹੋਈ ਹੈ। ਆਪ ਨੂੰ ਆਪਣੀ ਅਸਲੀਅਤ ਮੁੜ ਯਾਦ ਕਰਨ ਵਾਸਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਵਿਤਰ ਉਪਦੇਸ਼ ਯਾਦ ਰਖਣਾ ਚਾਹੀਦਾ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ।
. . . .
ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ।
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ।
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ।
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ।
ਕਹੈ ਨਾਨਕ ਮੰਨ ਮੇਰੇ ਸਦਾ ਰਹੁ ਹਰਿ ਨਾਲੇ।

ਹਰੀ ਨੂੰ ਯਾਦ ਕਰਨ ਵਾਲੇ, ਹਰੀ ਦੇ ਗੁਣ ਗਾਣ ਵਾਲੇ, ਹਰੀ ਦਾ ਸਿਮਰਨ ਕਰਨ ਵਾਲੇ ਗੁਰਸਿਖ ਦਾ 'ਮਨ' ਸਦਾ ਨਿਰਮਲ ਅਤੇ ਅਰੋਗ ਰਹੇਗਾ। ਉਸ ਨੂੰ ਆਪਣਾ ਅਤੇ ਹਰੀ ਦਾ ਰਿਸ਼ਤਾ ਸਦਾ ਯਾਦ ਰਹੇਗਾ ਜਿਸ ਕਰਕੇ ਉਹ ਕਦੀ ਬੀਮਾਰ ਨਹੀਂ ਹੋਵੇਗਾ।

ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ।
. . . .
ਨਾਮੁ ਅਉਖਧੁ ਮੋ ਕਉ ਸਾਧੂ ਦੀਆ।
ਕਿਲਬਿਖ ਕਾਟੇ ਨਿਰਮਲੁ ਥੀਆ।
ਅਨਦੁ ਭਇਆ ਨਿਕਸੀ ਸਭ ਪੀਰਾ।

ਸਗਲ ਬਿਨਾਸੇ ਦਰਦਾ ਜੀਉ।

— — —

ਦੂਖੁ ਦਰਦੁ ਭਰਮੁ ਭਉ ਨਸਿਆ।
ਕਰਣਹਾਰੁ ਨਾਨਕ ਮਨਿ ਬਸਿਆ।

. . . .

ਜੇਕਰ ਆਪ ਨੂੰ ਗੁਰਬਾਣੀ ਉਤੇ ਅਜੇ ਪੂਰਨ ਭਰੋਸਾ ਨਹੀਂ ਅਤੇ ਨਾਮ ਸਿਮਰਨ ਦਾ ਪੂਰਾ ਅਭਿਆਸ ਨਹੀਂ, ਤਾਂ ਆਪ ਸਿਦਕ ਭਰੋਸੇ ਵਾਸਤੇ ਸਚੇ ਦਿਲੋਂ ਪ੍ਰਾਰਥਨਾ ਕਰੋ ਅਤੇ ਵਾਹਿਗੁਰੂ ਅਗੇ ਅਰਦਾਸ ਕਰਕੇ ਉਸ ਡਾਕਟਰ ਦਾ ਇਲਾਜ ਭੀ ਕਰੋ ਜਿਸ ਤੇ ਆਪ ਦਾ ਭਰੋਸਾ ਹੋਵੇ ਅਤੇ ਉਹ ਦਵਾਈਆਂ ਵੀ ਵਰਤੋ ਜੋ ਤੁਹਾਡਾ ਡਾਕਟਰ ਤੁਹਾਨੂੰ ਦੇਵੇ। ਦਵਾਈ ਵਰਤਦਿਆਂ ਵੀ ਅਕਾਲ ਪੁਰਖ ਦਾਂ ਆਸਰਾ ਤਕੋ। ਆਪ ਨੂੰ ਸ਼ਾਇਦ ਪਤਾ ਹੋਵੇਗਾ ਕਿ ਸਭ ਡਾਕਟਰੀ ਵਿਦਿਆ ਅਨੁਸਾਰ, ਮਰੀਜ਼ ਨੂੰ ਰਾਜ਼ੀ ਹੋਣ ਵਿਚ ਦਵਾਈਆਂ ਕੇਵਲ ਮਦਦ ਕਰਦੀਆਂ ਹਨ, ਮਰੀਜ਼ ਨੂੰ ਰਾਜ਼ੀ ਕੇਵਲ ਵਾਹਿਗੁਰੂ ਕਰਦਾ ਹੈ। ਮਰੀਜ਼ ਰਾਜ਼ੀ ਅੰਦਰੋਂ ਵਾਹਿਗੁਰੂ ਦੀ ਕਲਾ ਨਾਲ ਹੁੰਦਾ ਹੈ, ਦਵਾਈਆਂ ਕੇਵਲ ਕੁਦਰਤ ਦੀ ਮਦਦ ਵਾਸਤੇ ਹੁੰਦੀਆਂ ਹਨ। ਦੇਖਿਆ ਗਿਆ ਹੈ ਕਿ ਵਾਹਿਗੁਰੂ ਦੀ ਮੇਹਰ ਉਤੇ ਭਰੋਸਾ ਰਖ ਕੇ ਖਾਧੀਆਂ ਦਵਾਈਆਂ ਦਾ ਅਸਰ ਵਧ ਜਾਂਦਾ ਹੈ। ਇਸ ਲਈ ਜੇਕਰ ਆਪ ਦੀ ਬੀਮਾਰੀ ਖ਼ਤਰਨਾਕ ਹੈ ਜਾਂ ਪੁਰਾਣੀ ਹੈ ਅਤੇ ਆਪ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਿਖਸ਼ਾ ਉਤੇ ਉਹ ਭਰੋਸਾ ਨਹੀਂ ਜਿਹੜਾ ਕਿ ਗੁਰਬਾਣੀ ਦੇ ਆਤਮਕ ਅਸੂਲਾਂ ਨੂੰ ਸਫਲਤਾ ਨਾਲ ਵਰਤਣ ਲਈ ਜ਼ਰੂਰੀ ਹੁੰਦਾ ਹੈ, ਤਾਂ ਇਹ ਕੋਈ ਸ਼ਰਮ ਵਾਲੀ ਗਲ ਨਹੀਂ। ਭਰੋਸਾ ਸਿਦਕ ਵੀ ਪ੍ਰਾਰਥਨਾ ਕਰਨ ਨਾਲ ਮਿਲ ਸਕੇਗਾ, ਅਤੇ ਵਾਹਿਗੁਰੂ ਜੀ ਦੀ ਮੇਹਰ ਦੀ ਆਸ ਉਤੇ ਵਰਤੀਆਂ ਦਵਾਈਆਂ ਵੀ ਬੜਾ ਗੁਣ ਕਰਨਗੀਆਂ।

❐ ❐ ❐

ਰੋਜ਼ਾਨਾ ਪ੍ਰੋਗਰਾਮ

ਮੇਰੀ ਪਰਚਾਰ ਫੇਰੀ ਵਿਚ ਮੈਨੂੰ ਕਈ ਮਿਤਰ ਐਸੇ ਵੀ ਮਿਲੇ, ਜਿਨ੍ਹਾਂ ਆਖਿਆ ਕਿ ਅਸੀਂ ਚਾਹੁੰਦੇ ਤਾਂ ਹਾਂ ਨਾਮ ਜਪੀਏ ਅਤੇ ਗੁਰਮਤ ਦੀ ਵਿਚਾਰ ਕਰੀਏ, ਪਰ ਮਜਬੂਰ ਹਾਂ, ਦੁਨਿਆਵੀ ਧੰਦਿਆਂ ਤੇ ਝਮੇਲਿਆਂ ਵਿਚੋਂ ਫ਼ੁਰਸਤ ਹੀ ਨਹੀਂ ਮਿਲਦੀ, ਨਾਮ ਜਪਣ ਦਾ ਸਮਾਂ ਨਹੀਂ ਨਿਕਲਦਾ। ਐਸੇ ਮਿਤਰਾਂ ਨੂੰ ਨਾਮ ਜਾਪ ਤੇ ਗੁਰਬਾਣੀ ਦੀ ਵਿਚਾਰ ਦਾ ਸਮਾਂ ਇਸ ਕਰਕੇ ਨਹੀਂ ਮਿਲਦਾ ਕਿ ਉਨ੍ਹਾਂ ਨੇ ਇਸ ਸ਼ੁਭ ਤੇ ਪਵਿਤਰ ਕੰਮਾਂ ਨੂੰ, ਜੀਵਨ ਦੇ ਹੋਰ ਕੰਮਾਂ ਨਾਲੋਂ ਘਟ ਜ਼ਰੂਰੀ ਸਮਝਿਆ ਹੋਇਆ ਹੈ। ਐਸੇ ਮਿੱਤਰਾਂ ਨੂੰ ਪਤਾ ਨਹੀਂ ਕਿ ਗੁਰਬਾਣੀ ਤੇ ਸਿਮਰਨ ਦੇ ਜੀਵਨ ਦਾ ਦੁਨਿਆਵੀ ਤਰੱਕੀ ਤੇ ਸਫਲਤਾ ਨਾਲ ਕੀ ਸੰਬੰਧ ਹੈ ? ਜੇਕਰ ਉਹਨਾਂ ਨੂੰ ਵੀ ਇਹ ਪਤਾ ਲਗ ਜਾਵੇ ਕਿ ਬਾਹਰ ਦੀ ਦੁਨੀਆਂ ਉਹਨਾਂ ਦੀ ਅੰਦਰਲੀ ਦੁਨੀਆਂ ਦਾ ਪਰਛਾਵਾਂ ਹੈ ਅਤੇ ਅੰਦਰਲੀ ਦੁਨੀਆਂ ਨੂੰ ਰਾਸ ਕੀਤਿਆਂ ਬਾਹਰ ਦੀ ਦੁਨੀਆਂ ਰਾਸ ਹੋ ਜਾਂਦੀ ਹੈ, ਤਾਂ ਉਹ ਨਾਮ ਤੇ ਗੁਰਬਾਣੀ ਨੂੰ ਆਪਣੇ ਲਾਭਾਂ ਹਿਤ ਸਭ ਤੋਂ ਜ਼ਰੂਰੀ ਸਮਝਣ।

ਐਸੇ ਮਿਤਰ ਨਾਮ ਤੇ ਗੁਰਬਾਣੀ ਤੋਂ ਬਗੈਰ ਆਪਣੇ ਆਪ ਨੂੰ ਸੁਖੀ ਤੇ ਸੰਤੁਸ਼ਟ ਬਨਾਉਣ ਦੀ ਕੋਸ਼ਿਸ਼ ਵਿਚ ਹਨ। ਪਰ ਮਹਾਂਪੁਰਸ਼ਾਂ ਦੇ ਫੈਸਲੇ ਅਨੁਸਾਰ ਉਹ ਸੁਖੀ ਹੋ ਨਹੀਂ ਸਕਦੇ। ਸੁਖੀ ਹੋਣ ਵੀ ਕਿਸ ਤਰ੍ਹਾਂ ? ਉਹ ਸੁਖ ਅਤੇ ਸ਼ਾਂਤੀ ਨੂੰ ਆਪਣੀ ਅੰਦਰਲੀ ਦੁਨੀਆਂ ਵਿਚ ਪੈਦਾ ਕੀਤੇ ਬਗੈਰ ਬਾਹਰ ਦੀ ਦੁਨੀਆਂ ਜਾਂ ਜਗਤ ਵਿਚੋਂ ਪਏ ਲੱਭਦੇ ਹਨ, ਜੋ ਕਿ ਉਥੇ ਹੈ ਨਹੀਂ।

ਸੁਖੁ ਨਾਹੀ ਬਹੁਤੈ ਧਨਿ ਖਾਟੈ।
ਸੁਖੁ ਨਾਹੀ ਪੇਖੇ ਨਿਰਤਿ ਨਾਟੈ।

ਸੁਖੁ ਨਾਹੀ ਬਹੁ ਦੇਸ ਕਮਾਏ।
ਸਰਬ ਸੁਖਾ ਹਰਿ ਹਰਿ ਗੁਣ ਗਾਏ।
ਸੂਖ ਸਹਜ ਆਨੰਦ ਲਹਹੁ।
ਸਾਧਸੰਗਤਿ ਪਾਈਐ ਵਡਭਾਗੀ
ਗੁਰਮੁਖਿ ਹਰਿ ਹਰਿ ਨਾਮੁ ਕਹਹੁ।
. . . .

ਇਨਸਾਨ ਆਪਣਾ ਭਲਾ ਚਾਹੁੰਦਾ ਹੈ, ਸਦਾ ਸੁਖੀ ਤੇ ਅਰੋਗ ਰਹਿਣਾ ਚਾਹੁੰਦਾ ਹੈ। ਇਨਸਾਨ ਦੇ ਸਭ ਕਰਮਾਂ ਤੇ ਕੋਸ਼ਿਸ਼ਾਂ ਦੀ ਤਹਿ ਵਿਚ, ਉਸ ਦੀ ਸੁਖੀ ਅਰੋਗ ਤੇ ਬੇਮੁਥਾਜ ਹੋਣ ਦੀ ਰੁਚੀ ਕਾਇਮ ਹੈ। ਪਰ ਹਰ ਇਨਸਾਨ ਆਪਣੀ ਆਪਣੀ ਸਮਝ ਅਤੇ ਵਾਕਫੀਅਤ ਅਨੁਸਾਰ ਹੀ ਸੁਖ ਦੀ ਪਰਾਪਤੀ ਦੀਆਂ ਕੋਸ਼ਿਸ਼ਾਂ ਕਰਦਾ ਹੈ। ਜਿਸ ਨੂੰ ਜਿਸ ਪਾਸਿਓਂ ਸੁਖ ਦੀ ਪਰਾਪਤੀ ਦੀ ਆਸ ਨਜ਼ਰ ਆਉਂਦੀ ਹੈ, ਉਹ ਉਸੇ ਪਾਸੇ ਆਪਣਾ ਸਮਾਂ ਤੇ ਕੋਸ਼ਸ਼ਾਂ ਲਗਾਂਦਾ ਹੈ।

ਗੁਰਸਿਖ ਨੂੰ, ਸ੍ਰੀ ਗੁਰੂ ਗਰੰਥ ਸਾਹਿਬ ਦੇ ਸਿਖ ਨੂੰ, ਜਦ ਇਹ ਨਿਸਚਾ ਹੋ ਜਾਵੇ ਕਿ ਸਦੀਵੀ ਤੇ ਪੱਕਾ ਸੁਖ ਉਸ ਨੂੰ ਆਪਣੇ ਅੰਦਰੋਂ ਗੁਰਬਾਣੀ ਦੀ ਵਿਚਾਰ ਅਤੇ ਨਾਮ ਦੀ ਸਹਾਇਤਾ ਨਾਲ ਹਾਸਲ ਹੋਣਾ ਹੈ, ਤਾਂ ਉਸ ਲਈ ਗੁਰਬਾਣੀ ਤੇ ਨਾਮ ਇਕ ਅਤੀ ਜ਼ਰੂਰੀ ਤੇ ਅਤੀ ਲੋੜੀਂਦੀ ਵਸਤੂ ਬਣ ਜਾਂਦੀਆਂ ਹਨ। ਉਸ ਦੇ ਰੋਜ਼ਾਨਾ ਪ੍ਰੋਗਰਾਮ ਵਿਚ ਫਿਰ ਪਹਿਲੇ ਦਰਜੇ ਦੀ ਜ਼ਰੂਰੀ ਚੀਜ਼ ਗੁਰਬਾਣੀ ਦੀ ਵਿਚਾਰ ਤੇ ਨਾਮ ਕਮਾਈ ਹੋ ਜਾਂਦੀ ਹੈ।

ਆਤਮ ਸਾਇੰਸ (ਗੁਰਮਤ) ਦੇ ਵਿਦਿਆਰਥੀ ਦਾ ਜੀਵਨ ਆਦਰਸ਼ ਸਦੀਵੀ ਤੇ ਅਬਿਨਾਸ਼ੀ ਸੁਖ ਦੀ ਪਰਾਪਤੀ ਹੈ। ਇਹ ਸੁਖ ਗੁਰਬਾਣੀ ਦੀ ਵਿਚਾਰ ਅਤੇ ਕਮਾਈ ਤੋਂ ਹਾਸਲ ਹੁੰਦਾ ਹੈ। ਇਸ ਲਈ ਗੁਰਸਿਖ ਦੇ ਰੋਜ਼ਾਨਾ ਪ੍ਰੋਗਰਾਮ ਵਿਚ ਗੁਰਬਾਣੀ ਦੀ ਵਿਚਾਰ ਅਤੇ ਨਾਮ ਸਿਮਰਨ, ਪਹਿਲੇ ਦਰਜੇ ਦੀ ਜ਼ਰੂਰੀ ਚੀਜ਼ ਹੁੰਦੀ ਹੈ। ਦੂਸਰੇ ਦਰਜੇ ਦੀ ਜ਼ਰੂਰੀ ਚੀਜ਼ ਗੁਰਸਿਖ ਲਈ ਸੇਹਤ ਹੈ, ਤੰਦਰੁਸਤੀ ਹੈ। ਅਗਰ ਸੇਹਤ ਠੀਕ ਹੋਵੇ ਤਾਂ ਗੁਰਬਾਣੀ ਦੀ ਵਿਚਾਰ ਤੇ ਸਿਮਰਨ ਚੰਗੀ ਤਰ੍ਹਾਂ ਹੋ ਸਕਦਾ ਹੈ। ਤੀਸਰੀ ਜ਼ਰੂਰੀ ਚੀਜ਼ ਜੋ ਗੁਰਸਿਖ ਦੇ ਰੋਜ਼ਾਨਾ ਜੀਵਨ ਵਿਚ ਥਾਂ ਲੈਂਦੀ ਹੈ, ਉਹ ਹੈ ਦਸਾਂ ਨੌਹਾਂ ਅਤੇ ਹੱਕ ਹਲਾਲ ਦੀ ਕਮਾਈ। ਚੌਥੇ ਦਰਜੇ ਤੇ ਗੁਰਸਿਖ, ਭਾਈਚਾਰਕ

ਮੇਲ ਮਿਲਾਪ ਤੇ ਸੁਸਾਇਟੀ ਵਿਚ ਉਠਣਾ ਬੈਠਣਾ ਰਖਦਾ ਹੈ। ਅਤੇ ਪੰਜਵੇਂ ਦਰਜੇ ਉਤੇ ਉਹ ਸ਼ੁਭ ਸੰਸਾਰਕ ਸ਼ੁਗਲ, ਹਸਣਾ, ਖੇਡਣਾ ਤੇ ਸ਼ੁਭ ਰੰਗ ਤਮਾਸ਼ੇ ਰਖਦਾ ਹੈ।

ਅਗਰ ਆਪਣੇ ਰੋਜ਼ਾਨਾ ਜੀਵਨ ਦੇ ਪ੍ਰੋਗਰਾਮ ਨੂੰ ਇਸ ਪ੍ਰਕਾਰ ਬਣਾ ਲੀਤਾ ਜਾਵੇ, ਤਾਂ ਜੀਵਨ ਦਾ ਸਭ ਤੋਂ ਜ਼ਰੂਰੀ ਕੰਮ, ਨਾਮ ਤੇ ਬਾਣੀ ਹੋ ਜਾਵੇਗਾ ਅਤੇ ਭਾਵੇਂ ਕੁਝ ਹੋ ਜਾਵੇ, ਇਸ ਵਿਚ ਨਾਗਾ ਨਹੀਂ ਹੋਵੇਗਾ। ਐਸੇ ਪ੍ਰੋਗਰਾਮ ਵਿਚ ਅਗਰ ਨਾਗਾ ਪਵੇਗਾ ਤਾਂ ਕੇਵਲ ਪਿਛਲੀਆਂ ਆਈਟਮਜ਼ (Items) ਭਾਈਚਾਰਕ ਮੇਲ ਮਿਲਾਪ ਜਾਂ ਸ਼ੁਭ ਸ਼ੁਗਲ ਤੇ ਹੱਸਣ ਖੇਡਣ ਵਿਚ ਪਵੇਗਾ।

ਅਜ ਕਲ ਆਮ ਕਰਕੇ ਅਸੀਂ ਨਾਮ ਸਿਮਰਨ ਤੇ ਗੁਰਬਾਣੀ ਦਾ ਦਰਜਾ ਆਪਣੇ ਰੋਜ਼ਾਨਾ ਪ੍ਰੋਗਰਾਮ ਵਿਚ ਸਭ ਤੋਂ ਪਿਛੋਂ ਰਖਦੇ ਹਾਂ, ਇਸ ਕਰਕੇ ਜਿਸ ਦਿਨ ਵੀ ਕੋਈ ਫਾਲਤੂ ਜਾਂ ਵਧੇਰੇ ਕੰਮ ਆ ਪਵੇ, ਉਸ ਦਾ ਅਸਰ ਨਾਮ ਸਿਮਰਨ ਅਤੇ ਗੁਰਬਾਣੀ ਦੀ ਵਿਚਾਰ ਦੇ ਸਮੇਂ ਉਤੇ ਜਾ ਪੈਂਦਾ ਹੈ ਅਤੇ ਐਸੀ ਜ਼ਰੂਰੀ ਗਲ ਰਹਿ ਜਾਂਦੀ ਹੈ।

ਤਜਰਬੇ ਨੇ ਦਸਿਆ ਹੈ ਕਿ ਜਿਸ ਦਿਨ ਗੁਰਬਾਣੀ ਦੀ ਵਿਚਾਰ ਤੇ ਨਾਮ ਸਿਮਰਨ ਵਿਚ ਚੰਗੀ ਤਰ੍ਹਾਂ ਮਨ ਟਿਕੇ, ਤਾਂ ਮਨ ਵਿਚ ਉਹ ਟਿਕਾਉ ਤੇ ਖੇੜਾ ਪੈਦਾ ਹੁੰਦਾ ਹੈ ਜੋ ਸਾਰੇ ਦਿਨ ਦੇ ਹੋਰ ਪ੍ਰੋਗਰਾਮ ਨੂੰ ਵੀ ਰੌਣਕ ਤੇ ਸਫਲਤਾ ਬਖਸ਼ਦਾ ਹੈ। ਇਸ ਦੇ ਉਲਟ ਇਹ ਵੀ ਦੇਖਿਆ ਗਿਆ ਕਿ ਜਿਸ ਦਿਨ ਗੁਰਸਿਖ ਸਿਮਰਨ ਤੇ ਗੁਰਬਾਣੀ ਵਿਚ ਨਾਗਾ ਪਾ ਦੇਵੇ, ਜਾਂ ਦਿਲ ਲਗਾ ਕੇ ਚੰਗੀ ਤਰ੍ਹਾਂ ਗੁਰਬਾਣੀ ਦੀ ਵਿਚਾਰ ਨਾ ਕਰੇ, ਇਸ ਦਾ ਅਸਰ ਸਾਰੇ ਦਿਨ ਦੇ ਕੰਮਾਂ ਤੇ ਪੈਂਦਾ ਤੇ ਵਿਘਣ ਪੈਦਾ ਹੁੰਦੇ ਹਨ।

ਕਿਉਂਕਿ ਆਤਮਾ ਤੇ ਮਨ ਦੀ ਨਿਰਮਲਤਾ ਅਤੇ ਸ਼ਕਤੀ ਉਤੇ ਸਾਡੀ ਸਾਰੀ ਜੀਵਨ ਸਫਲਤਾ ਨਿਰਭਰ ਹੈ, ਇਸ ਲਈ ਹਰ ਰੋਜ਼ ਸਿਮਰਨ ਤੇ ਗੁਰਬਾਣੀ ਨਾਲ ਆਤਮਾ ਤੇ ਮਨ ਨੂੰ ਖੇੜੇ ਵਿਚ ਲਿਆਇਆਂ ਸਾਰੇ ਦਿਨ ਦਾ ਪ੍ਰੋਗਰਾਮ ਸਫਲ ਤੇ ਸੁਹਾਵਨਾ ਹੋ ਜਾਂਦਾ ਹੈ।

ਆਤਮ ਸਾਇੰਸ ਦੇ ਉਹਨਾਂ ਵਿਦਿਆਰਥੀਆਂ ਲਈ ਜੋ ਸਿਮਰਨ ਤੇ ਗੁਰਬਾਣੀ ਦੀ ਵਿਚਾਰ ਦੇ ਜ਼ਰੀਏ ਇਸੇ ਜਨਮ ਵਿਚ ਕਿਸੇ ਉਚੇ ਆਤਮ ਮਰਾਤਬੇ ਤੇ ਪਹੁੰਚਣਾ ਚਾਹੁੰਦੇ ਹਨ, ਇਹ ਜ਼ਰੂਰੀ ਹੈ ਕਿ ਉਹਨਾਂ ਦੇ ਰੋਜ਼ਾਨਾ

ਪ੍ਰੋਗਰਾਮ ਵਿਚ ਕੰਮਾਂ ਦੀ ਮਹੱਤਤਾ ਦੀ ਤਰਤੀਬ ਇਸ ਪਰਕਾਰ ਹੋਵੇ— ਨੰਬਰ ਇਕ ਗੁਰਬਾਣੀ ਦੀ ਵਿਚਾਰ ਅਤੇ ਸਿਮਰਨ ਅਭਿਆਸ। ਨੰਬਰ ਦੋ — ਆਪਣੀ ਸਿਹਤ ਤੇ ਤੰਦਰੁਸਤੀ। ਨੰਬਰ ਤਿੰਨ — ਆਪਣਾ ਵਪਾਰ, ਨੌਕਰੀ, ਧੰਧਾ ਆਦਿ। ਨੰਬਰ ਚਾਰ — ਭਾਈਚਾਰਕ ਮੇਲ ਜੋਲ ਜਾਂ ਸੁਸਾਇਟੀ ਦੀ ਸੇਵਾ ਆਦਿ। ਨੰਬਰ ਪੰਜ — ਸ਼ੁਭ ਖ਼ੁਸ਼ੀਆਂ (Innocent pleasures) ਤੇ ਹਸਣਾ ਖੇਡਣਾ।

ਇਸ ਤਰ੍ਹਾਂ ਦਾ ਰੋਜ਼ਾਨਾ ਪ੍ਰੋਗਰਾਮ ਬਣਾਇਆਂ ਫਿਰ ਇਹ ਆਖ ਸਕਣਾ ਅਸੰਭਵ ਹੋਏਗਾ ਕਿ ਸਾਨੂੰ ਨਾਮ ਅਤੇ ਬਾਣੀ ਦੀ ਵਿਚਾਰ ਲਈ ਸਮਾਂ ਨਹੀਂ ਮਿਲਦਾ।

ਕੀ ਆਪ ਦਾ ਫਸਾਦਾਂ ਵਿਚ ਬਹੁਤ ਨੁਕਸਾਨ ਹੋਇਆ ਹੈ?

ਅਜ ਕਲ੍ਹ ਪੰਜਾਬ ਵਿਚ ਲੱਖਾਂ ਐਸੇ ਪੁਰਸ਼ ਇਸਤਰੀਆਂ ਮਿਲਣਗੇ ਜਿਨ੍ਹਾਂ ਦਾ ਫਿਰਕੂ ਫ਼ਸਾਦ ਵਿਚ ਸਭ ਕੁਝ ਤਬਾਹ ਹੋ ਗਿਆ ਹੋਵੇ ਜਿਹੜੇ ਕਲ੍ਹ ਚੰਗੇ ਭਲੇ ਇੱਜ਼ਤ ਦਾ ਜੀਵਨ ਬਤੀਤ ਕਰ ਰਹੇ ਸਨ ਅਤੇ ਅਜ ਫਟੇ ਪੁਰਾਣੇ ਚੀਥੜਿਆਂ ਵਿਚ ਬਦਨ ਢਕੀ ਸ਼ਰਨਾਗਤ ਕੈਂਪਾਂ ਵਿਚ ਸੜ ਰਹੇ ਹਨ, ਇਹਨਾਂ ਦਾ ਨਾ ਘਰ, ਨਾ ਘਾਟ ਰਿਹਾ। ਪਿਛਲੀ ਦੁਨੀਆਂ ਤਬਾਹ ਅਤੇ ਅਗੇ ਲਈ ਸਿਵਾਏ ਹਨ੍ਹੇਰੇ ਦੇ ਹੋਰ ਕੁਝ ਨਜ਼ਰ ਨਹੀਂ ਆ ਰਿਹਾ। ਐਸੇ ਮਿਤਰਾਂ ਨਾਲ ਸਾਡੀ ਪੂਰਨ ਹਮਦਰਦੀ ਹੈ ਅਤੇ ਇਹ ਹਮਦਰਦੀ ਕੇਵਲ ਲਫਜ਼ੀ ਹਮਦਰਦੀ ਨਹੀਂ। ਸਾਡੇ ਬਜ਼ੁਰਗ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ, ਲਾਹੌਰ ਵਿਖੇ ਆਬਾਦ ਹੋਏ ਸਨ ਅਤੇ ਓਦੋਂ ਤੋਂ ਲੈ ਕੇ ਲਾਹੌਰ ਵਿਖੇ ਹੀ ਸਾਡੀ ਸਾਰੀ ਜਾਇਦਾਦ ਸੀ। ਇਹਨਾਂ ਫਿਰਕੂ ਫ਼ਸਾਦਾਂ ਵਿਚ ਦੁਨਿਆਵੀ ਤੌਰ ਉਤੇ ਸਾਡੀ ਅਤੇ ਸਾਡੇ ਰਿਸ਼ਤੇਦਾਰਾਂ ਦੀ ਸਾਰੀ ਜਾਇਦਾਦ ਲਾਹੌਰ ਵਿਚ ਤਬਾਹ ਹੋ ਗਈ। ਇਸ ਲਈ ਸਾਡੀ ਹਮਦਰਦੀ ਉਹਨਾਂ ਲੱਖਾਂ ਪੰਜਾਬੀ ਭਰਾਵਾਂ ਨਾਲ ਦਿਲੀ ਸਮਝੀ ਜਾਣੀ ਚਾਹੀਦੀ ਹੈ, ਜਿਨ੍ਹਾਂ ਦਾ ਇਹਨਾਂ ਫਸਾਦਾਂ ਵਿਚ ਬੜਾ ਨੁਕਸਾਨ ਹੋਇਆ ਹੈ।

ਜਿਥੇ ਸਾਨੂੰ ਫਸਾਦਾਂ ਵਿਖੇ ਤਬਾਹ ਹੋ ਗਏ ਮਿਤਰਾਂ ਨਾਲ ਪੂਰਨ ਹਮਦਰਦੀ ਹੈ, ਉਥੇ ਅਸੀਂ ਉਹਨਾਂ ਦੇ ਚਰਨਾਂ ਵਿਚ, ਆਪਣੇ ਨਿਜੀ ਤਜਰਬੇ ਦੀ ਬਿਨਾ ਉਤੇ ਕੁਝ ਬੇਨਤੀਆਂ ਕਰਨੀਆਂ ਚਾਹੁੰਦੇ ਹਾਂ, ਜਿਨ੍ਹਾਂ ਵਲ ਅਗਰ ਉਹ ਧਿਆਨ ਦੇਣਗੇ ਤਾਂ ਆਸ ਹੈ ਕਿ ਉਹਨਾਂ ਦੀ ਮੌਜੂਦਾ ਪਰੇਸ਼ਾਨੀ ਤੇ ਚਿੰਤਾ ਕਾਫੀ ਹਦ ਤਕ ਦੂਰ ਹੋ ਜਾਵੇਗੀ। ਸਭ ਤੋਂ ਪਹਿਲੇ ਅਸੀਂ ਉਹਨਾਂ ਨੂੰ ਇਹ ਆਤਮਕ ਅਸੂਲ ਦਸਣਾ ਚਾਹੁੰਦੇ ਹਾਂ ਕਿ ਦੁਨੀਆਂ ਵਿਚ ਜਿਸ

ਚੀਜ਼ ਨੂੰ ਅਸੀਂ ਜਿਸ ਨਿਗਾਹ ਨਾਲ ਦੇਖੀਏ, ਉਹ ਚੀਜ਼ ਸਾਨੂੰ ਵੈਸੀ ਹੀ ਨਜ਼ਰ ਆਉਂਦੀ ਹੈ। ਜਿਸ ਮੁਸੀਬਤ ਨੂੰ ਅਸੀਂ ਬੜੀ ਵਡੀ ਮੁਸੀਬਤ ਮੰਨ ਲਈਏ, ਉਹ ਸਾਨੂੰ ਭਿਆਨਕ ਹੋ ਕੇ ਨਜ਼ਰ ਆਉਣ ਲਗ ਜਾਵੇਗੀ। ਜਿਸ ਮੁਸੀਬਤ ਨੂੰ ਅਸੀਂ ਮਾਮੂਲੀ ਸਮਝੀਏ ਉਹ ਮਾਮੂਲੀ ਬਣ ਜਾਵੇਗੀ। ਇਹ ਇਕ ਮੰਨਿਆ ਪ੍ਰਮੰਨਿਆ ਆਤਮਕ ਕਾਨੂੰਨ ਹੈ ਕਿ ਸਰਿਸ਼ਟੀ ਨੂੰ ਜਿਸ ਦਰਿਸ਼ਟੀ ਨਾਲ ਦੇਖੋ ਉਹ ਉਸੇ ਤਰ੍ਹਾਂ ਦੀ ਭਾਸਦੀ ਹੈ। ਇਸ ਕਰਕੇ ਤੁਸੀਂ ਆਪਣੀ ਮੁਸੀਬਤ ਨੂੰ ਜੇਕਰ ਅਜਿੱਤ ਅਤੇ ਲਾਇਲਾਜ ਸਮਝੋਗੇ ਤਾਂ ਉਹ ਤੁਹਾਨੂੰ ਡਾਹਢੀ ਕਾਲੀ ਅਤੇ ਭਿਆਨਕ ਲਗੇਗੀ। ਐਪਰ ਜੇਕਰ ਤੁਸੀਂ ਇਹ ਸਮਝੋਗੇ ਕਿ ਜੋ ਤੁਹਾਡੇ ਨਾਲ ਹੋਇਆ ਹੈ ਇਸ ਤੋਂ ਵਧੇਰੇ ਹੋ ਸਕਦਾ ਸੀ, ਕਿਉਂਕਿ ਕਈ ਭਰਾਵਾਂ ਨਾਲ ਇਸ ਤੋਂ ਵੀ ਵਧ ਹੋਈ ਹੈ, ਤੁਸੀਂ ਤਾਂ ਸਹੀ ਸਲਾਮਤ ਜਿਉਂਦੇ ਹੋ, ਬਹੁਤ ਇਨਸਾਨ ਤਾਂ ਇਸ ਘਲੂਘਾਰੇ ਵਿਚ ਮਰ ਗਏ ਹਨ, ਤਾਂ ਤੁਹਾਡੇ ਹਿਰਦੇ ਵਿਚੋਂ ਤੁਹਾਨੂੰ ਜਿਉਂਦੇ ਤੇ ਸਲਾਮਤ ਰਖਣ ਵਾਲੇ ਵਾਹਿਗੁਰੂ ਵਾਸਤੇ ਸ਼ੁਕਰ ਪੈਦਾ ਹੋਵੇ ਤਾਂ ਤੁਹਾਡੀ ਪਰੇਸ਼ਾਨੀ, ਚਿੰਤਾ, ਡਰ ਅਤੇ ਨਫ਼ਰਤ ਤੁਹਾਨੂੰ ਹਰ ਵੇਲੇ ਦੁਖੀ ਕਰਨਾ ਛਡ ਦੇਣਗੀਆਂ ਅਤੇ ਤੁਹਾਡਾ ਅਤੇ ਸਰਬਸ਼ਕਤੀਮਾਨ ਵਾਹਿਗੁਰੂ ਦਾ ਤੁਹਾਡੇ ਅੰਦਰ ਰਿਸ਼ਤਾ ਖੁਲ੍ਹ ਜਾਵੇਗਾ।

ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਡਾ ਜੋ ਕੁਝ ਵੀ ਗਵਾਚਿਆ ਹੈ ਜਾਂ ਤਬਾਹ ਹੋਇਆ ਹੈ, ਇਹ ਵਾਹਿਗੁਰੂ ਜੀ ਦੀ ਕਿਰਪਾ ਨਾਲ ਹੀ ਤੁਹਾਨੂੰ ਮਿਲਿਆ ਸੀ। ਦੁਨੀਆਂ ਵਿਚ ਜੋ ਕੋਸ਼ਸ਼ਾਂ ਇਨਸਾਨ ਕਰਦਾ ਹੈ, ਉਹਨਾਂ ਨੂੰ ਸਫਲਤਾ ਦਾ ਦਰਜਾ ਵਾਹਿਗੁਰੂ ਦੀ ਅਗੰਮੀ ਕਿਰਪਾ ਜਾਂ ਸਹਾਇਤਾ ਨਾਲ ਮਿਲਦਾ ਹੈ। ਇਨਸਾਨੀ ਕੋਸ਼ਸ਼ਾਂ ਅਤੇ ਉਹਨਾਂ ਕੋਸ਼ਸ਼ਾਂ ਦੀ ਸਫਲਤਾ ਦੇ ਵਿਚਕਾਰ ਸਦਾ ਇਕ ਖੱਪਾ ਹੁੰਦਾ ਹੈ ਜੋ ਵਾਹਿਗੁਰੂ ਦੀ ਕਿਰਪਾ ਨਾਲ ਭਰਿਆ ਜਾਂਦਾ ਹੈ। ਜਦ ਤਕ ਉਹ ਖੱਪਾ ਵਾਹਿਗੁਰੂ ਦੀ ਕਿਰਪਾ ਦਵਾਰਾ ਨਾ ਭਰਿਆ ਜਾਵੇ, ਇਨਸਾਨੀ ਕੋਸ਼ਸ਼ਾਂ ਨੂੰ ਫਲ ਨਹੀਂ ਲਗਦਾ, ਜਾਂ ਇਨਸਾਨੀ ਕੋਸ਼ਸ਼ਾਂ ਸਫਲਤਾ ਦੇ ਦਰਜੇ ਤਕ ਨਹੀਂ ਪਹੁੰਚ ਸਕਦੀਆਂ। ਇਸੇ ਕਰਕੇ ਇਨਸਾਨ ਦੀ ਹਰ ਇਕ ਕੋਸ਼ਸ਼ ਸਫਲਤਾ ਹਾਸਲ ਨਹੀਂ ਕਰਦੀ। ਜੇਕਰ ਤੁਸੀਂ ਇਸ ਆਤਮਕ ਸਿਧਾਂਤ ਨੂੰ ਸਮਝ ਜਾਵੋ ਤਾਂ ਤੁਹਾਨੂੰ ਯਕੀਨ ਆ ਜਾਵੇਗਾ ਕਿ ਤੁਹਾਨੂੰ ਜੋ ਕੁਝ ਪਿਛੇ ਮਿਲਿਆ ਸੀ ਉਹ ਵਾਹਿਗੁਰੂ ਜੀ

ਦੀ ਕਿਰਪਾ ਦਾ ਸਦਕਾ ਸੀ। ਹੁਣ ਜਦ ਵਾਹਿਗੁਰੂ ਦੀਆਂ ਦਿਤੀਆਂ ਹੋਈਆਂ ਦਾਤਾਂ ਤੁਹਾਡੇ ਕੋਲੋਂ ਖੁਸ ਗਈਆਂ ਹਨ ਤਾਂ ਸਰਿਸ਼ਟੀ ਨੂੰ ਅਨੰਤ ਦਾਤਾਂ ਦੇਣ ਵਾਲਾ ਦਾਤਾ ਵਾਹਿਗੁਰੂ ਤਾਂ ਤੁਹਾਡੇ ਸਿਰ ਤੇ ਅਜੇ ਵੀ ਕਾਇਮ ਹੈ। ਜੇਕਰ ਤੁਹਾਡੇ ਸਿਰ ਤੇ ਤੁਹਾਡਾ ਰਾਖਾ ਤੇ ਸਹਾਰਾ ਕਾਇਮ ਹੈ ਤਾਂ ਤੁਹਾਨੂੰ ਫਿਕਰ ਕਾਹਦਾ ? ਉਹ ਤੁਹਾਨੂੰ ਸਭ ਕੁਝ ਮੁੜ ਕੇ ਦੇ ਸਕਦਾ ਹੈ। ਅਸਲ ਅਰਥਾਂ ਵਿਚ ਤਬਾਹ ਉਹ ਹੁੰਦਾ ਹੈ ਜਿਸ ਦਾ ਵਾਹਿਗੁਰੂ ਵਿਚ ਯਕੀਨ ਤਬਾਹ ਹੋ ਜਾਵੇ। ਜਿਸ ਦਾ ਵਾਹਿਗੁਰੂ ਕਾਇਮ ਹੈ, ਉਸ ਦਾ ਇਸ ਜਗਤ ਵਿਚ ਕੁਝ ਵੀ ਕਦੀ ਵੀ ਤਬਾਹ ਨਹੀਂ ਹੋ ਸਕਦਾ। ਤੁਸੀਂ ਵਾਹਿਗੁਰੂ ਜੀ ਤੇ ਨਿਸਚਾ ਰਖ ਕੇ, ਉਸ ਨਾਲ ਈਮਾਨਦਾਰੀ ਨਾਲ ਮਿਲਵਰਤਨ ਕਰੀ ਜਾਵੋ, ਤੁਹਾਨੂੰ ਉਹ ਫੇਰ ਸਭ ਕੁਝ ਦੇ ਦੇਵੇਗਾ ਅਤੇ ਅਗੇ ਨਾਲੋਂ ਵਧੇਰੇ ਦੇਵੇਗਾ। ਮਨਮੁਖ ਅਤੇ ਗੁਰਮੁਖ ਵਿਚ ਇਹੋ ਫਰਕ ਹੈ ਕਿ ਮਨਮੁਖ ਵਾਹਿਗੁਰੂ ਦੀਆਂ ਦਿਤੀਆਂ ਦਾਤਾਂ ਨੂੰ ਆਪਣੀ ਮਲਕੀਅਤ ਸਮਝਦਾ ਹੈ ਅਤੇ ਜਦ ਵਾਹਿਗੁਰੂ ਉਹ ਦਾਤਾਂ ਵਾਪਸ ਲਵੇ ਤਾਂ ਉਹ ਰੋਸ ਕਰਦਾ ਹੈ ਅਤੇ ਗੁਰਮੁਖ ਵਾਹਿਗੁਰੂ ਦੀਆਂ ਦਾਤਾਂ ਨੂੰ ਵਾਹਿਗੁਰੂ ਦੀ ਮਲਕੀਅਤ ਸਮਝਦਾ ਹੈ ਅਤੇ ਜਦ ਵਾਹਿਗੁਰੂ ਦਾਤਾਂ ਵਾਪਸ ਲਵੇ, ਤਾਂ ਚਿੰਤਾਵਾਨ ਅਤੇ ਪਰੇਸ਼ਾਨ ਨਹੀਂ ਹੁੰਦਾ।

ਦਸ ਬਸਤੂ ਲੇ ਪਾਛੈ ਪਾਵੈ।
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ।
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।
ਤਉ ਮੂੜਾ ਕਹੁ ਕਹਾ ਕਰੇਇ।
ਜਿਸੁ ਠਾਕੁਰ ਸਿਉ ਨਾਹੀ ਚਾਰਾ।
ਤਾ ਕਉ ਕੀਜੈ ਸਦ ਨਮਸਕਾਰਾ।
ਜਾ ਕੈ ਮਨਿ ਲਾਗਾ ਪ੍ਰਭੁ ਮੀਠਾ।
ਸਰਬ ਸੂਖ ਤਾਹੂ ਮਨਿ ਵੂਠਾ।
ਜਿਸੁ ਜਨ ਅਪਨਾ ਹੁਕਮੁ ਮਨਾਇਆ।
ਸਰਬ ਥੋਕ ਨਾਨਕ ਤਿਨਿ ਪਾਇਆ।

— — —

ਅਗਨਤ ਸਾਹੁ ਅਪਨੀ ਦੇ ਰਾਸਿ।

ਖਾਤ ਪੀਤ ਬਰਤੈ ਅਨਦ ਉਲਾਸਿ।
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ।
ਅਗਿਆਨੀ ਮਨਿ ਰੋਸੁ ਕਰੇਇ।
ਅਪਨੀ ਪਰਤੀਤਿ ਆਪ ਹੀ ਖੋਵੈ।
ਬਹੁਰਿ ਉਸ ਕਾ ਬਿਸ੍ਵਾਸ ਨ ਹੋਵੈ।
ਜਿਸ ਕੀ ਬਸਤੁ ਤਿਸੁ ਆਗੈ ਰਾਖੈ।
ਪ੍ਰਭ ਕੀ ਆਗਿਆ ਮਾਨੈ ਮਾਥੈ।
ਉਸ ਤੇ ਚਉਗੁਨ ਕਰੈ ਨਿਹਾਲੁ।
ਨਾਨਕ ਸਾਹਿਬੁ ਸਦਾ ਦਇਆਲੁ।

— — —

ਗੁਰਮੁਖ ਲੋਕ ਆਪਣੇ ਆਪ ਨੂੰ ਵਾਹਿਗੁਰੂ ਜੀ ਦੀਆਂ ਬਖਸ਼ੀਆਂ ਦਾਤਾਂ ਦਾ ਮਾਲਕ ਨਹੀਂ ਸਮਝਦੇ, ਸਗੋਂ ਖਜ਼ਾਨਚੀ ਜਾਂ ਸਟੋਰ ਕੀਪਰ ਸਮਝਦੇ ਹਨ। ਬੈਂਕ ਦੇ ਖਜ਼ਾਨਚੀ ਪਾਸ ਬੈਂਕ ਦਾ ਧਨ ਹਮੇਸ਼ਾਂ ਰਹਿੰਦਾ ਹੈ ਐਪਰ ਉਹ ਉਸ ਧਨ ਨੂੰ ਬੈਂਕ ਦੀ ਅਮਾਨਤ ਸਮਝਦਾ ਹੈ, ਜਿਵੇਂ ਗਵਰਨਮੈਂਟ ਦਾ ਸਟੋਰ ਕੀਪਰ, ਭਾਵੇਂ ਉਸ ਪਾਸ ਕਰੋੜਾਂ ਰੁਪਿਆਂ ਦਾ ਮਾਲ ਪਿਆ ਹੋਵੇ, ਉਹ ਸਭ ਕੁਝ ਸਰਕਾਰ ਦਾ ਸਮਝਦਾ ਹੈ, ਤਿਵੇਂ ਗੁਰਮੁਖ ਭਾਵੇਂ ਲਖਾਂ-ਪਤੀ ਹੋਵੇ, ਭਾਵੇਂ ਕਰੋੜਾਂ ਪਤੀ, ਭਾਵੇਂ ਰਾਜਾ, ਭਾਵੇਂ ਮਹਾਰਾਜਾ, ਆਪਣੇ ਆਪ ਨੂੰ ਵਾਹਿਗੁਰੂ ਦੀਆਂ ਦਿਤੀਆਂ ਦਾਤਾਂ ਦਾ ਕਦੀ ਮਾਲਕ ਨਹੀਂ ਸਮਝਦਾ, ਸਗੋਂ ਇਨ੍ਹਾਂ ਦਾਤਾਂ ਨੂੰ ਵਾਹਿਗੁਰੂ ਦੀ ਅਮਾਨਤ ਸਮਝਦਾ ਹੋਇਆ, ਇਨ੍ਹਾਂ ਨਾਲ ਆਪਣੇ ਸਰਬ ਪ੍ਰਕਾਰ ਦੇ ਫਰਜ਼ ਨਿਭਾਂਦਾ ਹੈ। ਜੇ ਵਾਹਿਗੁਰੂ ਕਿਸੇ ਵੇਲੇ ਗੁਰਮੁਖ ਪਾਸੋਂ ਆਪਣੀ ਕੋਈ ਦਾਤ ਮੋੜ ਲਵੇ ਤਾਂ ਗੁਰਮੁਖ ਨੂੰ ਕਦੀ ਚਿੰਤਾ ਪਰੇਸ਼ਾਨੀ ਨਹੀਂ ਹੁੰਦੀ। ਏਥੇ ਇਹ ਗਲ ਯਾਦ ਰਖਣੀ ਚਾਹੀਦੀ ਹੈ ਕਿ ਵਾਹਿਗੁਰੂ ਆਪਣੀਆਂ ਦਾਤਾਂ ਜੇ ਕਦੀ ਵਾਪਸ ਲੈਂਦਾ ਹੈ ਤਾਂ ਉਹ ਵੀ ਸਾਡੇ ਇਮਤਿਹਾਨ ਵਾਸਤੇ, ਸਾਨੂੰ ਅਗੇ ਨਾਲੋਂ ਚੰਗਿਆਂ ਬਣਾਉਣ ਵਾਸਤੇ। ਦੁਖ, ਮੁਸੀਬਤਾਂ, ਤਕਲੀਫ਼ਾਂ ਸਭ ਇਨਸਾਨ ਨੂੰ ਚੰਗਿਆਂ ਤੇ ਪਵਿਤਰ ਬਨਾਉਣ ਵਾਸਤੇ ਆਉਂਦੀਆਂ ਹਨ। ਇਹ ਤਬਾਹੀ ਜੋ ਸਾਡੇ ਤੇ ਹੁਣ ਆਈ ਹੈ, ਇਸ ਦੇ ਵੀ ਜ਼ਰੂਰ ਅਰਥ ਹਨ। ਸਾਡਾ ਜੀਵਨ ਵਾਹਿਗੁਰੂ ਤੋਂ ਬੇਮੁਖ ਹੋ ਗਿਆ ਸੀ, ਸਾਡੀਆਂ ਬਿਰਤੀਆਂ ਨਾਸਤਕ ਅਤੇ ਮਾਦਾ ਪ੍ਰਸਤ ਹੋ ਗਈਆਂ

ਸਨ, ਸਾਡੇ ਵਿਚ ਖੁਦਗਰਜ਼ੀ ਤੇ ਲਾਲਚ ਆ ਗਏ ਸਨ ਅਤੇ ਪਿਆਰ ਅਤੇ ਕੁਰਬਾਨੀ ਦੀਆਂ ਸੁਨਹਿਰੀ ਸਿਫਤਾਂ ਅਲੋਪ ਹੋ ਗਈਆਂ ਸਨ। ਸਾਡੇ ਜੀਵਨ ਵਿਚੋਂ ਆਤਮਕ ਰੁਚੀਆਂ ਮਰ ਗਈਆ ਸਨ। ਅਸੀਂ ਸਰੀਰ ਨੂੰ ਸੁਖੀ ਬਨਾਣਾ ਹੀ ਜੀਵਨ ਦਾ ਆਦਰਸ਼ ਸਮਝ ਲਿਆ ਸੀ। ਜੋ ਮੁਸੀਬਤ ਸਾਡੇ ਤੇ ਆਈ ਹੈ ਇਸ ਦੇ ਅਰਥ ਭਾਵੇਂ ਅਜੇ ਸਾਡੀ ਸਮਝ ਵਿਚ ਨਾ ਆ ਸਕਣ, ਐਪਰ ਇਕ ਸਮਾਂ ਜ਼ਰੂਰ ਆਵੇਗਾ ਜਦ ਸਾਨੂੰ ਇਹ ਅਰਥ ਸਾਫ ਮਲੂਮ ਹੋਣ ਲਗ ਪੈਣਗੇ।

ਗੁਰਮੁਖ ਲੋਕ ਗੁਰਮਤ ਦੇ ਆਸਰੇ ਬੜੀਆਂ ਬੜੀਆਂ ਮੁਸੀਬਤਾਂ ਨੂੰ ਵੀ ਬਰਕਤਾਂ ਵਿਚ ਬਦਲ ਲੈਂਦੇ ਹਨ। ਗੁਰਮਤ ਇਕ ਐਸੀ ਪਾਰਸ ਕਲਾ ਹੈ ਜੋ ਦੁਖਾਂ ਨੂੰ ਸੁਖਾਂ ਵਿਚ, ਗਮ ਨੂੰ ਖੁਸ਼ੀ ਵਿਚ ਬਦਲ ਸਕਦੀ ਹੈ। ਅਸੀਂ ਪਿਛੇ ਜੇਹੇ ਆਤਮ ਸਾਇੰਸ ਵਿਚ ਇਕ 'ਰਬ ਦੇ ਪਿਆਰੇ ਦੇ ਦਰਸ਼ਨ' ਨਾਮੀ ਸੁਰਖੀ ਹੇਠਾਂ ਲਿਖੇ ਲੇਖ ਵਿਚ ਦਸਿਆ ਸੀ ਕਿ ਗੁਰਮੁਖ ਨੇ ਜਿਸ ਦੀ ਲਖਾਂ ਰੁਪਿਆਂ ਦੀ ਸਾਰੀ ਉਮਰ ਦੀ ਮੇਹਨਤ ਨਾਲ ਪੈਦਾ ਕੀਤੀ ਜਾਇਦਾਦ, ਫਿਰਕੂ ਫਸਾਦਾਂ ਵਿਚ ਮਜ਼ਹਬੀ ਪਾਗਲਾਂ ਦੇ ਹਥੋਂ ਤਬਾਹ ਹੋ ਚੁਕੀ ਹੈ, ਕਿਸ ਤਰ੍ਹਾਂ ਆਪਣੀ ਤਬਾਹੀ ਨੂੰ ਗੁਰਮਤ ਦੇ ਚਾਨਣੇ ਵਿਚ ਵਡੀ ਬਰਕਤ ਅਤੇ ਖੁਸ਼ੀ ਵਿਚ ਤਬਦੀਲ ਕਰ ਦਿਤਾ ਹੈ। ਆਪ ਨੇ ਦੁਨਿਆਵੀ ਤੌਰ ਉਤੇ ਤਬਾਹ ਤੇ ਬਰਬਾਦ ਹੋ ਕੇ ਜਿਸ ਸ਼ਾਂਤੀ ਅਤੇ ਸਿਦਕ ਦੇ ਹੁਲਾਰੇ ਲੀਤੇ ਹਨ ਉਹ ਆਪ ਦੀਆਂ ਹੇਠ ਲਿਖੀਆਂ ਸਤਰਾਂ ਸਪਸ਼ਟ ਕਰਦੀਆਂ ਹਨ :

"Believe me there is a sense of joy in me on my opparent material loss. I looked to my houses and other belongings as a support for my material life. I am happy that all this senses is gone. I look upon God as Love now more cleraly then I did before. The loss of material support has increased my faith and relience on God -- As God is at my side all my comforts are around me and nobody in the world can take them away. Let me in His lap like a child, thinking nothing, wanting nothing, God providing all I need.

 ਕੀ ਆਪ ਦਾ ਫਸਾਦਾਂ ਵਿਚ ਬਹੁਤ ਨੁਕਸਾਨ ਹੋਇਆ ਹੈ ?

ਉਲਥਾ —

ਯਕੀਨ ਕਰਨਾ ਕਿ ਮੇਰੇ ਇਸ ਜ਼ਾਹਰਾ ਮਾਇਕ ਨੁਕਸਾਨ ਨੇ ਮੇਰੇ ਅੰਦਰ ਇਕ ਖ਼ੁਸ਼ੀ ਪੈਦਾ ਕਰ ਦਿਤੀ ਹੈ। ਇਸ ਤੋਂ ਪਹਿਲੇ ਮੈਂ ਆਪਣੇ ਮਕਾਨਾਂ ਅਤੇ ਜਾਇਦਾਦ ਨੂੰ ਆਪਣੇ ਸਰੀਰਕ ਜੀਵਨ ਦੇ ਆਧਾਰ ਵਾਸਤੇ ਜ਼ਰੂਰੀ ਸਮਝਦਾ ਸੀ। ਮੈਨੂੰ ਖ਼ੁਸ਼ੀ ਹੈ ਕਿ ਮੇਰੀ ਇਹ ਆਸ ਟੁਟ ਗਈ ਹੈ। ਹੁਣ ਮੈਂ ਵਾਹਿਗੁਰੂ ਨੂੰ ਅਗੇ ਨਾਲੋਂ ਆਪਣਾ ਪਰੇਮੀ ਵਧੇਰੇ ਅਤੇ ਸਾਫ ਤੌਰ ਉਤੇ ਦੇਖ ਰਿਹਾ ਹਾਂ। ਜਾਇਦਾਦ ਦੇ ਨੁਕਸਾਨ ਨੇ ਮੇਰਾ ਵਾਹਿਗੁਰੂ ਉਤੇ ਭਰੋਸਾ ਅਤੇ ਨਿਸ਼ਚਾ ਵਧਾ ਦਿਤਾ ਹੈ। ਮੇਰੀ ਖ਼ਾਹਿਸ਼ ਹੁਣ ਏਹੋ ਹੈ ਕਿ ਮੈਂ ਵਾਹਿਗੁਰੂ ਦੀ ਰਜ਼ਾ ਵਿਚ ਪੂਰੇ ਤੌਰ ਤੇ ਰਾਜ਼ੀ ਹਾਂ। ਮੈਨੂੰ ਇਹ ਸੁਫਨੇ ਵਿਚ ਸ਼ਕ ਨਹੀਂ ਕਿ ਮੇਰਾ ਮਹਿਬੂਬ ਮੈਨੂੰ ਇਕ ਛਿਨ ਵਾਸਤੇ ਵੀ ਵਿਸਾਰੇਗਾ ਅਤੇ ਆਪਣੀਆਂ ਅਨਮੋਲ ਬਰਕਤਾਂ ਤੋਂ ਵਾਂਝਿਆਂ ਰਖੇਗਾ। ਵਾਹਿਗੁਰੂ ਹਰ ਦਮ ਮੇਰੇ ਅਗ ਸੰਗ ਹੋਣ ਕਰਕੇ, ਸਾਰੇ ਸੁਖ ਮੇਰੇ ਇਰਦ ਗਿਰਦ ਹਾਜ਼ਰ ਹਨ ਅਤੇ ਮੈਥੋਂ ਮੇਰੀ ਇਹ ਮਲਕੀਅਤ ਕੋਈ ਖੋਹ ਨਹੀਂ ਸਕਦਾ। ਮੈਂ ਬੱਚੇ ਵਾਂਗਰ ਆਪਣੇ ਵਾਹਿਗੁਰੂ ਦੀ ਗੋਦ ਵਿਚ ਹਾਂ, ਮੈਨੂੰ ਕਿਸੇ ਗਲ ਦੀ ਪ੍ਰਵਾਹ ਨਹੀਂ, ਕਿਸੇ ਫਿਕਰ ਚਿੰਤਾ ਦੀ ਲੋੜ ਨਹੀਂ, ਕਿਉਂਕਿ ਵਾਹਿਗੁਰੂ ਆਪ ਮੇਰਾ ਰਾਖਾ ਤੇ ਸਹਾਰਾ ਹੈ।

ਅੰਤ ਵਿਚ ਸਾਡੀ ਵਾਹਿਗੁਰੂ ਜੀ ਦੇ ਅਗੇ ਇਹੀ ਅਰਦਾਸ ਹੈ ਕਿ ਜੇਕਰ ਸਾਡੇ ਪਿਆਰੇ ਦੇਸ਼ ਨੂੰ ਪਵਿਤਰ ਅਤੇ ਖਾਲਸ ਹੋਣ ਵਾਸਤੇ ਦੁੱਖਾਂ ਮੁਸੀਬਤਾਂ ਦੀ ਕੁਠਾਲੀ ਵਿਚੋਂ ਲੰਘਣਾ ਜ਼ਰੂਰੀ ਹੈ ਤਾਂ ਉਹ ਸਾਡੇ ਦੇਸ਼ ਵਾਸੀਆਂ ਨੂੰ ਅਡੋਲ ਰਹਿ ਕੇ ਪੁਰਾਤਨ ਗੁਰਮੁਖਾਂ ਵਾਂਗਰ ਤਕਲੀਫ਼ਾਂ ਮੁਸੀਬਤਾਂ ਦਾ ਖਿੜੇ ਮਥੇ ਮੁਕਾਬਲਾ ਕਰਨ ਦੀ ਅਤੇ ਉਹਨਾਂ ਤੇ ਫਤਹਿ ਪਾਉਣ ਦੀ ਸ਼ਕਤੀ ਬਖਸ਼ੇ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹ।

□ □ □

ਖ਼ਤਰਾ

ਆਤਮ ਸਾਇੰਸ ਵਿਚ ਡਰ ਜਾਂ ਖ਼ਤਰੇ ਦੀ ਓਹੀ ਜਗ੍ਹਾ ਹੈ ਜੋ ਬੀਮਾਰੀ, ਪਾਪ, ਚਿੰਤਾ, ਥੋੜ ਆਦਿ ਉਪਾਧੀਆਂ ਦੀ ਹੈ। ਇਹ ਚੀਜ਼ ਹਨੇਰੇ ਦੀ ਤਰ੍ਹਾਂ ਆਪਣੇ ਆਪ ਵਿਚ ਕੋਈ ਹਸਤੀ ਨਹੀਂ ਰਖਦੀਆਂ। 'ਰੌਸ਼ਨੀ' ਦੇ ਨਾ ਹੋਣ ਦਾ ਨਾਮ, ਡਰ, ਖ਼ਤਰਾ ਥੋੜ, ਬੀਮਾਰੀ ਆਦਿ ਉਪਾਧੀਆਂ ਹਨ। ਕਿਉਂਕਿ ਇਹਨਾਂ ਦੀ ਹਸਤੀ ਦਾ ਕਾਰਨ ਆਤਮ ਗਿਆਨ ਦਾ ਨਾ ਹੋਣਾ ਹੈ, ਇਸ ਕਰਕੇ ਇਹ ਆਤਮ-ਗਿਆਨ ਦੇ ਆਉਣ ਨਾਲ ਗਾਇਬ ਹੋ ਜਾਂਦੀਆਂ ਹਨ।

ਰੌਸ਼ਨੀ ਹਨੇਰੇ ਨਾਲ ਲੜਦੀ ਝਗੜਦੀ ਨਹੀਂ ਜਾਂ ਉਸ ਨੂੰ ਜ਼ੋਰ ਨਾਲ ਨਹੀਂ ਕਢਦੀ। ਰੌਸ਼ਨੀ ਦੇ ਪੈਦਾ ਹੋਣ ਨਾਲ ਹਨੇਰਾ ਆਪੇ ਚੁਪ ਚਾਪ ਦੌੜ ਜਾਂਦਾ ਹੈ। ਹਨ੍ਹੇਰਾ ਰੋਸ਼ਨੀ ਦੇ ਆਇਆਂ ਕਿਥੇ ਚਲੇ ਜਾਂਦਾ ਹੈ ? ਆਪਣੀ ਨੇਸਤੀ ਦੀ ਹਾਲਤ ਵਿਚ ਜਿਸ ਨੂੰ ਪੱਛਮੀ ਆਤਮ ਗਿਆਨੀ (Native Nothingness) ਆਖਦੇ ਹਨ। ਬਿਲਕੁਲ ਇਸੇ ਤਰ੍ਹਾਂ ਬੀਮਾਰੀ, ਪਾਪ, ਚਿੰਤਾ, ਫਿਕਰ ਜਾਂ ਖ਼ਤਰੇ ਆਤਮ ਗਿਆਨ ਦੇ ਚਮਕਿਆਂ ਆਪਣੀ ਅਸਲੀ ਨੇਸਤੀ ਦੀ ਹਾਲਤ ਵਿਚ ਬਗੈਰ ਕੋਸ਼ਸ਼ ਦੇ, ਬਗੈਰ ਕਿਸੇ ਜ਼ੋਰ ਲਗਾਉਣ ਦੇ ਆਪਣੇ ਆਪ ਚਲੇ ਜਾਂਦੇ ਹਨ।

ਰੌਸ਼ਨੀ ਦੀ ਗ਼ੈਰ-ਹਾਜ਼ਰੀ ਵਿਚ ਹਨੇਰੇ ਦਾ ਰਾਜ ਪਰਤੀਤ ਹੁੰਦਾ ਹੈ, ਅਨਜਾਣ ਨੂੰ ਇੰਜ ਜਾਪਦਾ ਹੈ ਕਿ ਰੌਸ਼ਨੀ ਨੇ ਸ਼ਾਇਦ ਆਉਣਾ ਹੀ ਨਹੀਂ, ਹਨੇਰੇ ਦੀ ਹਸਤੀ ਬੜੀ ਪਰਬਲ ਲਗਦੀ ਹੈ ਅਤੇ ਇਨਸਾਨੀ ਅਕਲ ਇਸ ਨੂੰ ਸਦੀਵੀ ਸਮਝਦੀ ਹੈ ਪਰ ਰੌਸ਼ਨੀ ਦੇ ਅਸੂਲਾਂ ਨੂੰ ਜਾਨਣ ਵਾਲੇ ਨੂੰ ਪਤਾ ਹੁੰਦਾ ਹੈ ਕਿ 'ਰੌਸ਼ਨੀ' ਇਕ ਅਟੱਲ ਹਸਤੀ ਹੈ, ਉਹ ਸਦੀਵੀ ਹਾਲਤ ਵਿਚ ਰਹਿੰਦੀ ਹੈ ਅਤੇ ਹਨੇਰਾ ਕੇਵਲ ਉਸ ਦੀ ਗ਼ੈਰ ਹਾਜ਼ਰੀ ਕਰਕੇ ਜਿਉਂਦਾ ਹੈ, ਅਸਲ ਵਿਚ ਹਨੇਰੇ ਅੰਦਰ ਜਾਨ ਹੀ ਨਹੀਂ, ਇਸ ਦੇ

ਰੌਸ਼ਨੀ ਸਾਹਮਣੇ ਖਲੋਣ ਜੋਗੇ ਪੈਰ ਹੀ ਨਹੀਂ। ਰਾਤ ਨੂੰ ਹਨੇਰਾ ਸਾਡੇ ਸਿਆਰੇ (ਪ੍ਰਿਥਵੀ) ਦੇ ਇਕ ਪਾਸੇ ਉਤੇ ਛਾਇਆ ਪਰਤੀਤ ਹੁੰਦਾ ਹੈ, ਪਰ ਅਸਲ ਵਿਚ ਸੂਰਜ ਅਤੇ ਉਸ ਦੀ ਰੌਸ਼ਨੀ ਜਿਉਂ ਦੀ ਤਿਉਂ ਕਾਇਮ ਹੁੰਦੀ ਹੈ, ਸਿਰਫ ਸਾਡੀ ਪ੍ਰਿਥਵੀ ਦੇ ਸੂਰਜ ਵਲ ਪਿਠ ਮੋੜਨ ਕਰਕੇ ਇਸ ਦਾ ਇਕ ਪਾਸਾ ਇਸ ਦੀ ਆਪਣੀ ਪਾਈ ਰੁਕਾਵਟ ਕਰਕੇ ਹਨੇਰੇ ਦੀ ਹਾਲਤ ਵਿਚ ਆ ਜਾਂਦਾ ਹੈ। ਜਦ ਇਹ ਆਪਣਾ ਮੂੰਹ ਫੇਰ ਸੂਰਜ ਵਲ ਫੇਰੇ ਉਸੇ ਵਕਤ ਸਾਡਾ ਦਿਨ ਚੜ੍ਹ ਆਉਂਦਾ ਹੈ। ਇਸੇ ਤਰ੍ਹਾਂ ਇਨਸਾਨ ਜਦ ਆਤਮਾ ਵਲੋਂ ਜਹਾਲਤ ਕਰਕੇ ਮੂੰਹ ਮੋੜਦਾ ਹੈ, ਦੁਖ, ਦਰਦ, ਤਕਲੀਫ਼, ਖ਼ਤਰਾ, ਡਰ, ਬੀਮਾਰੀ ਆਦਿ ਪਰਤੀਤ ਕਰਦਾ ਹੈ, ਪਰ ਜਿਸ ਵੇਲੇ ਆਤਮ-ਗਿਆਨ ਦੀ ਸਹਾਇਤਾ ਨਾਲ ਆਪਣੇ 'ਆਪੇ' ਜਾਂ ਆਤਮਾ ਵਲ ਮੂੰਹ ਕਰੇ ਤਾਂ ਹਨੇਰੇ ਦੀ ਤਰ੍ਹਾਂ ਇਸ ਦੇ ਸਭ ਰੋਗ, ਸੰਤਾਪ ਆਪਣੇ ਆਪ ਬਗੈਰ ਕਿਸੇ ਜਤਨ ਦੇ ਦੂਰ ਹੋ ਜਾਂਦੇ ਹਨ।

ਘੁਪ ਹਨੇਰੇ ਵਿਚ ਵੀ ਦੀਆਸਲਾਈ ਦੀ ਤੀਲ੍ਹੀ ਬਾਲਿਆਂ ਜਿਤਨੇ ਦਾਇਰੇ ਵਿਚ ਇਸ ਦੀ ਰੌਸ਼ਨੀ ਪੁਜ ਸਕੇ, ਹਨੇਰਾ ਉਡ ਜਾਂਦਾ ਹੈ, ਇਸੇ ਤਰ੍ਹਾਂ ਅਤਿਅੰਤ ਜਹਾਲਤ, ਦੁਖ-ਦਰਦ ਅਤੇ ਬੀਮਾਰੀ ਦੇ ਸਮੇਂ ਜਿਤਨੀ ਡਿਗਰੀ ਵਿਚ ਆਤਮ ਗਿਆਨ ਇਨਸਾਨ ਦੀ ਸਮਝ ਵਿਚ ਨਿਵਾਸ ਕਰ ਸਕੇ, ਉਤਨਾ ਹੀ ਉਸ ਨੂੰ ਆਰਾਮ (Relief) ਭਾਸਣ ਲਗ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਡਰ, ਖ਼ਤਰੇ, ਰੋਗ, ਦੁਖ, ਸੰਤਾਪ ਆਦਿ ਦੇ ਵਿਆਪਨ (ਸਚ ਤੇ ਭੈ-ਭੀਤ ਲਗਣ ਦਾ) ਇਕੋ ਹੀ ਕਾਰਨ ਦਸਿਆ ਹੈ, ਉਹ ਹੈ ਸਚ ਦੇ ਸੂਰਜ (ਪਰਮ ਈਸ਼ਵਰ) ਵਲੋਂ ਇਨਸਾਨ ਦਾ ਮੂੰਹ ਮੋੜਨਾ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।

— — —

ਗੁਰਮੁਖ ਦਾ ਮੂੰਹ ਸਦਾ ਗੁਰੂ ਵਲ ਰਹਿੰਦਾ ਹੈ, ਇਸ ਵਾਸਤੇ ਉਸ ਲਈ ਖ਼ਤਰੇ, ਰੋਗ, ਦੁਖ ਸੰਤਾਪ ਸਭ ਕੁਝ ਅਰਥ ਨਹੀਂ ਰਖਦੇ। ਜਿਸ ਆਦਮੀ ਦੀ ਜੇਬ ਵਿਚ ਬਿਜਲੀ ਦਾ ਲੈਂਪ ਪਿਆ ਹੋਵੇ, ਉਹ ਹਨੇਰੇ ਵਿਚ ਜਾਣੋਂ ਝਿਝਕਦਾ ਨਹੀਂ। ਇਸੇ ਤਰ੍ਹਾਂ ਗੁਰਮੁਖ ਆਤਮ-ਗਿਆਨ ਦੀ ਰੋਸ਼ਨੀ ਦੇ ਸਹਾਰੇ ਜ਼ਿੰਦਗੀ ਦੀ ਵੱਡੀ ਤੋਂ ਵੱਡੀ ਦੁਰਘਟਨਾ ਦੇ ਮੁਕਾਬਲੇ ਵਾਸਤੇ ਤਿਆਰ ਰਹਿੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲੋਂ ਵਧ ਕਿਸ ਦੀ ਜ਼ਿੰਦਗੀ ਅਤਿ ਖ਼ਤਰਿਆਂ ਵਿਚ ਘਿਰੀ ਹੋ ਸਕਦੀ ਹੈ ? ਅੱਠ ਨੌਂ ਸਾਲ ਦੀ ਉਮਰ ਤੋਂ ਲੈ ਕੇ ਹਜ਼ੂਰ ਸਾਹਿਬ ਵਿਖੇ ਅੰਤਮ ਸਵਾਸਾਂ ਤਕ ਆਪਦੇ ਇਰਦ ਗਿਰਦ ਖ਼ਤਰੇ ਦੇ ਝੁੰਡਾਂ ਨੇ ਘੇਰਾ ਪਾਈ ਰਖਿਆ। ਪਰ ਆਪ ਆਤਮ ਗਿਆਨੀ ਸਨ, ਆਪ ਨੂੰ ਖ਼ਤਰਿਆਂ ਦੀ ਅਸਲੀਅਤ ਅਤੇ ਉਹਨਾਂ ਦੀ ਧੋਖੇਬਾਜ਼ ਹਸਤੀ ਦਾ ਗਿਆਨ ਸੀ, ਇਸੇ ਵਾਸਤੇ ਲਿਸ਼ਕਦੀਆਂ ਤਲਵਾਰਾਂ ਅਤੇ ਵਸਦੇ ਤੀਰਾਂ ਵਿਚ ਯੁਧ ਸਮੇਂ ਹਸ ਕੇ ਆਖਿਆ ਕਰਦੇ ਸਨ :

ਰੋਗਨ ਤੇ ਅਰ ਸੋਗਨ ਤੇ
ਜਲ ਜੋਗਨ ਤੇ ਬਹੁ ਭਾਂਤ ਬਚਾਵੈ।
ਸ਼ਤਰੂ ਅਨੇਕ ਚਲਾਵਤ ਘਾਵ
ਤਊ ਤਨ ਏਕ ਨਾ ਲਾਗਨ ਪਾਵੈ।

(ਗੁਰੂ ਗੋਬਿੰਦ ਸਿੰਘ ਜੀ)

ਕੀ ਆਪ ਅਫਸਰ ਹੋ ?

ਜੇਕਰ ਆਪ ਅਫਸਰ ਹੋ ਤਾਂ ਤੁਹਾਡੀ ਕੁਦਰਤੀ ਤੌਰ ਤੇ ਇਹ ਖਾਹਿਸ਼ ਹੋਵੇਗੀ ਕਿ ਅਸੀਂ ਇਕ ਕਾਮਯਾਬ ਅਫਸਰ ਬਣੀਏ। ਤੁਸੀਂ ਚਾਹੋਗੇ ਕਿ ਤੁਹਾਡੇ ਮਾਤਹਿਤ ਭਾਵੇਂ ਉਹ ਕਿਤਨੇ ਹੀ ਹੋਣ, ਤੁਹਾਡੇ ਨਾਲ ਪਿਆਰ ਕਰਨ, ਤੁਹਾਡੀ ਇੱਜ਼ਤ ਕਰਨ, ਤੁਹਾਡਾ ਹੁਕਮ ਮੰਨਣ, ਤੁਹਾਡੇ ਖੈਰਖਾਹ ਰਹਿਣ, ਤੁਹਾਡਾ ਕੰਮ ਦਿਲ ਲਾ ਕੇ ਕਰਨ ਅਤੇ ਤੁਹਾਡੇ ਨਫ਼ੇ ਵਿਚ, ਤਰੱਕੀ ਵਿਚ ਤੇ ਭਲੇ ਵਿਚ ਖ਼ੁਸ਼ ਰਹਿਣ।

ਆਪ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਸੰਸਾਰ ਵਿਚ 'ਖ਼ਿਆਲ' ਸਭ ਤੋਂ ਵੱਡੀ ਸ਼ਕਤੀ ਹੈ। ਤੁਹਾਡਾ ਖ਼ਿਆਲ ਤੁਹਾਡੇ ਤਕ ਹੀ ਮਹਿਦੂਦ ਨਹੀਂ ਰਹਿੰਦਾ, ਸਗੋਂ ਸਾਰੇ ਬ੍ਰਹਿਮੰਡ ਵਿਚ ਮਾਰ ਕਰਦਾ ਹੈ। ਤੁਸੀਂ ਜਿਸ ਆਦਮੀ ਸੰਬੰਧੀ ਘਿਰਣਾ ਦਾ ਖ਼ਿਆਲ ਰਖਦੇ ਹੋ, ਉਹ ਖ਼ਿਆਲ ਤੁਹਾਥੋਂ ਉਤਪੰਨ ਹੋ ਕੇ ਉਸ ਆਦਮੀ ਤਕ ਪਹੁੰਚਦਾ ਹੈ ਅਤੇ ਉਸ ਤੇ ਅਸਰ ਪਾ ਕੇ ਉਸਦੇ ਦਿਲ ਵਿਚ ਤੁਹਾਡੇ ਲਈ ਘਿਰਣਾ ਪੈਦਾ ਕਰਦਾ ਹੈ। ਜਿਸ ਆਦਮੀ ਸੰਬੰਧੀ ਤੁਸੀਂ ਦੋਸਤੀ, ਹਮਦਰਦੀ ਅਤੇ ਖੈਰਖਾਹੀ ਦੇ ਖ਼ਿਆਲ ਆਪਣੇ ਮਨ ਵਿਚ ਰਖਦੇ ਹੋ, ਉਹ ਖ਼ਿਆਲ ਤੁਹਾਥੋਂ ਉਤਪੰਨ ਹੋ ਕੇ ਉਸ ਆਦਮੀ ਤਕ ਪਹੁੰਚਦੇ ਹਨ ਅਤੇ ਉਸ ਦੇ ਮਨ ਵਿਚ ਜਾ ਕੇ ਤੁਹਾਡੇ ਸੰਬੰਧੀ ਦੋਸਤੀ, ਹਮਦਰਦੀ ਤੇ ਖੈਰਖਾਹੀ ਪੈਦਾ ਕਰਦੇ ਹਨ।

ਅਸੀਂ ਅਗਿਆਨਤਾ ਦੇ ਕਾਰਨ ਨਹੀਂ ਜਾਣਦੇ ਕਿ ਅਸੀਂ ਅਤੇ ਸਾਰੇ ਸੰਸਾਰ ਦੇ ਜੀਵ ਭਾਵੇਂ ਬਾਹਰੋਂ ਇਕ ਦੂਸਰੇ ਤੋਂ ਅਲਗ ਜਾਪਦੇ ਹਾਂ ਅਤੇ ਵਖੋ ਵਖਰੇ ਰੂਪ, ਰੰਗ, ਸ਼ਕਲਾਂ ਰਖਦੇ ਹਾਂ, ਪਰ ਦਰਅਸਲ ਅਸੀਂ ਅੰਦਰੋਂ ਆਤਮਾ ਕਰਕੇ, ਮਨ ਕਰਕੇ ਆਪਸ ਵਿਚ ਜੁੜੇ ਹੋਏ ਹਾਂ। ਜਿਵੇਂ ਸਮੁੰਦਰ ਦੇ ਬੁਲਬੁਲੇ ਭਾਵੇਂ ਇਕ ਦੂਸਰੇ ਤੋਂ ਕਿਤਨੇ ਫਾਸਲੇ ਤੇ ਹੀ ਕਿਉਂ ਨਾ ਹੋਣ,

ਅੰਦਰੋਂ ਪਾਣੀ ਰਾਹੀਂ ਆਪਸ ਵਿਚ ਜੁੜੇ ਹੁੰਦੇ ਹਨ, ਇਸੇ ਤਰ੍ਹਾਂ ਅਸੀਂ ਇਸ ਸਰਿਸ਼ਟੀ ਦੇ ਜੀਵਾਂ ਨਾਲੋਂ ਭਾਵੇਂ ਹਜ਼ਾਰਾਂ ਮੀਲਾਂ ਦੀ ਵਿਥ ਤੇ ਕਿਉਂ ਨਾ ਹੋਈਏ, ਅਸਲ ਵਿਚ ਆਤਮਾ ਕਰਕੇ ਅਤੇ ਮਨ ਕਰਕੇ ਅੰਦਰੋਂ ਇਕ ਦੂਸਰੇ ਨਾਲ ਸੰਬੰਧ ਰਖਦੇ ਹਾਂ।

ਆਤਮਾ ਦੀ ਉਕਤ ਅਸਲੀਅਤ ਅਨੁਸਾਰ ਅਸੀਂ ਆਪਣੇ ਮਾਤਹਿਤਾਂ ਨਾਲ, ਆਪਣੇ ਨੌਕਰਾਂ ਨਾਲ, ਆਪ ਤੋਂ ਛੋਟਿਆਂ ਨਾਲ ਇਕ-ਮਿਕ ਹਾਂ, ਅਤੇ ਸਾਡੇ ਅੰਦਰ, ਉਹਨਾਂ ਸੰਬੰਧੀ ਖਿਆਲ, ਅੰਦਰੋਂ ਉਹਨਾਂ ਤਕ ਪਹੁੰਚੇ ਰਹਿੰਦੇ ਹਨ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਜਿਸ ਕਿਸਮ ਦੇ ਖਿਆਲ ਦੂਸਰਿਆਂ ਸੰਬੰਧੀ ਆਪਣੇ ਮਨ ਵਿਚ ਪੈਦਾ ਕਰੀਏ, ਉਹ ਖਿਆਲ ਉਨ੍ਹਾਂ ਲੋਕਾਂ ਵਿਚ ਜਾ ਕੇ ਉਸ ਕਿਸਮ ਦੇ ਖਿਆਲ ਪੈਦਾ ਕਰਨਗੇ। ਸਾਡੇ ਮਨ ਵਿਚੋਂ ਕਿਸੇ ਲਈ ਭਲੇ ਦੇ ਖਿਆਲ ਉਸ ਵਿਚ ਜਾ ਕੇ ਸਾਡੇ ਸਬੰਧੀ ਬੁਰੇ ਖਿਆਲ ਪੈਦਾ ਨਹੀਂ ਕਰ ਸਕਦੇ, ਇਸ ਵਾਸਤੇ ਆਪਣੇ ਨਾਲ ਸੰਬੰਧ ਰਖਣ ਵਾਲੇ ਸਭ ਮਾਤਹਿਤਾਂ ਸੰਬੰਧੀ ਸਾਨੂੰ ਆਪਣੇ ਮਨ ਵਿਚ ਹਮੇਸ਼ਾ ਸ਼ੁਭ, ਭਲੇ ਤੇ ਹਮਦਰਦੀ ਦੇ ਖਿਆਲ ਰਖਣੇ ਚਾਹੀਦੇ ਹਨ।

ਸਾਨੂੰ ਆਪਣੇ ਮਾਤਹਿਤਾਂ ਨੂੰ, ਨੌਕਰਾਂ ਨੂੰ, ਛੋਟਿਆਂ ਨੂੰ ਆਪਣੇ ਬੱਚੇ ਸਮਝਣਾ ਚਾਹੀਦਾ ਹੈ। ਜਿਵੇਂ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਦੀ ਤਰੱਕੀ ਅਤੇ ਭਲਾਈ ਵਿਚ ਖੁਸ਼ੀ ਹੁੰਦੀ ਹੈ, ਇਸੇ ਤਰ੍ਹਾਂ ਸਾਨੂੰ ਆਪਣੇ ਮਾਤਹਿਤਾਂ ਦੀ ਤਰੱਕੀ ਅਤੇ ਭਲਾਈ ਵਿਚ ਖੁਸ਼ੀ ਹੋਣੀ ਚਾਹੀਦੀ ਹੈ। ਜਿਉਂ ਜਿਉਂ ਅਸੀਂ ਆਪਣੇ ਮਾਤਹਿਤਾਂ ਦੇ ਦਿਲੋਂ ਸ਼ੁਭਚਿੰਤਕ ਬਣਦੇ ਜਾਵਾਂਗੇ, ਉਹ ਸਾਡੇ ਖੈਰਖਾਹ ਅਤੇ ਸ਼ੁਭਚਿੰਤਕ ਬਣਦੇ ਜਾਣਗੇ। ਸਾਡੀ ਉਹਨਾਂ ਸੰਬੰਧੀ ਹਰ ਇਕ ਸ਼ੁਭ ਇਛਿਆ ਉਹਨਾਂ ਅੰਦਰ ਸਾਡੇ ਸੰਬੰਧੀ ਸ਼ੁਭ ਇਛਿਆ ਪੈਦਾ ਕਰੇਗੀ।

ਜਦ ਤੁਹਾਡੇ ਨੌਕਰ ਜਾਂ ਮਾਤਹਿਤ ਕੋਈ ਭੁਲ ਕਰਨ ਵਾਲੇ ਆਪਣੇ ਜ਼ਿੰਮੇ ਲਗਾਈ ਸੇਵਾ ਵਿਚ ਕੋਈ ਗਲਤੀ ਜਾਂ ਬੇਪ੍ਰਵਾਹੀ ਕਰਨ, ਤਾਂ ਤੁਸੀਂ ਉਹਨਾਂ ਨੂੰ ਬੇਸ਼ਕ ਧਮਕਾਵੋ, ਅੱਖਾਂ ਦਿਖਾਵੋ, ਸਜ਼ਾ ਦੇਵੋ, ਪਰ ਇਹ ਸਭ ਕੁਝ ਦਿਲੋਂ ਨਹੀਂ ਹੋਣਾ ਚਾਹੀਦਾ ਕੇਵਲ ਜ਼ਾਹਿਰਦਾਰੀ ਵਿਚ। ਜਿਵੇਂ ਮਾਪੇ ਛੋਟੇ ਬੱਚਿਆਂ ਨੂੰ ਗੁੱਸੇ ਹੁੰਦੇ ਹਨ, ਡਰ ਦਿਖਾਂਦੇ ਅਤੇ ਕਈ ਵਾਰੀ ਸਜ਼ਾ ਵੀ ਦਿੰਦੇ ਹਨ ਪਰ ਦਿਲੋਂ ਉਹਨਾਂ ਦਾ ਬੁਰਾ ਨਹੀਂ ਮੰਗਦੇ, ਉਹਨਾਂ ਦੀ ਹਰ ਵੇਲੇ ਖੈਰਖਾਹੀ ਚਾਹੁੰਦੇ ਹਨ, ਤਿਵੇਂ ਤੁਸੀਂ ਆਪਣੇ ਮਾਤਹਿਤਾਂ ਨੂੰ ਡਾਂਟੋ,

ਗੁਸੇ ਹੋਵੋ, ਰੋਅਬ ਦਿਖਾਓ ਅਤੇ ਜ਼ਰੂਰਤ ਅਨੁਸਾਰ ਸਜ਼ਾ ਵੀ ਦੇਵੋ ਪਰ ਦਿਲੋਂ ਉਹਨਾਂ ਦੇ ਖੈਰਖਾਹ ਰਹੋ। ਮਾਪਿਆਂ ਨੂੰ ਬੱਚਿਆਂ ਨੂੰ ਗੁਸੇ ਹੋ ਕੇ, ਸਜ਼ਾ ਦੇ ਕੇ ਕੋਈ ਖੁਸ਼ੀ ਨਹੀਂ ਹੁੰਦੀ ਕੇਵਲ ਮਜਬੂਰੀ ਕਰਕੇ ਅਤੇ ਬੱਚਿਆਂ ਦੀ ਭਲਾਈ ਨੂੰ ਮੁਖ ਰਖ ਕੇ ਉਹ ਬੱਚਿਆਂ ਤੇ ਸਖਤੀ ਕਰਦੇ ਹਨ, ਇਸੇ ਤਰ੍ਹਾਂ ਤੁਹਾਨੂੰ ਕਦੀ ਆਪਣੇ ਮਾਤਹਿਤਾਂ ਨੂੰ ਗੁਸੇ ਹੋ ਕੇ, ਸਜ਼ਾ ਦੇ ਕੇ ਖੁਸ਼ ਨਹੀਂ ਹੋਣਾ ਚਾਹੀਦਾ ਸਗੋਂ ਸਜ਼ਾ ਦਾ ਮੁਖ ਮੰਤਵ ਮਾਤਹਿਤਾਂ ਦਾ ਸੁਧਾਰ ਤੇ ਭਲਾ ਹੋਣਾ ਚਾਹੀਦਾ ਹੈ।

ਅਗਰ ਤੁਸੀਂ ਆਤਮਾ ਦੀ ਇਸ ਅਸਲੀਅਤ ਨੂੰ ਸਮਝ ਜਾਵੋਗੇ ਤਾਂ ਤੁਹਾਡੇ ਮਾਤਹਿਤ ਤੁਹਾਡਾ ਇਕ ਪਰਿਵਾਰ ਬਣ ਜਾਵੇਗਾ, ਜਿਨ੍ਹਾਂ ਦੇ ਦਿਲਾਂ ਵਿਚ ਤੁਹਾਡੇ ਸੰਬੰਧੀ ਇੱਜ਼ਤ, ਪਿਆਰ, ਫਰਮਾਂਬਰਦਾਰੀ, ਹਮਦਰਦੀ ਤੇ ਖੈਰਖਾਹੀ ਦੇ ਜਜ਼ਬੇ ਸਦਾ ਲਹਿਰਾਂ ਮਾਰਦੇ ਰਹਿਣਗੇ। ਤੁਸੀਂ ਉਹਨਾਂ ਉਤੇ ਭਰੋਸਾ ਕਰ ਸਕੋਗੇ ਅਤੇ ਉਹ ਤੁਹਾਡੇ ਭਰੋਸੇ ਨੂੰ ਸਤਿਕਾਰ ਦੀ ਨਿਗਾਹ ਨਾਲ ਤਕਣਗੇ।

ਪਰ ਕਾ ਬੁਰਾ ਨਾ ਰਾਖਹੁ ਚੀਤ।
ਤੁਮ ਕਉ ਦੁਖੁ ਨਹੀਂ ਭਾਈ ਮੀਤ।

(ਗੁਰੂ ਅਰਜਨ ਦੇਵ)

ਸਫਲ ਜੀਵਨ (ਵਪਾਰੀ ਲਈ)

ਤੁਹਾਡਾ ਵਪਾਰ ਮਾੜਾ ਅਤੇ ਕਾਨੂੰਨ ਵਿਰੁਧ ਨਹੀਂ ਹੋਣਾ ਚਾਹੀਦਾ। ਅਗਰ ਤੁਹਾਡੇ ਵਪਾਰ ਵਿਚ ਉਤਲਾ ਨੁਕਸ ਨਹੀਂ ਤਾਂ ਫਿਰ ਜੋ ਤੁਹਾਡੇ ਵਪਾਰ ਵਿਚ ਖਿਚੋਤਾਣ, ਪਰੇਸ਼ਾਨੀ ਜਾਂ ਘਾਟਾ ਨਜ਼ਰ ਆਉਂਦਾ ਹੈ ਤਾਂ ਉਸ ਨੂੰ ਠੀਕ ਜਾਂ ਸਚਾ ਨਾ ਮੰਨੋ। ਇਹ ਸਭ, ਬਗੈਰ ਤੁਹਾਡੇ ਵਪਾਰ ਨੂੰ ਕੋਈ ਨੁਕਸਾਨ ਪੁਚਾਣ ਦੇ, ਦਰੁਸਤ ਹੋ ਸਕਦਾ ਹੈ। ਕਿਸੇ ਦਾ ਤੁਹਾਡੇ ਉਤੇ ਕੋਈ ਦਾਵਾ ਜਾਂ ਤਜਾਰਤ ਦਾ ਮੰਦਾ ਹੋਣ, ਜਾਂ ਤੁਹਾਡੇ ਸਟਾਫ ਵਿਚ ਕੋਈ ਬੇਚੈਨੀ ਆਦਿ ਵਪਾਰ ਦੀਆਂ ਐਸੀਆਂ ਹਾਲਤਾਂ ਹਨ ਜੋ ਸੱਚ ਭਾਸ ਸਕਦੀਆਂ ਹਨ ਪਰ ਸੱਚ ਹੁੰਦੀਆਂ ਨਹੀਂ। ਇਹ ਸਭ ਹਾਲਤਾਂ ਬਗੈਰ ਵਪਾਰ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਇਆਂ, ਦੂਰ ਹੋ ਸਕਦੀਆਂ ਹਨ। ਇਹਨਾਂ ਨੂੰ ਕੋਈ ਮਹੱਤਤਾ ਨਾ ਦੇਵੇ, ਸਗੋਂ ਇਹਨਾਂ ਤੋਂ ਬੇ-ਪਰਵਾਹ ਰਹਿੰਦੇ ਹੋਏ ਇਹਨਾਂ ਨੂੰ ਭੁਲ ਜਾਵੇ।

ਚੰਗਿਆਈ ਦਾ ਅਟੱਲ ਕਾਨੂੰਨ ਸਦਾ ਜਾਰੀ ਹੈ। ਵੇਖਣਾ ਕੇਵਲ ਇਹ ਹੈ ਕਿ ਅਸੀਂ ਚੰਗਿਆਈ ਦੇ ਕਾਨੂੰਨ ਨਾਲ ਕਿਤਨੀ ਮਿਲਵਰਤਣ ਕਰਦੇ ਹਾਂ ਅਤੇ ਚੰਗਿਆਈ ਦੇ ਉਲਟ ਬਦੀ ਦੀ ਭਾਸਦੀ ਸ਼ਕਤੀ ਤੋਂ ਕਿਤਨੇ ਬੇ-ਪ੍ਰਵਾਹ ਜਾਂ ਨਿਡਰ ਹਾਂ। ਸਾਡਾ ਕਿਸੇ ਕਿਸੇ ਸ਼ੈ ਨੂੰ ਆਪਣੇ ਲਈ ਹਾਨੀਕਾਰਕ ਸਮਝਣਾ ਹੀ ਉਸ ਸ਼ੈ ਨੂੰ ਸਾਡੇ ਲਈ ਹਾਨੀਕਾਰ ਬਣਾਂਦਾ ਹੈ। ਸਦਾ ਚੰਗਿਆਈ ਵਿਚ ਨਿਸ਼ਚਾ ਰਖਦੇ ਹੋਏ ਆਪਣੇ ਆਪ ਨੂੰ ਚੰਗਿਆਈ ਦੇ ਸੋਮੇ ਵਾਹਿਗੁਰੂ ਜੀ ਦੀ ਰਖਸ਼ਾ ਵਿਚ ਸਮਝੋ। ਸਦਾ ਨਿਰਭੈ ਅਤੇ ਚੜ੍ਹਦੀਆਂ ਕਲਾਂ ਵਿਚ ਰਹੋ।

ਦਾਨਾਈ ਅਤੇ ਪੂਰਨਤਾ ਦੇ ਸੋਮੇ ਵਾਹਿਗੁਰੂ ਜੀ ਦੀ ਅਗਵਾਈ ਹੇਠਾਂ ਜੀਵਨ ਬਤੀਤ ਕਰਨ ਵਾਲਾ ਮਨੁੱਖ ਕੋਈ ਗਲਤੀ ਨਹੀਂ ਕਰ ਸਕਦਾ।

ਮਨ ਦੀ ਅਗਵਾਈ ਹੇਠਾਂ ਚਲਣ ਵਾਲੇ ਭਾਵੇਂ ਸਾਰੇ ਪਏ ਆਖਣ ਕਿ ਵਪਾਰ ਵਿਚ ਬੜਾ ਮੰਦਾ ਹੈ, ਭਾਵੇਂ ਐਸੇ ਹਜ਼ਾਰਾਂ ਵਪਾਰੀ ਵਪਾਰ ਦੀ ਖਰਾਬ ਹਾਲਤ ਦੀ ਗਵਾਹੀ ਪਏ ਦੇਣ, ਤੁਸੀਂ ਇਕ ਨਾ ਸੁਣੋ ਤੇ ਕਿਸੇ ਨੂੰ ਸਚਿਆਂ ਨਾ ਮੰਨੋਂ, ਕਿਉਂਕਿ ਤੁਸੀਂ ਸਰਬ ਸ਼ਕਤੀਮਾਨ ਵਾਹਿਗੁਰੂ ਜੀ ਦੀ ਅਗਵਾਈ ਹੇਠ ਪੂਰੀ ਮਿਲਰਵਰਤਣ ਨਾਲ ਚਲ ਰਹੇ ਹੋ। ਰੱਬ ਅਗਵਾਈ ਹੇਠ ਚਲਣ ਵਾਲੇ ਲਈ ਕੋਈ ਕੰਮ ਵੀ ਕਰ ਲੈਣਾ ਅੰਸਭਵ ਨਹੀਂ ਜੇਕਰ ਉਹ ਕਿਸੇ ਨਾਲ ਕੋਈ ਇਕਰਾਰ ਕਰਦਾ ਹੈ ਤਾਂ ਉਸ ਲਈ ਉਹ ਇਕਰਾਰ ਨਿਭਾਣਾ ਮੁਸ਼ਕਲ ਨਹੀਂ ਰਹੇਗਾ।

ਤਜਾਰਤ ਦੇ ਕਈ ਨਿਯਮ, ਵਪਾਰ ਦੇ ਕਈ ਕਾਨੂੰਨ, ਧਕੇ ਤੇ ਬੇ-ਇਨਸਾਫੀ ਦੇ ਭਰੇ ਹੁੰਦੇ ਹਨ। ਮੁਨਸਿਫ ਵਾਹਿਗੁਰੂ ਨੇ ਇਹਨਾਂ ਨਿਯਮਾਂ ਜਾਂ ਕਾਨੂੰਨਾਂ ਨੂੰ ਨਹੀਂ ਬਣਾਇਆ ਅਤੇ ਸਾਡਾ ਹੱਕ ਹੈ ਕਿ ਐਸੇ ਕਾਨੂੰਨਾਂ ਦੇ ਬਾਵਜੂਦ ਵੀ ਅਸੀਂ ਨਿਡਰ ਹੋ ਕੇ ਸ਼ਾਂਤੀ ਨਾਲ ਰਹੀਏ। ਐਸੀ ਸੋਚ ਦਲੀਲ ਵਾਲੀ ਨਹੀਂ ਹੋ ਸਕਦੀ ਕਿ ਪੂਰਨ ਤੇ ਸਿਆਣੇ ਵਾਹਿਗੁਰੂ ਜੀ ਨੇ ਸਾਨੂੰ ਸੰਸਾਰ ਵਿਚ ਭੇਜ ਕੇ ਆਪਣੀ ਕਿਰਤ ਕਰਕੇ ਰੋਜ਼ੀ ਕਮਾਣ ਵਾਸਤੇ ਚਾਹਿਆ ਹੋਵੇ ਅਤੇ ਫੇਰ ਧਕੇ ਅਨਿਆਯ ਵਾਲੇ ਕਾਨੂੰਨ ਹੇਠ ਸਾਨੂੰ ਐਸਾ ਜਕੜ ਦਿਤਾ ਹੋਵੇ ਕਿ ਸਾਨੂੰ ਆਸਾਨੀ ਨਾਲ ਰੋਜ਼ੀ ਨਾ ਮਿਲ ਸਕੇ। ਇਨਸਾਨ ਤੋਂ ਸਿਵਾ ਹੋਰ ਕੁਲ ਜੀਅ ਜੰਤ ਆਪਣੀ ਰੋਜ਼ੀ ਆਸਾਨੀ ਨਾਲ ਪ੍ਰਾਪਤੀ ਕਰਦੇ ਹਨ, ਜਿਸ ਤੋਂ ਵਾਹਿਗੁਰੂ ਜੀ ਦਾ ਸ਼ੁਭ ਆਸ਼ਾ ਸਿਧ ਹੁੰਦਾ ਹੈ।

ਜੋ ਮਨੁੱਖ ਆਪਣਾ ਅਸਲ ਰਾਜ਼ਕ ਤੇ ਪ੍ਰਤਿਪਾਲਕ ਵਾਹਿਗੁਰੂ ਨੂੰ ਸਮਝਦਾ ਹੈ, ਉਸ ਨੂੰ ਕਿਸੇ ਅਦਾਮੀ ਦੇ ਬਣਾਏ ਬੇਇਨਸਾਫੀ ਵਾਲੇ ਕਾਨੂੰਨਾਂ ਦੀ ਪਰਵਾਹ ਨਹੀਂ ਹੁੰਦੀ। ਉਸ ਦੀ ਕਿਸਮਤ ਨੂੰ ਘੜਨ ਵਾਲਾ, ਚੰਗਿਆਈ ਤੇ ਨੇਕੀ ਦਾ ਸੋਮਾ ਸ੍ਰੀ ਵਾਹਿਗੁਰੂ ਜੀ ਹੈ ਜੋ ਸਾਨੂੰ ਕੇਵਲ ਚੰਗੀਆਂ ਤੇ ਲਾਭਦਾਇਕ ਦਾਤਾਂ ਹੀ ਭੇਜਦਾ ਹੈ। ਸਾਨੂੰ ਸਿਰਫ ਇਹ ਦੇਖਣਾ ਚਾਹੀਦੈ ਕਿ ਅਸੀਂ ਰਾਸਤੀ ਤੇ ਹਾਂ, ਸਾਡੇ ਅੰਦਰ ਖ਼ੁਦਗਰਜ਼ੀ ਨਹੀਂ, ਲਾਲਚ ਨਹੀਂ ਜਾਂ ਸਾਡੇ ਅੰਦਰ ਹੋਰ ਕੋਈ ਵਕਾਰ ਜਾਂ ਭੁਲ ਨਹੀਂ। ਜੇ ਐਸਾ ਨਹੀਂ, ਤਦ ਸਾਨੂੰ ਸ਼ਾਂਤੀ ਨਾਲ ਆਪਣੀ ਸਫਲਤਾ ਤੇ ਯਕੀਨ ਰਖਦੇ ਹੋਏ ਅਗਾਂਹ ਵਧੀ ਜਾਣਾ ਚਾਹੀਦਾ ਹੈ। ਵਾਹਿਗੁਰੂ ਜੀ ਦੀ ਅਪਾਰ ਸ਼ਕਤੀ ਉਤੇ ਭਰੋਸਾ ਰਖਦੇ ਹੋਏ ਅਤੇ ਬਦੀ ਦੀਆਂ ਸਭ ਧਮਕੀਆਂ ਦੀ ਪਰਵਾਹ ਨਾ ਕਰਦੇ

ਹੋਏ ਸਾਨੂੰ ਨਿਰਭੈ ਅਤੇ ਨਿਰਵੈਰ ਜੀਵਨ ਬਤੀਤ ਕਰੀ ਜਾਣਾ ਚਾਹੀਦਾ ਹੈ, ਸਾਡੀਆਂ ਕੋਸ਼ਸ਼ਾਂ ਨੂੰ ਸਫਲਤਾ ਮਿਲਨੀ ਲਾਜ਼ਮੀ ਅਮਰ ਹੈ। ਇਹ ਗਲ ਸਦਾ ਸਮਝਣ ਦੀ ਕੋਸ਼ਸ਼ ਕਰੋ, ਕਿਉਂਕਿ ਤੁਸੀਂ ਫਤਹ ਰੂਪ ਵਾਹਿਗੁਰੂ ਜੀ ਦੇ ਲਾਡਲੇ ਪੁੱਤਰ ਹੋ ਇਸ ਲਈ ਤੁਹਾਡੇ ਅੰਦਰ ਆਪਣੇ ਵਪਾਰ ਨੂੰ ਸਫਲਤਾ ਨਾਲ ਚਲਾਉਣ ਦੇ ਸਾਰੇ ਗੁਣ ਅਤੇ ਪੂਰੀ ਯੋਗਤਾ ਹੈ।

ਸਾਨੂੰ ਆਪਣੇ ਭਾਈਵਾਲਾਂ ਨੂੰ ਜਾਂ ਵਪਾਰੀ ਸਾਥੀਆਂ ਨੂੰ ਸੁਧਾਰਨ ਜਾਂ ਸ਼ਾਂਤ ਚਿਤ ਕਰਨ ਦੀ ਲੋੜ ਨਹੀਂ। ਲੋੜ ਕੇਵਲ ਸਾਨੂੰ ਆਪਣੇ ਆਪ ਨੂੰ ਵਾਹਿਗੁਰੂ ਜੀ ਦੀ ਪ੍ਰਤਿਪਾਲਕ ਸ਼ਕਤੀ ਤੇ ਭਰੋਸਾ ਕਰਕੇ ਅਡੋਲ ਹੋ ਜਾਣ ਦੀ ਹੈ। ਕਿਸੇ ਹੋਰ ਨੂੰ ਐਸਾ ਕਰਨ ਵਾਸਤੇ ਮਜਬੂਰ ਕਰਨ ਦੀ ਜ਼ਰੂਰਤ ਨਹੀਂ।

ਅਸੀਂ ਤੁਹਾਨੂੰ ਇਹ ਦਸਣਾ ਚਾਹੁੰਦੇ ਹਾਂ ਕਿ ਤੁਸੀਂ ਭਾਵੇਂ ਕਿਤਨੀ ਨਿਰਾਸ ਅਵਸਥਾ ਵਿਚ ਆਪਣੇ ਆਪ ਨੂੰ ਫਸਿਆ ਦੇਖੋ, ਤੁਹਾਡੇ ਲਈ ਫਿਰ ਵੀ ਬਾਹਰ ਨਿਕਲ ਜਾਣ ਦਾ ਰਸਤਾ ਮੌਜੂਦ ਹੈ। ਆਪਣੇ ਆਪ ਨੂੰ ਤੁਸੀਂ ਆਲੇ ਦੁਆਲੇ ਦੇ ਮਾੜੇ ਅਸਰਾਂ ਤੋਂ ਸਦਾ ਅਲਹਿਦਾ ਕਰ ਸਕਦੇ ਹੋ। ਵਾਹਿਗੁਰੂ ਜੀ ਨਾਲ ਆਪਣੇ ਮਨ ਨੂੰ ਜਦ ਵੀ ਜੋੜੋ, ਤੁਸੀਂ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਦੇ ਅਸਰਾਂ ਤੋਂ ਆਜ਼ਾਦ ਹੋਇਆ ਦੇਖੋਗੇ। ਜਦ ਪ੍ਰਾਰਥਨਾ ਦਵਾਰਾ ਜਾਂ ਸਿਮਰਨ ਦਵਾਰਾ ਤੁਸੀਂ ਵਾਹਿਗੁਰੂ ਜੀ ਨਾਲ ਆਪਣੇ ਮਨ ਨੂੰ ਜੋੜੋ ਤਾਂ ਤੁਸੀਂ ਆਪਣੀ ਅਸਲੀ ਤੇ ਪੱਕੀ, ਖੇੜੇ ਦੀ ਅਵਸਥਾ ਵਿਚ ਖ਼ੁਦ ਬਖ਼ੁਦ ਆ ਜਾਂਦੇ ਹੋ। ਇਸ ਅਵਸਥਾ ਵਿਚ ਅਸਥਿਰ ਹੋ ਕੇ ਰਹਿਣ ਵਾਲਾ ਆਪਣੇ ਆਲੇ ਦੁਆਲੇ ਸਦਾ ਕਸਰਤ ਬੇਫਿਕਰੀ, ਖ਼ੁਸ਼ੀ ਤੇ ਖੇੜਾ ਦੇਖੇਗਾ।

ਵਾਹਿਗੁਰੂ ਜੀ ਸਰਬ ਪਰਕਾਰ ਦੇ ਸੁਖਾਂ ਦਾ ਭੰਡਾਰਾ ਹਨ। ਜਦ ਸਾਡਾ ਮਨ ਨਿਰਮਾਨ ਹੋ ਕੇ ਵਾਹਿਗੁਰੂ ਜੀ ਨਾਲ ਜੁੜਦਾ ਹੈ ਤਾਂ ਉਸ ਅਮੁਕ ਭੰਡਾਰੇ ਵਿਚੋਂ ਆਪਣੇ ਲਈ ਸਭ ਲੋੜੀਂਦੇ ਸੁਖ, ਖ਼ੁਸ਼ੀਆਂ, ਬਰਕਤਾਂ ਤੇ ਨੇਅਮਤਾਂ ਵਿਚ ਲਿਆਉਂਦਾ ਹੈ। ਸਾਨੂੰ ਕਿਸੇ ਆਦਮੀ ਨੂੰ ਖ਼ੁਸ਼ ਕਰਨ ਦੀ ਬਜਾਏ ਆਪਣੇ ਅੰਦਰ ਬਿਰਾਜਨ ਵਾਲੇ ਵਾਹਿਗੁਰੂ ਜੀ ਨਾਲ ਪਿਆਰ ਤੇ ਨਿਮਰਤਾ ਸਹਿਤ ਜੁੜਨ ਦੀ ਲੋੜ ਹੈ। ਐਸਾ ਕੀਤਿਆਂ ਸਾਡੀ ਜੀਵਨ ਯਾਤਰਾ ਨੂੰ ਉਹ ਆਪ ਹੀ ਸਫਲ ਬਣਾਵੇਗਾ।

ਸਾਡੇ ਜੀਵਨ ਵਿਚ ਜਾਂ ਸਾਡੇ ਵਪਾਰ ਵਿਚ ਜੋ ਵੀ ਰੁਕਾਵਟਾਂ ਜਾਂ

ਔਖਿਆਈਆਂ ਆਉਂਦੀਆਂ ਹਨ ਉਹਨਾਂ ਦਾ ਮਨੋਰਥ ਕੇਵਲ ਸਾਨੂੰ ਆਪਣੀ ਅਸਲੀਅਤ ਯਾਦ ਕਰਾਉਣਾ ਹੁੰਦਾ ਹੈ। ਸਾਡੇ ਵਪਾਰ ਵਿਚ ਮੰਦਾ ਜਾਂ ਘਾਟਾ, ਜਾਂ ਭਾਈਵਾਲਾਂ ਦੀ ਅਣਬਣ, ਜਾਂ ਸਟਾਫ ਵਿਚ ਬੇਚੈਨੀ ਜਾਂ ਲੈਣਦਾਰਾਂ ਦੀ ਸਖਤੀ ਜਾਂ ਉਗਰਾਹੀ ਵਿਚ ਢਿਲਾਪਨ ਕੁਝ ਐਸੀਆਂ ਰੁਕਾਵਟਾਂ ਹਨ ਜੋ ਵਪਾਰੀ ਨੂੰ ਆ ਕੇ ਤੰਗ ਤੇ ਪਰੇਸ਼ਾਨ ਕਰਦੀਆਂ ਹਨ। ਪਰ ਜਿਸ ਵਪਾਰੀ ਦੇ ਮੂੰਹ ਨੂੰ ਇਹ ਰੁਕਾਵਟਾਂ ਵਾਹਿਗੁਰੂ ਜੀ ਵਲ ਮੋੜ ਦੇਣ, ਅਤੇ ਉਹ ਰੁਕਾਵਟਾਂ ਦੀ ਪਰਵਾਹ ਨਾ ਕਰਦਾ ਹੋਇਆ ਸਰਬ ਕਲਾ ਭਰਪੂਰ ਵਾਹਿਗੁਰੂ ਜੀ ਦੀ ਸ਼ਰਨ ਆ ਜਾਵੇ, ਅਤੇ ਉਸਦੀ ਮੌਜੂਦਗੀ ਨੂੰ ਆਪਣੇ ਅੰਗ ਸੰਗ ਅਤੇ ਆਪਣੇ ਕਾਰੋਬਾਰ ਦੇ ਹਰ ਹਿਸੇ ਵਿਚ ਦੇਖੇ ਅਤੇ ਵਾਹਿਗੁਰੂ ਜੀ ਨਾਲ ਜੁੜ ਕੇ ਸ਼ਾਂਤੀ ਤੇ ਨਿਰਭੈਤਾ ਵਿਚ ਟਿਕ ਜਾਵੇ ਉਹ ਆਪਣੇ ਸਾਰੇ ਕੰਮ ਵਾਹਿਗੁਰੂ ਜੀ ਨੂੰ ਸਵਾਰਦੇ ਦੇਖ ਕੇ ਖ਼ੁਸ਼ ਤੇ ਨਿਹਾਲ ਹੋਵੇਗਾ, ਉਸ ਲਈ ਫਿਰ ਉਹ ਰੁਕਾਵਟਾਂ ਜਿਨ੍ਹਾਂ ਨੇ ਉਸ ਨੂੰ ਆਪਣੇ ਵਾਹਿਗੁਰੂ ਵਲ ਮੋੜਿਆ, ਆਪਣਾ ਮਿਤਰ ਮਾਲੂਮ ਹੋਣਗੀਆਂ। ਜਿਸ ਮਨ ਵਿਚ ਵਾਹਿਗੁਰੂ ਜੀ ਦਾ ਨਾਮ ਨਿਵਾਸ ਕਰੇ ਉਸ ਮਨ ਦੀ ਦੁਨੀਆਂ ਵਿਚ ਸਭ ਪਾਸੇ, ਸਦਾ ਵਾਹਿਗੁਰੂ ਜੀ ਦੀ ਫਤਹਿ ਨਜ਼ਰ ਆਵੇਗੀ।

ਕੀ ਆਪ ਸਰਕਾਰੀ ਮੁਲਾਜ਼ਮ ਹੋ ?

ਜੇਕਰ ਆਪ ਸਰਕਾਰੀ ਮੁਲਾਜ਼ਮ ਹੋ ਅਤੇ ਈਮਾਨਦਾਰ ਰਹਿਣਾ ਚਾਹੁੰਦੇ ਹੋ ਤਾਂ ਤੁਸੀਂ ਦੇਖੋਗੇ ਕਿ ਤੁਹਾਡੇ ਈਮਾਨਦਾਰ ਰਹਿ ਸਕਣ ਵਿਚ ਬੜੀਆਂ ਰੁਕਾਵਟਾਂ ਆਉਣਗੀਆਂ। ਜੋ ਸਰਕਾਰੀ ਮੁਲਾਜ਼ਮ ਖ਼ੁਦ ਈਮਾਨਦਾਰ ਨਹੀਂ, ਉਹ ਤੁਹਾਨੂੰ ਹਰ ਪਾਸਿਉਂ ਰੁਕਾਵਟਾਂ ਪਾਂਦੇ ਦਿਸਣਗੇ। ਫਰਜ਼ ਕਰੋ ਤੁਸੀਂ ਕਿਸੇ ਦਫਤਰ ਵਿਚ ਮੁਲਾਜ਼ਮ ਹੋ ਅਤੇ ਉਸ ਦਫਤਰ ਵਿਚ ਤੁਹਾਡੇ ਅਫਸਰ ਅਤੇ ਤੁਹਾਡੇ ਮਾਤਹਿਤ ਸਭ ਰਿਸ਼ਵਤ ਖਾਂਦੇ ਹਨ। ਉਸ ਦਫਤਰ ਵਿਚ ਸਾਰੇ ਤੁਹਾਨੂੰ ਗੈਰ ਨਜ਼ਰਾਂ ਨਾਲ ਦੇਖਣਗੇ। ਉਸ ਦਫਤਰ ਵਿਚ ਹਰ ਇਕ ਤੁਹਾਨੂੰ ਓਪਰਾ ਸਮਝੇਗਾ ਅਤੇ ਵਿਚੋਂ ਤੁਹਾਥੋਂ ਡਰੇਗਾ ਕਿ ਤੁਸੀਂ ਕਿਤੇ ਉਸ ਦੀ ਸ਼ਕਾਇਤ ਨਾ ਕਰ ਦੇਵੋ ਜਾਂ ਉਸ ਨੂੰ ਕਿਤੇ ਫਸਾ ਨਾ ਦੇਵੋ। ਹਿੰਦੁਸਤਾਨ ਵਿਚ ਸਦੀਆਂ ਤੋਂ ਬਦੇਸ਼ੀ ਰਾਜ ਹੋਣ ਕਰਕੇ ਗਵਰਨਮੈਂਟ ਦੇ ਦਫਤਰਾਂ ਵਿਚ ਰਿਸ਼ਵਤ ਲੈਣ ਵਾਲੇ ਮੁਲਾਜ਼ਮਾਂ ਦੀ ਈਮਾਨਦਾਰ ਮੁਲਾਜ਼ਮਾਂ ਨਾਲੋਂ ਗਿਣਤੀ ਜ਼ਿਆਦਾ ਹੈ, ਇਸ ਕਰਕੇ ਹਰ ਇਕ ਈਮਾਨਦਾਰ ਪੁਰਸ਼ ਜੋ ਗਵਰਨਮੈਂਟ ਮੁਲਾਜ਼ਮ ਹੈ, ਦੇਖੇਗਾ ਕਿ ਉਸ ਨਾਲ ਹੇਠਲੇ ਮਾਤਹਿਤ ਅਤੇ ਉਤਲੇ ਅਫਸਰ ਆਮ ਤੌਰ ਤੇ ਖ਼ੁਸ਼ ਨਹੀਂ ਰਹਿੰਦੇ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਈਮਾਨਦਾਰ ਆਦਮੀ ਆਪ ਰਿਸ਼ਵਤ ਲੈਂਦਾ ਨਹੀਂ ਇਸ ਕਰਕੇ ਉਸ ਦੇ ਮਾਤਹਿਤ ਨੂੰ ਰਿਸ਼ਵਤ ਖਾਣੀ ਬੜੀ ਮੁਸ਼ਕਲ ਹੋ ਜਾਂਦੀ ਹੈ ਅਤੇ ਉਸ ਦੇ ਅਫਸਰ ਵੀ ਰਿਸ਼ਵਤ ਖਾਣ ਲਗੇ ਉਸ ਈਮਾਨਦਾਰ ਆਦਮੀ ਦੇ ਦਫਤਰ ਵਿਚ ਹੋਣ ਕਰਕੇ ਝਿਜਕਦੇ ਹਨ। ਦੇਖਿਆ ਗਿਆ ਹੈ ਕਿ ਕਈ ਈਮਾਨਦਾਰ ਆਦਮੀ ਆਪਣੇ ਦਫਤਰ ਵਿਚ ਇਸ ਲਈ ਬਦਨਾਮ ਹੋ ਜਾਂਦੇ ਹਨ ਕਿ ਉਹ ਆਪ ਵੀ ਰਿਸ਼ਵਤ ਨਹੀਂ ਖਾਂਦੇ ਅਤੇ ਦੂਸਰਿਆਂ ਨੂੰ ਵੀ ਨਿਧੜਕ ਹੋ ਕੇ ਰਿਸ਼ਵਤ ਨਹੀਂ ਖਾਣ ਦਿੰਦੇ। ਦਫਤਰਾਂ ਦੇ ਮੁਲਾਜ਼ਮ ਹੀ ਈਮਾਨਦਾਰ ਆਦਮੀਆਂ ਤੋਂ

ਤੰਗ ਨਹੀਂ ਆਏ ਹੁੰਦੇ ਸਗੋਂ ਗਵਰਨਮੈਂਟ ਦੇ ਠੇਕੇਦਾਰ ਜਿਹੜੇ ਰਿਸ਼ਵਤ ਦੇ ਕੇ ਆਪਣੇ ਕੰਮ ਛੇਤੀ ਅਤੇ ਲਿਹਾਜ਼ ਨਾਲ ਕਰਾਣ ਦੇ ਆਦੀ ਹੁੰਦੇ ਹਨ, ਈਮਾਨਦਾਰ ਅਫਸਰ ਉਤੇ ਜ਼ੋਰ ਨਹੀਂ ਪਾ ਸਕਦੇ ਅਤੇ ਦਿਲੋਂ ਉਸਦੇ ਈਮਾਨਦਾਰ ਹੋਣ ਨੂੰ ਚੰਗਾ ਨਹੀਂ ਸਮਝਦੇ। ਇਸ ਵਾਸਤੇ ਈਮਾਨਦਾਰ ਆਦਮੀ ਨੂੰ ਗਵਰਨਮੈਂਟ ਸਰਵਿਸ ਵਿਚ ਕਿਤੇ ਵੀ ਆਰਾਮ ਨਾਲ ਟਿਕਾਣਾ ਨਹੀਂ ਮਿਲਦਾ। ਉਹ ਜਿਥੇ ਜਾਂਦਾ ਹੈ ਉਸ ਦੇ ਸਾਰੇ ਮੁਲਾਜ਼ਮ ਉਸ ਤੋਂ ਦੂਰ ਰਹਿਣਾ ਚਾਹੁੰਦੇ ਹਨ ਅਤੇ ਉਸਦੇ ਬਦਲੇ ਜਾਣ ਦੀਆਂ ਕੋਸ਼ਿਸ਼ਾਂ ਕਰਨ ਲਗ ਜਾਂਦੇ ਹਨ। ਸਾਨੂੰ ਕਈ ਗੁਰਸਿੱਖਾਂ ਨੇ ਆਪਣੇ ਤਜਰਬੇ ਤੋਂ ਦਸਿਆ ਹੈ ਕਿ ਅਜ ਕਲ ਜਿਹੜਾ ਅਫਸਰ ਆਪ ਰਿਸ਼ਵਤਾਂ ਖਾਂਦਾ ਹੋਵੇ ਅਤੇ ਆਪਣੇ ਮਾਤਹਿਤਾਂ ਨੂੰ ਵੀ ਰਿਸ਼ਵਤ ਲੈਣੋਂ ਮਨਾ ਨਾ ਕਰੇ ਉਹ ਬੜਾ ਹਰਮਨ ਪਿਆਰਾ ਬਣ ਜਾਂਦਾ ਹੈ। ਪੁਲੀਸ ਦੇ ਸਪਲਾਈ ਦੇ ਪੀ. ਡਬਲਯੂ. ਡੀ. ਆਦਿ ਸਰਕਾਰੀ ਮਹਿਕਮਿਆਂ ਵਿਚ ਤਾਂ ਈਮਾਨਦਾਰ ਆਦਮੀ ਨੂੰ ਝੁੜੂ ਸਮਝਿਆ ਜਾਂਦਾ ਹੈ ਅਤੇ ਉਹ ਜਿਥੇ ਜਾਵੇ ਉਸਦੀ ਸ਼ਾਮਤ ਆਈ ਰਹਿੰਦੀ ਹੈ।

ਇਸ ਮਾਮਲੇ ਦੀ ਚੰਗੀ ਤਰ੍ਹਾਂ ਪੜਤਾਲ ਕਰਨ ਨਾਲ ਸਾਨੂੰ ਸਚਾਈ ਕੁਝ ਹੋਰ ਹੀ ਨਜ਼ਰ ਆਵੇਗੀ। ਜਿਹੜੇ ਈਮਾਨਦਾਰ ਆਦਮੀ ਹੁੰਦੇ ਹਨ, ਉਹ ਦੂਸਰਿਆਂ ਨੂੰ ਇਸ ਵਾਸਤੇ ਮਾੜੇ ਨਹੀਂ ਲਗਦੇ ਕਿ ਉਹ ਈਮਾਨਦਾਰ ਕਿਉਂ ਹਨ, ਬਲਕਿ ਇਸ ਕਰਕੇ ਮਾੜੇ ਲਗਦੇ ਹਨ ਕਿ ਉਹ ਆਪਣੇ ਆਪ ਨੂੰ ਬਹੁਤ ਚੰਗੇ ਅਤੇ ਰਿਸ਼ਵਤ ਲੈਣ ਵਾਲਿਆਂ ਨੂੰ ਮਾੜਾ ਅਤੇ ਆਪਣੇ ਤੋਂ ਨੀਵਾਂ ਸਮਝਦੇ ਹਨ ਅਤੇ ਆਮ ਗਲਬਾਤ ਵਿਚ ਆਪਣੇ ਈਮਾਨਦਾਰ ਹੋਣ ਦਾ ਅਭਿਮਾਨ ਜ਼ਾਹਿਰ ਕਰਦੇ ਫਿਰਦੇ ਹਨ। ਦਿਆਨਤਦਾਰ ਆਦਮੀ ਆਮ ਤੌਰ ਤੇ ਆਪਣੇ ਹੇਠਲਿਆਂ ਨਾਲ ਖੁਸ਼ਕ ਅਤੇ ਸਖਤੀ ਦਾ ਵਰਤਾਉ ਕਰਦੇ ਅਤੇ ਮਾਤਹਿਤਾਂ ਨੂੰ ਰਿਸ਼ਵਤ ਲੈਣ ਨਹੀਂ ਦਿੰਦੇ ਜਿਸ ਕਰਕੇ ਉਹ ਲੋਕ ਜੋ ਰਿਸ਼ਵਤ ਲੈਣਾ ਚਾਹੁੰਦੇ ਹਨ, ਉਹ ਤੰਗ ਆ ਜਾਂਦੇ ਹਨ। ਦਿਆਨਤਦਾਰ ਆਮ ਕਰਕੇ ਆਪਣੇ ਰਿਸ਼ਵਤ ਖਾਣ ਵਾਲੇ ਅਫਸਰਾਂ ਦੀ ਉਤਲੇ ਅਫਸਰਾਂ ਤਕ ਸ਼ਕਾਇਤ ਪੁਚਾਣ ਲਗ ਜਾਂਦੇ ਹਨ। ਈਮਾਨਦਾਰ ਆਦਮੀ ਆਮ ਤੌਰ ਤੇ ਠੇਕੇਦਾਰ ਦੀ ਪਰਵਾਹ ਨਹੀਂ ਕਰਦੇ ਅਤੇ ਉਹਨਾਂ ਦੀਆਂ ਪੇਮੈਂਟ ਰੋਕੀ ਰਖਦੇ ਹਨ, ਜਿਸ ਕਰਕੇ ਉਹਨਾਂ ਨਾਲ ਤੁਅਲਕ ਰਖਣ ਵਾਲੇ ਸਭ ਆਦਮੀ ਉਹਨਾਂ ਦੇ ਖੁਸ਼ਕ ਅਤੇ ਸਖਤ ਸਲੂਕ ਤੋਂ ਤੰਗ ਆ ਜਾਂਦੇ ਹਨ।

ਇਸ ਸੰਬੰਧ ਵਿਚ ਸਾਨੂੰ ਇਕ ਗੁਰਮੁਖ ਦੇ ਜੀਵਨ ਦਾ ਪਤਾ ਹੈ ਜਿਸ ਨੇ ਆਪਣੀ ਉਮਰ ਵਿਚ ਕਦੀ ਰਿਸ਼ਵਤ ਨਹੀਂ ਲੀਤੀ ਅਤੇ ਮਾਮੂਲੀ ਨੌਕਰੀ ਤੋਂ ਤਰੱਕੀ ਕਰਦਾ ਕਰਦਾ ਆਪਣੇ ਮਹਿਕਮੇ ਦਾ ਸਭ ਤੋਂ ਵਡਾ ਅਫਸਰ ਬਣ ਕੇ ਰੀਟਾਇਰ ਹੋਇਆ। ਇਹ ਗੁਰਮੁਖ ਆਪ ਤਾਂ ਰਿਸ਼ਵਤ ਨਹੀਂ ਸੀ ਲੈਂਦੇ, ਐਪਰ ਆਪਣੇ ਰਿਸ਼ਵਤ ਨਾ ਲੈਣ ਕਰਕੇ ਮਗਰੂਰ ਅਤੇ ਅਭਿਮਾਨੀ ਵੀ ਨਹੀਂ ਸਨ। ਸਟਾਫ ਦੇ ਦੂਸਰੇ ਬੰਦੇ ਜੋ ਰਿਸ਼ਵਤ ਲੈਂਦੇ ਸਨ ਉਹਨਾਂ ਨੂੰ ਕਿਸੇ ਤਰ੍ਹਾਂ ਬੁਰੀ ਜਾਂ ਸ਼ਰਮਿੰਦਿਆਂ ਕਰਨ ਵਾਲੀ ਨਜ਼ਰ ਨਾਲ ਨਹੀਂ ਸਨ ਦੇਖਦੇ। ਆਪਣੇ ਹੇਠਾਂ ਰਹਿਣ ਵਾਲੇ ਸਟਾਫ ਵਿਚੋਂ ਜੋ ਰਿਸ਼ਵਤ ਲੈਣੀ ਚਾਹੁੰਦਾ, ਉਹਦੇ ਰਾਹ ਵਿਚ ਕੋਈ ਰੋੜਾ ਨਹੀਂ ਸਨ ਅਟਕਾਂਦੇ ਅਤੇ ਆਪਣੇ ਤੇ ਉਪਰ ਜੋ ਅਫਸਰ ਰਿਸ਼ਵਤ ਲੈਂਦੇ ਸਨ ਉਨ੍ਹਾਂ ਦੇ ਸਤਿਕਾਰ, ਇਜ਼ਤ ਵਿਚ ਕੋਈ ਫ਼ਰਕ ਨਹੀਂ ਸਨ ਪੈਣ ਦਿੰਦੇ ਅਤੇ ਉਨ੍ਹਾਂ ਦਾ ਹੁਕਮ ਪੂਰੀ ਫਰਮਾਂਬਰਦਾਰੀ ਨਾਲ ਪੂਰਾ ਕਰਦੇ। ਆਪ ਨੇ, ਆਪਣੇ ਸਭ ਦਫਤਰ ਵਾਲਿਆਂ ਨੂੰ ਆਖ ਛਡਿਆ ਸੀ ਕਿ ਉਹ ਰਿਸ਼ਵਤ ਲੈਣਾ ਚੰਗਾ ਨਹੀਂ ਸਮਝਦੇ ਐਪਰ ਜਿਹੜੇ ਆਦਮੀ ਰਿਸ਼ਵਤ ਲੈਣਾ ਚਾਹੁਣ ਉਹ ਆਪਣੇ ਕਰਮਾਂ ਦੇ ਆਪ ਜ਼ਿੰਮੇਵਾਰ ਹਨ। ਇਸ ਗੁਰਮੁਖ ਦਾ ਅਸੂਲ ਸੀ ਕਿ ਸਰਕਾਰ ਦੇ ਕਾਨੂੰਨ ਅਨੁਸਾਰ ਆਪ ਕੰਮ ਕਰਨਾ ਅਤੇ ਆਪਣੇ ਦਫਤਰ ਤੇ ਮਾਤਹਿਤਾਂ ਤੋਂ ਸਰਕਾਰੀ ਨਿਯਮਾਂ ਅਨੁਸਾਰ ਪੂਰਾ ਕੰਮ ਲੈਣਾ। ਅਗਰ ਕੋਈ ਸ਼ਖਸ ਸਰਕਾਰੀ ਨਿਯਮ ਅਨੁਸਾਰ ਕੰਮ ਕਰਦਾ ਹੋਇਆ ਕਿਸੇ ਪਾਸੇ ਦਾ ਕੋਈ ਭਲਾ ਕਰਕੇ ਉਸ ਪਾਸੇ ਤੋਂ ਕੋਈ ਰਿਸ਼ਵਤ ਲਵੇ ਤਾਂ ਉਸ ਆਦਮੀ ਦੇ ਇਸ ਕਰਮ ਨੂੰ ਨਜ਼ਰੋਂ ਓਹਲੇ ਕਰ ਛਡਦੇ ਸਨ। ਆਪ ਸੋਲਾਂ ਆਨੇ ਈਮਾਨਦਾਰ ਰਹਿ ਕੇ ਆਪਣੇ ਅਫਸਰਾਂ ਦੇ ਰਿਸ਼ਵਤ ਲੈਣ ਨੂੰ ਵੀ ਉਹ ਨਜ਼ਰੋਂ ਓਹਲੇ ਕਰ ਦਿੰਦੇ ਸਨ। ਆਪ ਕਹਿੰਦੇ ਸਨ ਕਿ ਗੁਰਮਤ ਅਨੁਸਾਰ ਮੈਨੂੰ ਖੁਦ ਰਿਸ਼ਵਤ ਨਹੀਂ ਲੈਣੀ ਚਾਹੀਦੀ, ਪਰ ਮੈਨੂੰ ਦੂਸਰਿਆਂ ਨੂੰ ਰਿਸ਼ਵਤ ਨਾ ਲੈਣ ਉਤੇ ਮਜਬੂਰ ਕਰਨ, ਤੰਗ ਕਰਨ ਦਾ ਵੀ ਕੋਈ ਹੱਕ ਨਹੀਂ। ਹਰ ਇਕ ਇਨਸਾਨ ਆਪੋ ਆਪਣੇ ਕਰਮਾਂ ਦਾ ਆਪ ਜ਼ਿਮੇਵਾਰ ਹੈ ਜੋ ਗਵਰਨਮੈਂਟ ਦੇ ਨਿਯਮਾਂ ਦੇ ਵਿਰੁਧ ਕੰਮ ਕਰੇਗਾ ਉਹ ਖੁਦ ਖਤਰੇ ਵਿਚ ਪਵੇਗਾ ਅਤੇ ਨੁਕਸਾਨ ਉਠਾਵੇਗਾ। ਮੇਰਾ ਕੰਮ ਸਾਰੇ ਦਫਤਰ ਦੇ ਆਦਮੀਆਂ ਨਾਲ ਰਿਸ਼ਵਤ ਦੇ ਮਾਮਲੇ ਵਿਚ ਲੜਨਾ ਨਹੀਂ। ਇਹ ਗੁਰਮੁਖ ਕਿਸੇ ਵੇਲੇ ਬਹੁਤ ਸਾਰੇ ਠੇਕੇਦਾਰਾਂ ਦੇ ਬਿਲ

ਪਾਸ ਕਰਿਆ ਕਰਦੇ ਸਨ ਐਪਰ ਸਭ ਦਾ ਕੰਮ ਵਕਤ ਸਿਰ ਕਰ ਦੇਂਦੇ, ਸਭ ਨੂੰ ਵੇਲੇ ਸਿਰ ਪੇਮੈਂਟ ਕਰ ਦੇਂਦੇ ਅਤੇ ਕਿਸੇ ਪਾਸੋਂ ਕੋਈ ਕਮਿਸ਼ਨ ਨਾ ਲੈਂਦੇ। ਇਸ ਦਾ ਅਸਰ ਇਹ ਹੁੰਦਾ ਸੀ ਕਿ ਉਹਨਾਂ ਨਾਲ ਸਾਰੇ ਦਫਤਰ ਵਾਲੇ ਮਾਤਹਿਤ, ਅਫਸਰ, ਠੇਕੇਦਾਰ ਆਦਿ ਸਭ ਬੜੇ ਖੁਸ਼ ਰਹਿੰਦੇ ਅਤੇ ਬੜੀ ਇਜ਼ਤ ਕਰਦੇ। ਇਸ ਗੁਰਮੁਖ ਦੀ ਈਮਾਨਦਾਰੀ, ਨਿਰਮਾਣਤਾ ਅਤੇ ਨੇਕ ਜੀਵਨ ਦਾ ਅਸਰ ਸਭ ਪਾਸੇ ਪੈਂਦਾ ਸੀ। ਇਹ ਆਪਣੇ ਡੀਪਾਰਟਮੈਂਟ ਦੇ ਵਡੇ ਅਫਸਰਾਂ ਦੀ ਨਿਗਾਹ ਵਿਚ ਬੜੇ ਭਰੋਸੇਯੋਗ ਅਫਸਰ ਸਮਝੇ ਜਾਂਦੇ ਸੀ। ਆਪ ਦਾ ਨਿਸਚਾ ਸੀ ਕਿ ਦੇਣ ਵਾਲਾ ਵਾਹਿਗੁਰੂ ਹੈ ਇਸ ਕਰਕੇ ਮਾੜੇ ਤਰੀਕਿਆਂ ਵਿਚ ਰੁਪਿਆ ਲੈਣੋਂ ਇਨਕਾਰ ਕਰ ਦੇਣ ਵਾਲੇ ਬੰਦਿਆਂ ਨੂੰ ਵਾਹਿਗੁਰੂ ਚੰਗੇ ਤੇ ਇਜ਼ਤ ਵਾਲੇ ਤਰੀਕਿਆਂ ਵਿਚ ਅਮੀਰ ਕਰ ਦਿੰਦਾ ਹੈ।

ਗੁਰਮਤ ਅਨੁਸ਼ਾਰ ਇਨਸਾਨ ਨੂੰ ਆਪ ਨੇਕ ਅਤੇ ਸ਼ੁਭ ਕਰਮ ਕਰਨੇ ਚਾਹੀਦੇ ਹਨ, ਆਪਣੇ ਜੀਵਨ ਵਿਚ ਬਦੀ ਦਾ ਹਰ ਤਰ੍ਹਾਂ ਮੁਕਾਬਲਾ ਕਰਨਾ ਚਾਹੀਦਾ ਹੈ, ਪਰ ਬਦੀ ਦੇ ਜਾਲ ਵਿਚ ਫਸੇ ਹੋਏ ਲਾਚਾਰ ਇਨਸਾਨਾਂ ਨੂੰ ਨਫਰਤ ਨਹੀਂ ਕਰਨੀ ਚਾਹੀਦੀ। ਡਾਕਟਰ ਦਾ ਕੰਮ ਬੀਮਾਰੀ ਨਾਲ ਲੜਾਈ ਹੈ ਪਰ ਬੀਮਾਰ ਨਾਲ ਹਮਦਰਦੀ, ਬੀਮਾਰ ਭਾਵੇਂ ਕਿਸੇ ਕਾਰਨ ਕਰਕੇ ਬੀਮਾਰ ਹੋ ਜਾਵੇ, ਡਾਕਟਰ ਦਾ ਕੰਮ ਉਸ ਨਾਲ ਹਮਦਰਦੀ ਕਰਨਾ ਅਤੇ ਉਸ ਨੂੰ ਰਾਜ਼ੀ ਕਰਨਾ ਹੈ। ਜਿਸ ਤਰ੍ਹਾਂ ਡਾਕਟਰ ਬੀਮਾਰ ਦਾ ਜੱਜ ਨਹੀਂ ਹੁੰਦਾ, ਸੇਵਾਦਾਰ ਹੈ, ਉਸੇ ਤਰ੍ਹਾਂ ਗੁਰਮੁਖ ਲੋਕ ਸੰਸਾਰੀ ਰੋਗੀਆਂ ਦੇ ਜਜ ਨਹੀਂ ਹੁੰਦੇ ਸਗੋਂ ਸੇਵਾਦਾਰ ਹੁੰਦੇ ਹਨ।

ਕੀ ਆਪ ਦੇ ਬੜੇ ਦੁਸ਼ਮਨ ਹਨ ?

ਜੇਕਰ ਆਪ ਦੇ ਇਸ ਜਗਤ ਵਿਚ ਬੜੇ ਦੁਸ਼ਮਨ ਹਨ ਤਾਂ ਆਪ ਨੂੰ ਸਦਾ ਡਰ ਤੇ ਪਰੇਸ਼ਾਨੀ ਤੰਗ ਕਰਦੇ ਹੋਣਗੇ, ਤੁਸੀਂ ਕਿਸੇ ਵੇਲੇ ਵੀ ਆਪਣੇ ਆਪ ਨੂੰ ਖਤਰੇ ਤੋਂ ਆਜ਼ਾਦ ਮਹਿਸੂਸ ਨਹੀਂ ਕਰਦੇ ਹੋਵੋਗੇ। ਇਸ ਹਾਲਤ ਵਿਚ ਤੁਹਾਡੀ ਕੁਦਰਤੀ ਤੌਰ ਉਤੇ ਇਹ ਖਾਹਿਸ਼ ਹੋਵੇਗੀ ਕਿ ਤੁਹਾਡੇ ਦੁਸ਼ਮਨ ਕਿਸੇ ਨਾ ਕਿਸੇ ਤਰ੍ਹਾਂ ਖਤਮ ਹੋ ਜਾਣ ਅਤੇ ਤੁਸੀਂ ਇਸ ਜਗਤ ਵਿਚ ਬੇਖੌਫ ਅਤੇ ਮਹਿਫੂਜ਼ ਬਤੀਤ ਕਰੋ।

ਤੁਹਾਡੇ ਦੁਸ਼ਮਨਾਂ ਨੂੰ ਖਤਮ ਕਰਨ ਦਾ ਇਕ ਤਰੀਕਾ ਤਾਂ ਇਹ ਹੈ ਕਿ ਉਹਨਾਂ ਨੂੰ ਇਤਨਾ ਕਮਜ਼ੋਰ ਕਰ ਦਿਤਾ ਜਾਵੇ ਕਿ ਉਹ ਤੁਹਾਡਾ ਕੁਝ ਵਿਗਾੜ ਨਾ ਸਕਣ। ਦੂਜਾ ਤਰੀਕਾ ਇਹ ਹੈ ਕਿ ਦੁਸ਼ਮਨਾਂ ਨੂੰ ਮਾਰ ਹੀ ਦਿਤਾ ਜਾਵੇ ਤਾਂ ਕਿ ਉਹ ਤੁਹਾਨੂੰ ਨੁਕਸਾਨ ਪੁਚਾਣ ਜੋਗੇ ਹੀ ਨਾ ਰਹਿਣ। ਆਮ ਤੌਰ ਉਤੇ ਆਪਣੇ ਦੁਸ਼ਮਨਾਂ ਤੋਂ ਛੁਟਕਾਰਾ ਪਾਣ ਲਈ ਇਨਸਾਨ ਇਹੋ ਤਰੀਕੇ ਵਰਤਦਾ ਹੈ ਪਰ ਇਹਨਾਂ ਦੋਹਾਂ ਤਰੀਕਿਆਂ ਤੋਂ ਜੋ ਨਤੀਜੇ ਨਿਕਲਦੇ ਹਨ ਉਹ ਤਸੱਲੀ ਬਖਸ਼ ਸਾਬਤ ਨਹੀਂ ਹੁੰਦੇ। ਫਰਜ਼ ਕਰੋ ਤੁਹਾਡਾ ਕੋਈ ਜਾਨੀ ਦੁਸ਼ਮਨ ਹੈ ਅਤੇ ਤੁਸੀਂ ਉਸ ਨੂੰ ਜਾਂ ਡਾਹਡਾ ਕਮਜ਼ੋਰ ਕਰ ਦਿਤਾ ਹੈ ਜਾਂ ਜਾਨ ਤੋਂ ਹੀ ਮਰਵਾ ਦਿਤਾ ਹੈ। ਇਹ ਕੁਝ ਕਰਕੇ ਤੁਸੀਂ ਸਮਝੋਗੇ ਕਿ ਤੁਹਾਨੂੰ ਦੁਸ਼ਮਣਾਂ ਤੋਂ ਖਤਰਾ ਹਟ ਗਿਆ ਹੈ, ਪਰ ਇਹ ਤੁਹਾਡੀ ਭੁਲ ਹੈ। ਦੁਸ਼ਮਨ ਤੁਹਾਡੇ ਹਥੋਂ ਜੇ ਕਮਜ਼ੋਰ ਹੋ ਗਿਆ ਹੈ ਤਾਂ ਉਸ ਦੇ ਦਿਲ ਵਿਚ ਤੁਹਾਡੀ ਦੁਸ਼ਮਨੀ ਹੋਰ ਵਧ ਗਈ ਹੈ ਅਤੇ ਉਹ ਜਦ ਵੀ ਮੁੜ ਤਾਕਤ ਵਿਚ ਆਵੇਗਾ ਤੁਹਾਡਾ ਪਹਿਲਾਂ ਨਾਲੋਂ ਵੀ ਵਧ ਨੁਕਸਾਨ ਕਰੇਗਾ। ਜੇਕਰ ਤੁਸੀਂ ਆਪਣੇ ਦੁਸ਼ਮਨ ਨੂੰ ਜਾਨੋਂ ਮਰਵਾ ਸੁਟਿਆ ਹੈ ਤਾਂ ਉਸਦੇ ਮਿਤਰ ਦੋਸਤ ਰਿਸ਼ਤੇਦਾਰ ਦੇਸ਼ ਦੀ ਗੌਰਮਿੰਟ ਅਤੇ ਸੁਸਾਇਟੀ ਸਭ ਇਸ ਤਾਕ

ਵਿਚ ਰਹਿਣਗੇ ਕਿ ਆਪ ਨੂੰ ਇਸ ਖ਼ੂਨ ਦੀ ਪੂਰੀ ਸਜ਼ਾ ਮਿਲੇ, ਇਸ ਕਰਕੇ ਤੁਸੀਂ ਦੁਸ਼ਮਨਾਂ ਨੂੰ ਕਮਜ਼ੋਰ ਕਰਕੇ ਜਾਂ ਮਰਵਾ ਕੇ ਵੀ ਸਚੇ ਅਰਥਾਂ ਵਿਚ ਸੁਖੀ, ਸ਼ਾਂਤ ਤੇ ਮਹਿਫ਼ੂਜ਼ ਨਹੀਂ ਹੋ ਸਕਦੇ।

ਤਾਂ ਫਿਰ ਦੁਸ਼ਮਨਾਂ ਤੋਂ ਸਦਾ ਲਈ ਛੁਟਕਾਰਾ ਪਾਉਣ ਦਾ ਕੀ ਤਰੀਕਾ ਹੋਣਾ ਚਾਹੀਦਾ ਹੈ? ਇਸ ਸੰਬੰਧ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿਖਸ਼ਾ ਆਪ ਦੀ ਐਸੀ ਸਹਾਇਤਾ ਕਰ ਸਕਦੀ ਹੈ ਕਿ ਸਾਰੀ ਦੁਨੀਆਂ ਵਿਚ ਤੁਹਾਡਾ ਕੋਈ ਦੁਸ਼ਮਨ ਨਾ ਰਹੇ ਅਤੇ ਤੁਹਾਡੀ ਜ਼ਿੰਦਗੀ ਦੁਸ਼ਮਨਾਂ ਦੇ ਡਰ ਤੋਂ ਸਦਾ ਲਈ ਆਜ਼ਾਦ ਹੋ ਜਾਵੇ।

ਦੁਸ਼ਮਨ ਤੋਂ ਅਸਲ ਵਿਚ ਛੁਟਕਾਰਾ ਓਦੋਂ ਪਾਈਦਾ ਹੈ ਜਦ ਦੁਸ਼ਮਨਾਂ ਦੇ ਦਿਲ ਵਿਚੋਂ ਦੁਸ਼ਮਨਤਾਈ ਮੁਕ ਜਾਵੇ। ਦੁਸ਼ਮਨਾਂ ਨੂੰ ਮਾਰ ਕੇ ਜਾਂ ਕਮਜ਼ੋਰ ਕਰ ਕੇ ਦੁਸ਼ਮਨਾਂ ਦੇ ਦਿਲਾਂ ਵਿਚੋਂ ਦੁਸ਼ਮਨਤਾਈ ਨਹੀਂ ਮਿਟਦੀ ਸਗੋਂ ਉਹ ਵਧਦੀ ਹੈ। ਇਸ ਕਰਕੇ ਦੁਸ਼ਮਨਾਂ ਤੋਂ ਮਹਿਫ਼ੂਜ਼ ਹੋਣ ਲਈ ਜ਼ਰੂਰੀ ਹੈ ਕਿ ਦੁਸ਼ਮਨਾਂ ਦੇ ਦਿਲ੍ਹਾਂ ਵਿਚ ਆਪਣੇ ਸੰਬੰਧੀ ਦੁਸ਼ਮਨਤਾਈ ਮੁਕਾਈ ਜਾਵੇ। ਇਹ ਕਿਵੇਂ ਹੋਵੇ ?

ਇਥੇ ਇਹ ਆਤਮਕ ਸਚਾਈ ਯਾਦ ਰਖਣੀ ਚਾਹੀਦੀ ਹੈ ਕਿ ਇਹ ਜਗਤ ਅਸਲ ਵਿਚ ਸਾਡੇ ਮਨ ਦਾ ਪਰਛਾਵਾਂ ਹੈ ਜੋ ਸਾਡੇ ਮਨ ਵਿਚ ਸੀ ਜਾਂ ਹੁਣ ਹੈ, ਉਹੋ ਕੁਝ ਸਾਨੂੰ ਆਪਣੇ ਜਗਤ ਵਿਚ ਨਜ਼ਰ ਆਉਂਦਾ ਹੈ ਅਤੇ ਆਵੇਗਾ। ਜਿਹੜੀ ਕੁੜੱਤਨ, ਨਫ਼ਰਤ ਅਤੇ ਨੁਕਸਾਨ ਪਹੁੰਚਾਉਣ ਦੀ ਖ਼ਾਹਿਸ਼ ਅਸੀਂ ਆਪਣੇ ਦੁਸ਼ਮਨਾਂ ਅੰਦਰ ਪਏ ਦੇਖਦੇ ਹਾਂ, ਇਹ ਕੁੜਤਨ ਤੇ ਵੈਰ ਅਸਲ ਵਿਚ ਸਾਡੇ ਆਪਣੇ ਮਨ ਵਿਚ ਸੀ, ਜਾਂ ਹੈ ਅਤੇ ਸਾਡੇ ਮਨ ਵਿਚ ਹੋਣ ਕਰਕੇ ਜਗਤ ਅੰਦਰ ਸਾਡੇ ਦੁਸ਼ਮਨਾਂ ਥਾਨੀਂ ਪਿਆ ਜ਼ਾਹਿਰ ਹੁੰਦਾ ਹੈ। ਭਾਵੇਂ ਇਹ ਗਲ ਤੁਹਾਡੀ ਸਮਝ ਵਿਚ ਨਾ ਵੀ ਆਵੇ ਪਰ ਸਚਾਈ ਸਚਾਈ ਹੀ ਹੈ ਅਤੇ ਤੁਹਾਡੀ ਸਮਝ ਵਿਚ ਨਾ ਆਉਣ ਕਰਕੇ ਵੀ ਸਚਾਈ ਪੂਰੀ ਸਚਾਈ ਰਹਿੰਦੀ ਹੈ। ਇਸ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਇਸ ਜਗਤ ਵਿਚ ਜੋ ਹਰ ਇਕ ਨੂੰ ਪਿਆ ਨਜ਼ਰ ਆਉਂਦਾ ਹੈ ਇਹ ਉਸ ਦੇ ਆਪਣੇ ਮਨ ਦਾ ਹੀ ਪਰਛਾਵਾਂ ਹੈ, ਹੋਰ ਕੁਝ ਨਹੀਂ।

ਇਸ ਕਰਕੇ ਦੁਸ਼ਮਨਾਂ ਦੇ ਅੰਦਰੋਂ ਦੁਸ਼ਮਨੀ ਕਢਣ ਵਾਸਤੇ ਪਹਿਲੋਂ ਆਪਣੇ ਅੰਦਰੋਂ ਡਰ, ਵੈਰ, ਨਫ਼ਰਤ ਨੂੰ ਕਢੋ ਅਤੇ ਇਹਨਾਂ ਦੀ ਜਗ੍ਹਾ ਆਪਣੇ

ਮਨ ਵਿਚ ਉਹ ਚੀਜ਼ਾਂ ਭਰੋ ਜੋ ਤੁਸੀਂ ਆਪਣੇ ਦੁਸ਼ਮਨਾਂ ਦੇ ਦਿਲਾਂ ਵਿਚ ਆਪਣੇ ਸੰਬੰਧੀ ਭਰਨੀਆਂ ਚਾਹੁੰਦੇ ਹੋ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਦੁਸ਼ਮਨ ਤੁਹਾਨੂੰ ਦੁਸ਼ਮਨੀ ਛਡ ਕੇ ਪਿਆਰ ਕਰਨ, ਤੁਹਾਡੀ ਇਜ਼ਤ ਕਰਨ, ਤੁਹਾਡੇ ਮਿਤਰ ਬਣ ਜਾਣ ਤਾਂ ਤੁਹਾਨੂੰ ਸਭ ਤੋਂ ਪਹਿਲੋਂ ਆਪਣੇ ਦਿਲ ਵਿਚੋਂ ਆਪਣੇ ਦੁਸ਼ਮਨਾਂ ਸੰਬੰਧੀ ਡਰ, ਵੈਰ ਤੇ ਨਫ਼ਰਤ ਤਿਆਗ ਕੇ ਉਨ੍ਹਾਂ ਸੰਬੰਧੀ ਪਿਆਰ ਸਤਕਾਰ ਤੇ ਭਰੋਸਾ ਪੈਦਾ ਕਰਨਾ ਚਾਹੀਦਾ ਹੈ। ਜਦ ਤੁਹਾਡੇ ਮਨ ਵਿਚ ਆਪਣੇ ਦੁਸ਼ਮਨਾਂ ਸੰਬੰਧੀ ਇਹ ਤਬਦੀਲੀ ਪੂਰੀ ਤਰ੍ਹਾਂ ਆ ਜਾਵੇਗੀ ਤਾਂ ਤੁਸੀਂ ਕੁਝ ਅਰਸੇ ਮਗਰੋਂ ਇਹ ਤਬਦੀਲੀ ਆਪਣੇ ਦੁਸ਼ਮਨਾਂ ਵਿਚ ਵੀ ਵੇਖ ਕੇ ਹੈਰਾਨ ਹੋ ਜਾਵੋਗੇ।

ਇਸ ਆਤਮਕ ਅਸੂਲ ਉਤੇ ਵਰਤੋਂ ਕਰਕੇ ਇਸ ਲੇਖ ਦੇ ਲਿਖਾਰੀ ਨੂੰ ਆਪਣੇ ਜੀਵਨ ਵਿਚ ਆਪਣੇ ਕੱਟੜ ਦੁਸ਼ਮਨਾਂ ਨੂੰ ਆਪਣਾ ਪਰਮ ਸਨੇਹੀ ਬਨਾਣ ਵਿਚ ਪੂਰੀ ਸਫਲਤਾ ਹੋਈ ਹੈ। ਇਹ ਆਤਮਕ ਅਸੂਲ ਕੇਵਲ ਇਨਸਾਨਾਂ ਤਕ ਹੀ ਮਹਿਦੂਦ ਨਹੀਂ ਸਗੋਂ ਜਗਤ ਦੀ ਹਰ ਚੀਜ਼ ਉਤੇ ਸਫਲਤਾ ਨਾਲ ਪਰਤਾਇਆ ਜਾ ਸਕਦਾ ਹੈ। ਇਸ ਸੰਬੰਧੀ ਹੇਠ ਲਿਖੇ ਦੋ ਆਤਮਕ ਤਜਰਬੇ ਜੋ ਇਕ ਗੁਰਮੁਖ ਨੇ ਪਿਛੇ ਜਿਹੇ ਕੀਤੇ, ਪਾਠਕਾਂ ਨੂੰ ਉਕਤ ਆਤਮਕ ਅਸਲ ਦੀ ਬੇਹਦ ਸਚਾਈ ਦਾ ਯਕੀਨ ਕਰਾਨ ਵਿਚ ਸਹਾਇਤਾ ਕਰਨਗੇ।

ਇਹ ਗੁਰਮੁਖ ਰੀਟਾਇਰਡ ਗਵਰਨਮੈਂਟ ਅਸਫਰ ਹਨ ਅਤੇ ਆਪਣੀ ਪਿਛਲੀ ਉਮਰ ਵਾਹਿਗੁਰੂ ਜੀ ਦੇ ਸੁਭਾ ਅਤੇ ਆਤਮਕ ਨਿਯਮਾਂ ਨੂੰ ਸਮਝਣ ਅਤੇ ਕਮਾਣ ਵਿਚ ਗੁਜ਼ਾਰਦੇ ਹਨ। ਆਪ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਇਹ ਉਪਦੇਸ਼ ਪੜ੍ਹਿਆ ਕਿ ਇਸ ਜਗਤ ਵਿਚ ਵਾਹਿਗੁਰੂ ਹੈ, ਹਰ ਸ਼ੈ ਦੇ ਅੰਦਰ ਬਾਹਰ ਕੇਵਲ ਵਾਹਿਗੁਰੂ ਹੈ।

ਕਾਨੜਾ ਮਹਲਾ ੫

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥

ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ।

ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਇਹ ਸੁਮਤਿ ਸਾਧੂ ਤੇ ਪਾਈ।
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ
ਪੇਖਿ ਪੇਖਿ ਨਾਨਕ ਬਿਗਸਾਈ।।

. . . .

ਸਭ ਦੇ ਅੰਦਰ ਬਾਹਰ ਵਾਹਿਗੁਰੂ ਹੋਣ ਕਰਕੇ ਸਭ ਇਕ ਵਾਹਿਗੁਰੂ ਦਾ ਹੀ ਰੂਪ ਹਨ ਅਤੇ ਸਭ ਵਾਹਿਗੁਰੂ ਦਾ ਰੂਪ ਹੋਣ ਕਰਕੇ ਸਭ ਸਜਨ ਹੀ ਸਜਨ ਹਨ, ਕੋਈ ਦੁਸ਼ਮਨ ਕੋਈ ਵੈਰੀ, ਕੋਈ ਬੇਗਾਨਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਕਤ ਸਿਖਸ਼ਾ ਨੇ ਇਸ ਗੁਰਮੁਖ ਉਤੇ ਐਸਾ ਅਸਰ ਕੀਤਾ ਕਿ ਉਹ ਦੁਨੀਆਂ ਦੀ ਹਰ ਚੀਜ਼ ਨੂੰ ਇਸ ਉਪਦੇਸ਼ ਦੀ ਦ੍ਰਿਸ਼ਟੀ ਨਾਲ ਦੇਖਣ ਲਗ ਪਏ। ਇਹਨਾਂ ਗੁਰਮੁਖਾਂ ਦੇ ਮਕਾਨ ਵਿਚ ਹਰ ਸਾਲ ਬਹੁਤ ਸਾਰੇ ਡੇਮੂੰ ਜਾਂ ਧਮੂੜੀਆਂ ਖਖਰਾਂ ਬਣਾ ਲਿਆ ਕਰਦੇ ਸਨ ਅਤੇ ਹਰ ਸਾਲ ਡੇਮੂੰ ਬੱਚਿਆਂ ਨੂੰ, ਨੌਕਰਾਂ ਨੂੰ ਅਤੇ ਹੋਰ ਘਰ ਵਾਲਿਆਂ ਨੂੰ ਲੜਿਆ ਕਰਦੇ ਅਤੇ ਬੜੀ ਤਕਲੀਫ ਦਿੰਦੇ ਸਨ। ਹਰ ਸਾਲ ਡੇਮੂੰਆਂ ਦੀਆਂ ਖਖਰਾਂ ਨੂੰ ਕਈ ਕਈ ਵਾਰੀ ਉਤਾਰਿਆ ਜਾਂਦਾ ਸੀ ਅਤੇ ਇਹ ਮੁੜ ਮੁੜ ਮਕਾਨ ਦੇ ਆਉਣ ਜਾਣ ਵਾਲੀਆਂ ਥਾਂਵਾਂ ਤੇ ਖਖਰਾਂ ਲਗਾਂਦੇ ਸਨ। ਜਿਸ ਸਾਲ ਇਹਨਾਂ ਗੁਰਮੁਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਕਤ ਉਪਦੇਸ਼ ਉਤੇ ਅਮਲ ਕਰਨਾ ਅਰੰਭਿਆ ਉਸ ਸਾਲ ਡੇਮੂਆਂ ਨੇ ਖਖਰਾਂ ਜਿਥੇ ਜਿਥੇ ਲਗਾਈਆਂ ਉਥੇ ਉਥੇ ਹੀ ਉਹਨਾਂ ਨੂੰ ਲਗਾਨ ਦਿਤੀਆਂ ਗਈਆਂ ਅਤੇ ਸਭ ਘਰ ਵਾਲਿਆਂ ਨੂੰ ਹਦਾਇਤ ਹੋ ਗਈ ਕਿ ਡੇਮੂੰਆਂ ਨੂੰ ਕੋਈ ਕੁਛ ਨਾ ਕਹੇ। ਹਫਤੇ ਦੋ ਹਫਤੇ ਦੇ ਇਸ ਸਲੂਕ ਦਾ ਅਸਰ ਡੇਮੂੰਆਂ ਤੇ ਇਹ ਹੋਇਆ ਕਿ ਉਹਨਾਂ ਨੇ ਬੱਚਿਆਂ ਨੂੰ, ਨੌਕਰਾਂ ਨੂੰ, ਆਉਂਦੇ ਜਾਂਦੇ ਘਰ ਵਾਲਿਆਂ ਨੂੰ ਲੜਨਾ ਛੱਡ ਦਿਤਾ। ਉਹ ਸਾਲ ਉਸੇ ਤਰ੍ਹਾਂ ਹੀ ਸੁਖ ਸ਼ਾਂਤੀ ਦਾ ਲੰਘਿਆ। ਅਗਲੇ ਸਾਲ ਫੇਰ ਡੇਮੂੰਆਂ ਨੇ ਮੌਸਮ ਸਿਰ ਆ ਕੇ ਘਰ ਵਿਚ ਖਖਰਾਂ ਬਣਾਈਆਂ ਪਰ ਘਰ ਦੇ ਇਕ ਪਾਸੇ ਦੇ ਇਕ ਕਮਰੇ ਵਿਚ। ਸਾਰੇ ਘਰ ਵਿਚ ਥਾਂ ਥਾਂ ਤੇ ਆਉਣ ਜਾਣ ਵਾਲੇ ਰਸਤਿਆਂ ਉਤੇ ਉਨ੍ਹਾਂ ਇਸ ਸਾਲ ਖਖਰਾਂ ਬਣਾਈਆਂ ਹੀ ਨਾ। ਇਸ ਤੋਂ ਬਾਅਦ ਹੁਣ ਪਾਕਿਸਤਾਨ ਬਨਣ ਤਕ ਉਸ ਮਕਾਨ ਦੇ ਕੇਵਲ ਨੁਕਰ ਦੇ ਇਕ ਕਮਰੇ ਵਿਚ ਹੀ ਡੇਮੂੰ ਖਖਰਾਂ

ਬਣਾਂਦੇ ਰਹੇ ਜੋ ਕਿ ਉਹਨਾਂ ਨੂੰ ਖੁਸ਼ੀ ਨਾਲ ਬਨਾਣ ਦਿਤੀਆਂ ਜਾਂਦੀਆਂ ਰਹੀਆਂ ਅਤੇ ਡੇਮੂੰਆਂ ਨੂੰ ਵੀ ਘਰ ਦੇ ਮੈਂਬਰ ਹੀ ਸਮਝਿਆ ਜਾਂਦਾ ਰਿਹਾ।

ਇਸ ਤੋਂ ਬਾਅਦ ਇਹਨਾਂ ਗੁਰਮੁਖਾਂ ਨੇ ਮੱਛਰਾਂ ਉਤੇ ਵੀ ਇਹੀ ਆਤਮਕ ਤਜਰਬਾ ਕੀਤਾ। ਬਰਸਾਤ ਦੇ ਮੌਸਮ ਵਿਚ ਮੱਛਰ ਬੜਾ ਸਤਾਇਆ ਕਰਦੇ ਸਨ। ਸਾਰੇ ਘਰ ਦੇ ਮੈਂਬਰ ਮਛਹਿਰੀਆਂ ਲਗਾ ਕੇ ਸੌਂਦੇ ਸਨ ਪਰ ਇਹ ਗੁਰਮੁਖ ਬਗੈਰ ਮਛਹਿਰੀ ਦੇ ਸੌਂਦੇ ਅਤੇ ਆਪਣੇ ਉਪਰ ਚਾਦਰ ਵੀ ਨਾ ਲੈਂਦੇ। ਪਹਿਲੇ ਪਹਿਲ ਮੱਛਰਾਂ ਦੇ ਸੈਂਕੜੇ ਡੰਗ ਇਹਨਾਂ ਦੇ ਬਦਨ ਉਤੇ ਰੋਜ਼ ਪੈ ਜਾਂਦੇ ਪਰ ਆਪ ਨੇ ਉਹਨਾਂ ਮੱਛਰਾਂ ਦੇ ਵਿਚ ਆਪਣੇ ਕਰਤਾਰ ਨੂੰ ਦੇਖਣਾ ਅਤੇ ਉਸ ਨਾਲ ਪਿਆਰ ਕਰਨਾ ਨਾ ਛਡਿਆ। ਹੌਲੀ ਹੌਲੀ ਮੱਛਰ ਤਾਂ ਲੜਦੇ ਪਰ ਸਰਦਾਰ ਸਾਹਿਬ ਨੂੰ ਉਹਨਾਂ ਦੀ ਪੀੜ ਹੋਣੀ ਹਟ ਗਈ। ਜਿਸ ਤੋਂ ਕੁਛ ਅਰਸਾ ਬਾਅਦ ਆਪ ਨੂੰ ਮੱਛਰਾਂ ਨੇ ਕਟਣਾ ਹੀ ਛਡ ਦਿਤਾ। ਆਪ ਸਹਿਜ ਸੁਭਾਅ ਬਗੈਰ ਮਛਹਿਰੀ ਸੌਂਦੇ ਰਹੇ ਪਰ ਮੱਛਰਾਂ ਨੇ ਆਪ ਨੂੰ ਸਤਾਣਾ ਛਡ ਦਿਤਾ।

ਏਥੇ ਅਸੀਂ ਗੁਰਸਿਖਾਂ ਦੀ ਹੈਰਾਨੀ ਨੂੰ ਦੂਰ ਕਰਨ ਵਾਸਤੇ ਬੇਨਤੀ ਕਰਾਂਗੇ ਕਿ ਸਾਡੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਵੀ ਸਾਰੀ ਉਮਰ ਇਸੇ ਆਤਮਕ ਅਸੂਲ ਨੂੰ ਵਰਤਦੇ ਰਹੇ ਅਤੇ ਪਿਆਰ ਦੀ ਵਡਿਆਈ ਦਾ ਪਰਚਾਰ ਕਰਦੇ ਰਹੇ। ਸਪ ਵਰਗੇ ਜ਼ਹਿਰੀਲੇ ਜਾਨਵਰ ਆਪ ਜੀ ਉਤੇ ਛਾਂ ਕਰਦੇ ਸਨ। ਇਹ ਇਸ ਕਰਕੇ ਸੀ ਕਿ ਗੁਰੂ ਜੀ ਨਿਰਵੈਰ ਅਤੇ ਪਿਆਰ ਥੀਂ ਭਰਪੂਰ ਹਿਰਦਾ ਰਖਦੇ ਸੀ। ਕਹਿੰਦੇ ਹਨ ਬੱਚੇ ਸਪ ਨੂੰ ਹਥ ਵਿਚ ਫੜ ਲੈਣ ਤਾਂ ਉਹ ਬੱਚਿਆਂ ਨੂੰ ਨਹੀਂ ਵਢਦਾ। ਕਿਉਂ ? ਕਿਉਂ ਕਿ ਬੱਚੇ ਦੇ ਦਿਲ ਵਿਚ ਸੱਪ ਸੰਬੰਧੀ ਡਰ, ਵੈਰ ਤੇ ਘਿਰਣਾ ਨਹੀਂ ਹੁੰਦੀ, ਜਿਸ ਦਾ ਅਸਰ ਸਪ ਨੂੰ ਉਸ ਦਾ ਜ਼ਹਿਰ ਹੁੰਦਿਆਂ ਬੱਚੇ ਲਈ ਬੇਖ਼ਤਰਾ ਬਣਾ ਦਿੰਦਾ ਹੈ।

ਸ੍ਰੀ ਅਰਬਿੰਦ ਘੋਸ਼, ਪਾਂਡੀਚਰੀ ਵਾਲੇ ਮਹਾਤਮਾ ਸੰਬੰਧੀ ਕਿਹਾ ਜਾਂਦਾ ਹੈ ਕਿ ਜਦ ਉਹ ਪਹਿਲੀ ਉਮਰ ਵਿਚ ਦੇਸ਼-ਭਗਤੀ ਦੀ ਸਜ਼ਾ ਭੁਗਤਣ ਜੇਲ੍ਹ ਵਿਚ ਗਏ ਤਾਂ ਉਹਨਾਂ ਨੂੰ ਰਾਤ ਵੇਲੇ ਖਟਮਲ ਤੇ ਮੱਛਰ ਬੜਾ ਤੰਗ ਕਰਿਆ ਕਰਦੇ ਸੀ, ਪਰ ਕਿਉਂਕਿ ਆਪ ਨੇ ਜੇਲ੍ਹ ਵਿਚ ਕਾਫ਼ੀ ਅਰਸਾ ਰਹਿਣਾ ਸੀ ਇਸ ਕਰਕੇ ਉਹਨਾਂ ਨੇ ਖਟਮਲਾਂ ਤੇ ਮੱਛਰਾਂ ਨੂੰ ਆਪਣਾ ਮਿੱਤਰ ਬਣਾ

ਲਿਆ। ਜਦ ਖਟਮਲ ਆਪ ਨੂੰ ਕਟਦੇ ਤਾਂ ਉਹਨਾਂ ਨੇ ਆਪਣੇ ਵਿਚ ਖਟਮਲ ਦੇ ਡੰਗਾਂ ਵਿਚੋਂ ਸਵਾਦ ਲੈਣ ਦੀ ਆਦਤ ਪਾ ਲਈ। ਜਦ ਖਟਮਲ ਕਟਦੇ ਤਾਂ ਇਹ ਉਹਨਾਂ ਦੇ ਡੰਗ ਦੀ ਪੀੜ ਨੂੰ ਸਵਾਦ ਤੇ ਆਨੰਦ ਵਿਚ ਬਦਲ ਦਿੰਦੇ। ਇਸ ਦਾ ਨਤੀਜਾ ਇਹ ਹੋਇਆ ਕਿ ਜਿਥੇ ਖਟਮਲ ਦੂਸਰੇ ਕੈਦੀਆਂ ਲਈ ਬੇਚੈਨੀ ਦਾ ਕਾਰਨ ਸਨ, ਸ੍ਰੀ ਆਰਬਿੰਦੂ ਘੋਸ਼ ਵਾਸਤੇ ਉਹਨਾਂ ਦਾ ਕਟਣਾ ਸਵਾਦ ਵਾਲੀ ਚੀਜ਼ ਸੀ।

ਇਨਸਾਨ ਆਪਣੇ ਮਨ ਵਿਚ ਜੋ ਖਿਆਲ ਬੀਜਦਾ ਹੈ ਉਹਨਾਂ ਹੀ ਖਿਆਲਾਂ ਦੀ ਖੇਤੀ ਦੁਨੀਆਂ ਵਿਚੋਂ ਵਢਦਾ ਹੈ। ਆਪਣੇ ਮਨ ਵਿਚ ਨਿਰਵੈਰਤਾ ਤੇ ਪਿਆਰ ਦਾ ਬੀਜ ਬੀਜਿਆਂ ਜਗਤ ਵਿਚ ਸਾਰੇ ਸਜਨ ਮਿੱਤਰ ਤੇ ਸ਼ੁਭਚਿੰਤਕ ਨਜ਼ਰ ਆਉਣ ਲਗ ਜਾਂਦੇ ਹਨ।

ਅਗਰ ਆਪ ਦਾ ਕਿਸੇ ਐਸੇ ਦੁਸ਼ਮਣ ਨਾਲ ਵਾਹ ਪੈ ਜਾਵੇ, ਜਿਸ ਉਤੇ ਤੁਹਾਡੇ ਪਿਆਰ ਦਾ ਜਾਦੂ ਅਸਰ ਕਰਦਾ ਨਾ ਦਿਸੇ ਤੇ ਤੁਹਾਡੇ ਪਿਆਰ ਦੇ ਸਭ ਹੀਲੇ, ਸਭ ਕੋਸ਼ਿਸ਼ਾਂ ਬੇਕਾਰ ਸਾਬਤ ਹੋਣ, ਤਾਂ ਉਸ ਹਾਲਤ ਵਿਚ ਲਾਚਾਰ ਹੋ ਕੇ ਤੁਹਾਨੂੰ ਉਸ ਨਾਲ ਧਰਮ ਯੁਧ ਕਰਨਾ ਚਾਹੀਦਾ ਹੈ। ਧਰਮ ਯੁਧ ਵਿਚ ਅਤੇ ਆਮ ਯੁਧ ਵਿਚ ਬੜਾ ਫ਼ਰਕ ਹੁੰਦਾ ਹੈ ਧਰਮ ਯੁਧ ਵਿਚ ਦੁਸ਼ਮਨ ਨਾਲ ਵੈਰ ਅਤੇ ਨਫ਼ਰਤ ਨਹੀਂ ਕੀਤੀ ਜਾਂਦੀ। ਧਰਮ ਯੁਧ ਸਚ ਲਈ ਅਤੇ ਸਚਾਈ ਨੂੰ ਕਾਇਮ ਰਖਣ ਅਤੇ ਸਚ ਨੂੰ ਮਹਿਫੂਜ਼ ਬਨਾਉਣ ਲਈ ਕੀਤਾ ਜਾਂਦਾ ਹੈ। ਧਰਮ ਯੁਧ ਵਿਚ ਦੁਸ਼ਮਣ ਨਾਲ ਨਹੀਂ ਹੁੰਦਾ, ਸਗੋਂ ਦੁਸ਼ਮਣ ਦੇ ਅੰਦਰ ਉਸ ਦੇ ਨਫ਼ਰਤ, ਵੈਰ ਅਤੇ ਪਿਆਰ ਨੂੰ ਨਾ ਕਬੂਲਨ ਵਾਲੇ ਮਾੜੇ ਜਜ਼ਬਿਆਂ ਨਾਲ ਹੁੰਦਾ ਹੈ। ਧਰਮ ਯੁਧ ਨਿਰਭੈ ਅਤੇ ਨਿਰਵੈਰ ਹਿਰਦੇ ਨਾਲ ਹੀ ਹੋਇਆ ਕਰਦਾ ਹੈ। ਧਰਮ ਯੁਧ ਵਿਚ ਆਪਣੇ ਮਾਰੇ ਜਾਣ ਦਾ ਖੌਫ਼ ਤੇ ਅਫਸੋਸ ਨਹੀਂ ਹੁੰਦਾ ਅਤੇ ਦੁਸ਼ਮਣ ਦੇ ਮਾਰੇ ਜਾਣ ਦੀ ਖੁਸ਼ੀ ਨਹੀਂ ਹੁੰਦੀ। ਜਦ ਹੋਰ ਸਾਰੇ ਹੀਲੇ ਕੋਸ਼ਿਸ਼ਾਂ ਬੇਕਾਰ ਹੋ ਜਾਣ ਤਦ ਅਤੇ ਕੇਵਲ ਤਦ ਧਰਮ ਯੁਧ ਇਕ ਪਵਿਤਰ ਫਰਜ਼ ਸਮਝ ਕੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਮੁਕਾਬਲੇ ਵਿਚ ਆਏ ਮੁਸਲਮਾਨ ਜਰਨੈਲ ਸੈਦ ਖਾਨ ਨੂੰ ਜੰਗ ਦੇ ਮੈਦਾਨ ਅੰਦਰ ਵੀ ਨਫ਼ਰਤ ਨਹੀਂ ਸਨ ਕਰਦੇ। ਨਾ ਉਸ ਤੋਂ ਡਰਦੇ ਸਨ, ਨਾ ਉਸ ਨਾਲ ਵੈਰ ਰਖਦੇ

ਸਨ ਅਤੇ ਜਦ ਹਜ਼ੂਰ ਨੇ ਸੈਦ ਖਾਨ ਦੇ ਦਿਲ ਵਿਚ ਨਫ਼ਰਤ ਅਤੇ ਘਿਰਣਾ ਦੀ ਬਜਾਏ ਸਤਿਕਾਰ ਅਤੇ ਪਿਆਰ ਨੂੰ ਦੇਖਿਆ ਤਾਂ ਮੈਦਾਨ ਜੰਗ ਵਿਚ ਹੀ ਉਸਨੂੰ ਆ ਕੇ ਮਿਲੇ ਅਤੇ ਆਪਣੇ ਦੁਸ਼ਮਣ ਨੂੰ ਸਦਾ ਦਾ ਮਿਤਰ ਬਣਾਇਆ।

ਏਸੇ ਸੰਬੰਧ ਵਿਚ ਮੁਸਲਮਾਨਾਂ ਦੇ ਇਕ ਮਹਾਂ ਪੁਰਸ਼ ਦੀ ਸਾਖੀ ਸੁਣਾਈ ਜਾ ਸਕਦੀ ਹੈ। ਇਕ ਵਾਰੀ ਹਜ਼ਰਤ ਅਲੀ ਜੀ ਨਿਰਵੈਰ ਅਤੇ ਨਿਰਭੈ ਹਿਰਦੈ ਨਾਲ ਆਪਣੇ ਇਕ ਕਟੜ ਦੁਸ਼ਮਣ ਨਾਲ ਧਰਮ ਯੁਧ ਕਰ ਰਹੇ ਸਨ। ਜੰਗ ਕਰਦਿਆਂ ਹਜ਼ਰਤ ਅਲੀ ਜੀ ਨੇ ਅਪਾਣੇ ਦੁਸ਼ਮਣ ਨੂੰ ਢਾਅ ਲਿਆ ਅਤੇ ਉਸ ਦੀ ਛਾਤੀ ਤੇ ਚੜ੍ਹ ਕੇ ਉਸਨੂੰ ਮਾਰਨ ਲਗੇ ਤਾਂ ਉਸ ਨੇ ਹਜ਼ਰਤ ਅਲੀ ਦੇ ਮੂੰਹ ਉਤੇ ਥੁਕ ਦਿਤਾ। ਹਜ਼ਰਤ ਅਲੀ ਨੇ ਤਦ ਆਪਣੇ ਦੁਸ਼ਮਣ ਨੂੰ ਮਾਰਨ ਦੀ ਬਜਾਏ ਛਡ ਦਿਤਾ ਅਤੇ ਆਖਿਆ ਕਿ ਮੇਰਾ ਤੇਰੇ ਨਾਲ ਜ਼ਾਤੀ ਤੌਰ ਉਤੇ ਕੋਈ ਵੈਰ ਨਹੀਂ। ਮੈਂ ਤੇਰੇ ਨਾਲ ਕੇਵਲ ਧਰਮ ਯੁੱਧ ਕਰ ਰਿਹਾ ਸੀ ਅਤੇ ਇਹ ਤਦ ਤਕ ਹੀ ਹੋ ਸਕਦਾ ਸੀ ਜਦ ਤਕ ਮੇਰੇ ਦਿਲ ਅੰਦਰ ਤੇਰੇ ਸੰਬੰਧੀ ਨਫ਼ਰਤ ਨਹੀਂ ਸੀ। ਤੂੰ ਮੇਰੇ ਮੂੰਹ ਉਤੇ ਥੁਕ ਕੇ ਮੇਰੇ ਦਿਲ ਅੰਦਰ ਆਪਣੇ ਸੰਬੰਧੀ ਨਫ਼ਰਤ, ਗੁੱਸਾ ਅਤੇ ਵੈਰ ਪੈਦਾ ਕਰ ਦਿਤਾ ਹੈ। ਇਸਲਈ ਜੇ ਹੁਣ ਮੈਂ ਤੈਨੂੰ ਮਾਰਾਂ ਤਾਂ ਮੈਂ ਆਪਣੇ ਆਦਰਸ਼ ਤੋਂ ਡਿਗ ਪਵਾਂਗਾ ਕਿਉਂਕਿ ਦਿਲ ਵਿਚ ਦੁਸ਼ਮਣੀ ਅਤੇ ਨਫ਼ਰਤ ਰਖਕੇ ਆਪਣੇ ਦੁਸ਼ਮਣ ਨੂੰ ਮਾਰਨਾ ਧਰਮ ਯੁੱਧ ਨਹੀਂ ਕਿਹਾ ਜਾ ਸਕਦਾ।

ਖ਼ਤਰੇ

ਜਿਥੇ 'ਜੀਵਨ' ਹੈ ਉਥੇ ਖ਼ਤਰੇ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਮੌਜੂਦ ਹੋਣਗੇ। ਇਕਲੇ ਇਕਲੇ ਆਦਮੀ ਨੂੰ ਵੀ ਅਤੇ ਕੌਮਾਂ ਦੀਆਂ ਕੌਮਾਂ ਨੂੰ ਵੀ, ਕੋਈ ਨਾ ਕੋਈ ਖ਼ਤਰਾ ਭਾਸਦਾ ਰਹੇਗਾ। ਇਹ 'ਜੀਵਨ' ਦਾ ਨਿਯਮ ਹੈ ਕਿ 'ਜੀਵਨ' ਨੂੰ ਕਾਇਮ ਰਖਣ ਵਾਸਤੇ ਖ਼ਤਰਿਆਂ ਦਾ ਮੁਕਾਬਲਾ ਕੀਤਾ ਜਾਵੇ।

ਖ਼ਤਰਿਆਂ ਨੂੰ ਉਪਰ ਦਸੇ ਅਨੁਸਾਰ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ, ਸ਼ਖਸੀ ਖ਼ਤਰੇ ਅਤੇ ਕੌਮੀ ਖ਼ਤਰੇ। ਆਦਮੀ ਘਰ ਤੋਂ ਨਿਕਲਦਾ ਹੈ, ਉਸ ਨੂੰ ਕਦਮ ਕਦਮ ਤੇ ਕਿਸੇ ਨਾ ਕਿਸੇ ਹਾਦਸੇ ਦਾ ਖ਼ਤਰਾ ਹੈ। ਮੋਟਰ ਹੇਠ ਆ ਜਾਣ ਦਾ ਖ਼ਤਰਾ, ਟੁਰਦਿਆਂ ਟੁਰਦਿਆਂ ਕਿਸੇ ਮਕਾਨ ਦੀ ਕੰਧ ਦੇ ਉਤੇ ਡਿਗ ਪੈਣ ਦਾ ਖ਼ਤਰਾ, ਕਿਸੇ ਦੂਸਰੇ ਆਦਮੀ ਨਾਲ ਲੜਾਈ ਝਗੜਾ ਹੋ ਪੈਣ ਦਾ ਖ਼ਤਰਾ, ਜੇਬ ਵਿਚੋਂ ਰੁਪਏ ਚੁਰਾਏ ਜਾਣ ਦਾ ਖ਼ਤਰਾ। ਇਸੇ ਤਰ੍ਹਾਂ ਬੀਮਾਰੀ ਦਾ ਖ਼ਤਰਾ, ਵਿਉਪਾਰ ਵਿਚ ਨੁਕਸਾਨ ਦਾ ਖ਼ਤਰਾ, ਨੌਕਰ ਨੂੰ ਮਾਲਕ ਦੇ ਗੁੱਸੇ ਦਾ ਤੇ ਨੌਕਰੀਓਂ ਹਟ ਜਾਣ ਦਾ ਖ਼ਤਰਾ ਆਦਿ ਆਦਿ ਸਖਸ਼ੀ ਖ਼ਤਰਿਆਂ ਦੇ ਨਮੂਨੇ ਹਨ। ਕੌਮ ਤੇ ਮੁਲਕ ਨੂੰ ਵੀ ਹਮੇਸ਼ਾ ਖ਼ਤਰੇ ਰਹਿੰਦੇ ਹਨ। ਜਿਹਾ ਕਿ ਬਾਹਰੋਂ ਕਿਸੇ ਦੁਸ਼ਮਨ ਦੇ ਹਮਲੇ ਦਾ ਖ਼ਤਰਾ, ਅੰਦਰੂਨੀ ਲੜਾਈ ਝਗੜੇ (Civil War) ਦਾ ਖ਼ਤਰਾ, ਕਾਲ ਪੈਣ ਦਾ ਖ਼ਤਰਾ ਆਦਿ। ਰਾਜੇ ਨੂੰ ਰਾਜ ਖੁਸ ਜਾਣ ਦਾ ਤੇ ਭਿਖਾਰੀ ਨੂੰ ਆਪਣੀ ਕੱਖਾਂ ਦੀ ਝੌਂਪੜੀ ਦੇ ਹਵਾ ਨਾਲ ਡਿਗ ਪੈਣ ਦਾ ਜਾਂ ਅੱਗ ਨਾਲ ਸੜ ਜਾਣ ਦਾ ਸਦਾ ਖ਼ਤਰਾ ਰਹਿੰਦਾ ਹੈ। ਗੱਲ ਕੀ ਜੋ ਜੀਉਂਦਾ ਹੈ ਉਸ ਨੂੰ ਕੋਈ ਨਾ ਕੋਈ ਖ਼ਤਰਾ ਡਰਾਉਂਦਾ ਰਹਿੰਦਾ ਹੈ। ਮੌਤ ਦਾ ਖ਼ਤਰਾ ਤਾਂ ਜੀਵਨ ਨਾਲ ਪਰਛਾਵੇਂ ਦੀ ਤਰ੍ਹਾਂ ਚੰਬੜਿਆ ਹੀ ਰਹਿੰਦਾ ਹੈ।

ਦੀਰਘ ਵਿਚਾਰ ਕੀਤਿਆਂ ਪਤਾ ਲਗੇਗਾ ਕਿ ਇਨਸਾਨੀ ਜ਼ਿੰਦਗੀ ਨੂੰ ਖ਼ਤਰੇ, ਫ਼ਿਕਰ, ਚਿੰਤਾ, ਹਰ ਵਕਤ ਆਪਣੇ ਘੇਰੇ ਵਿਚ ਐਸਾ ਫਸਾਈ ਰਖਦੇ ਹਨ ਕਿ ਉਸ ਵਾਸਤੇ ਜੀਵਨ ਭਾਰੂ ਹੋ ਜਾਂਦਾ ਹੈ। ਇਨਸਾਨੀ ਜੀਵਨ ਵਿਚ ਪੂਰਨ ਸੁਖ ਦੇ ਸਾਹ ਬਹੁਤ ਘਟ ਆਉਂਦੇ ਹਨ।

ਖ਼ਤਰਿਆਂ ਤੋਂ ਨਿਸਚਿਤ ਹੋਣ ਦਾ ਕੀ ਕੋਈ ਉਪਾਅ ਹੈ ? ਦੁਨੀਆਂਦਾਰ ਸਿਆਣੇ ਆਖਣਗੇ, ਖ਼ਤਰਿਆਂ ਤੋਂ ਚੌਕੰਨਾ ਰਹਿਣਾ, ਖ਼ਤਰਿਆਂ ਵਿਰੁਧ ਤਿਆਰੀ ਕਰੀ ਰਖਣੀ ਖ਼ਤਰਿਆਂ ਦਾ ਇਲਾਜ ਹੈ, ਪਰ ਅਸੀਂ ਦੇਖਦੇ ਹਾਂ ਕਿ ਇਨਸਾਨ ਦੀ ਹੁਸ਼ਿਆਰੀ, ਚਾਲਾਕੀ ਤੇ ਦੂਰਅੰਦੇਸ਼ੀ ਦੇ ਬਾਵਜੂਦ ਵੀ ਖ਼ਤਰੇ ਘਟੇ ਨਹੀਂ, ਉਸੇ ਤਰ੍ਹਾਂ ਕਾਇਮ ਹਨ। ਜਿਉਂ ਜਿਉਂ ਇਨਸਾਨ ਖ਼ਤਰਿਆਂ ਤੇ ਕਾਬੂ ਪਾਣ ਦਾ ਯਤਨ ਕਰਦਾ ਹੈ, ਤਿਉਂ ਤਿਉਂ ਖ਼ਤਰਿਆਂ ਦੀਆਂ ਕਿਸਮਾਂ ਵਧਦੀਆਂ ਹਨ ਅਤੇ ਖ਼ਤਰੇ ਸ਼ਕਲਾਂ ਵਟਾ ਵਟਾ ਕੇ ਕਾਇਮ ਰਹਿੰਦੇ ਹਨ। ਜੇ ਇਕ ਕੌਮ ਦੂਸਰੀ ਕੌਮ ਦੇ ਹਮਲੇ ਤੋਂ ਬਚਣ ਵਾਸਤੇ ਸ਼ਸਤਰ-ਬੰਦ ਹੁੰਦੀ ਹੈ, ਤਾਂ ਦੂਸਰੀ ਕੌਮ ਪਹਿਲੇ ਨਾਲੋਂ ਦੋ ਗੁਣੇ ਸ਼ਸਤਰ-ਬੰਦ ਹੁੰਦੀ ਹੈ। ਜੇ ਇਨਸਾਨ ਇਕ ਬੀਮਾਰੀ ਦਾ ਇਲਾਜ ਕਢਦਾ ਹੈ ਤਾਂ ਬੀਮਾਰੀ ਕਿਸੇ ਨਵੀਂ ਸ਼ਕਲ ਵਿਚ ਇਨਸਾਨ ਦੇ ਸਾਹਮਣੇ ਆ ਖਲੋਂਦੀ ਹੈ। ਕਿਸੇ ਆਰਜ਼ੀ ਸਮੇਂ ਵਾਸਤੇ ਕੋਈ ਖ਼ਤਰਾ ਹਟ ਸਕਦਾ ਹੈ, ਪਰ ਉਕੇ ਤੌਰ ਤੇ ਨਹੀਂ ਹਟਦਾ, ਵੇਲਾ ਪਾ ਕੇ ਜਿਉਂ ਦਾ ਤਿਉਂ ਫੇਰ ਇਨਸਾਨ ਨੂੰ ਡਰਾਣ ਵਾਸਤੇ ਆ ਮੌਜੂਦ ਹੁੰਦਾ ਹੈ ਅਗਰ ਇਨਸਾਨ ਦੀ ਕੋਸ਼ਿਸ਼ ਕਿਸੇ ਪਾਸੇ ਚੰਗੀ ਤਰ੍ਹਾਂ ਅਸਫਲ ਹੋਈ ਹੈ ਤੇ ਖ਼ਤਰਿਆਂ ਦੇ ਕਾਬੂ ਪਾਣ ਵਿਚ ਹੋਈ ਹੈ।

ਧਰਮ ਦੀ ਖੋਜ ਨਾਲ ਨਿਰਾਸ ਇਨਸਾਨ ਵਾਸਤੇ ਖ਼ਤਰਿਆਂ ਤੋਂ ਬਚ ਕੇ ਪਰਮ ਸੁਖੀ ਜੀਵਨ ਬਤੀਤ ਕਰਨ ਦਾ ਉਪਰਾਲਾ ਕਾਮਯਾਬ ਹੋਇਆ ਹੈ ਕਿ ਨਹੀਂ ? ਇਸ ਦਾ ਜਵਾਬ ਉਹ ਲੋਕ 'ਹਾਂ' ਦੀ ਸ਼ਕਲ ਵਿਚ ਦੇਂਦੇ ਚਲੇ ਆਏ ਹਨ, ਜਿਨ੍ਹਾਂ ਧਰਮ ਦੀ ਸਚੇ ਅਰਥਾਂ ਵਿਚ ਸ਼ਰਨ ਪਕੜੀ ਹੈ।

ਜਨਮ ਮਰਨ ਕੇ ਮਿਟੇ ਅੰਦੇਸੇ।
ਸਾਧੂ ਕੇ ਪੂਰਨ ਉਪਦੇਸੇ।

ਧਰਮ ਦਾ ਦਾਅਵਾ ਹੈ ਕਿ ਮੇਰੀ ਸ਼ਰਨ ਸਚੇ ਦਿਲੋਂ ਜੋ ਵੀ ਆਵੇ, ਨੇਕ ਨੀਤੀ ਨਾਲ ਮੇਰੀ ਗਲ ਸੁਣੇ, ਮੰਨੇ ਤੇ ਕਮਾਵੇ, ਉਸ ਦੇ ਸਾਰੇ

ਡਰ ਅੰਦੇਸੇ, ਖ਼ਤਰੇ ਸਦਾ ਲਈ ਦੂਰ ਹੋ ਜਾਣਗੇ। ਉਸ ਨੂੰ ਨਿਸਚਿੰਤ ਜੀਵਨ, ਜਿਸ ਵਿਚ ਸਿਹਤ, ਖੁਸ਼ਹਾਲੀ, ਬੇਫ਼ਿਕਰੀ ਅਤੇ ਮਸਤੀ ਠਾਠਾਂ ਮਾਰੇਗੀ, ਨਸੀਬ ਹੋਵੇਗਾ।

ਧਰਮ ਦੀ ਸ਼ਰਨ ਆਉਣਾ ਕੀ ਹੈ ? ਇਹ ਆਪਣੇ ਕਰਤਾਰ ਨਾਲ ਵਾਕਫ਼ੀ ਪੈਦਾ ਕਰਨਾ, ਉਸ ਨਾਲ ਪਿਆਰ ਪਾਉਣਾ, ਉਸ ਨੂੰ ਸਮਝਣਾ, ਉਸ ਨੂੰ ਆਪਣਾ ਮਿਤਰ ਬਨਾਉਣਾ ਅਤੇ ਉਸ ਦੀਆਂ ਬੇਅੰਤ ਤਾਕਤਾਂ ਨੂੰ ਆਪਣੇ ਤੇ ਦੁਨੀਆਂ ਦੇ ਭਲੇ ਵਾਸਤੇ ਵਰਤਣਾ ਹੈ। ਕਰਤਾਰ ਦੀ ਸ਼ਰਨ ਆਉਣ ਵਾਲੇ ਮਨੁੱਖ ਨੂੰ ਤੱਤੀ ਵਾਉ ਨਹੀਂ ਲਗ ਸਕਦੀ।

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥੧॥ ਰਹਾਉ॥
ਰਾਖਿ ਲੀਏ ਤਿਨਿ ਰਾਖਨਹਾਰਿ ਸਭ ਬਿਆਧਿ ਮਿਟਾਈ॥
ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥੨॥

ਅਸੀਂ ਵਾਹਿਗੁਰੂ ਜੀ ਦੇ ਮਹਿਮਾਨ ਹਾਂ

(Man is the Guest of God)

ਜਦ ਘਰ ਵਿਚ ਮਹਿਮਾਨ ਆ ਜਾਵੇ ਤਾਂ ਘਰ ਵਾਲਾ ਮਹਿਮਾਨ ਦੀ ਖਾਤਿਰਦਾਰੀ ਕਰਨਾ, ਵਿਤ ਅਨੁਸਾਰ ਚੰਗੀ ਰਿਹਾਇਸ਼ ਦੇਣਾ, ਚੰਗੀ ਖ਼ੁਰਾਕ ਦੇਣਾ, ਉਸ ਦੇ ਬਾਹਰ ਆਉਣ ਜਾਣ ਦਾ ਚੰਗਾ ਪ੍ਰਬੰਧ ਕਰਨਾ ਅਤੇ ਉਸ ਦੀ ਹਰ ਜਾਇਜ਼ ਜ਼ਰੂਰਤ ਨੂੰ ਪੂਰਿਆਂ ਕਰਨਾ ਆਪਣਾ ਫ਼ਰਜ਼ ਸਮਝਦਾ ਹੈ। ਜੇਕਰ ਮਹਿਮਾਨ ਨਾਲ ਅਤਿ ਨਜ਼ਦੀਕੀ ਅਤੇ ਪਿਆਰਾ ਰਿਸ਼ਤਾ ਹੋਵੇ, ਤਾਂ ਘਰ ਵਾਲਾ ਆਪ ਵਿਰਵਾ ਰਹਿ ਕੇ ਵੀ ਆਪਣੇ ਮਹਿਮਾਨ ਨੂੰ ਖ਼ੁਸ਼ ਤੇ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਮਹਿਮਾਨ ਦੀ ਨਾਰਾਜ਼ਗੀ ਅਤੇ ਤਕਲੀਫ ਨੂੰ ਆਪਣੀ ਬਦਨਾਮੀ ਸਮਝਦਾ ਹੈ।

ਮਹਿਮਾਨ ਨਿਵਾਜ਼ੀ ਦਾ ਅਸੂਲ ਜਿਥੇ ਘਰ ਵਾਲੇ ਨੂੰ ਆਪਣੇ ਮਹਿਮਾਨ ਦੀ ਹਰ ਇਕ ਜਾਇਜ਼ ਜ਼ੂਰਰਤ ਦੇ ਧਿਆਨ ਰਖਣ ਉਤੇ ਮਜਬੂਰ ਕਰਦਾ ਹੈ, ਉਥੇ ਮਹਿਮਾਨ ਦੇ ਫਰਜ਼ਾਂ ਨੂੰ ਵੀ ਸਪਸ਼ਟ ਕਰਦਾ ਹੈ। ਮਹਿਮਾਨ ਜਿਸ ਦੇ ਘਰ ਜਾਵੇ ਉਸ ਦਾ ਸ਼ੁਭਚਿੰਤਕ ਹੋਣਾ ਚਾਹੀਦਾ ਹੈ, ਘਰ ਵਾਲੇ ਦੀ ਖਾਤਰ-ਤਵਾਜ਼ਾ ਨੂੰ ਸ਼ੁਕਰੀਏ ਨਾਲ ਕਬੂਲਣਾ ਚਾਹੀਦਾ ਹੈ, ਘਰ ਵਾਲੇ ਦੀ ਮਰਜ਼ੀ ਅਨੁਸਾਰ ਉਸ ਦੇ ਘਰ ਵਿਚ ਰਹਿਣਾ ਚਾਹੀਦਾ ਹੈ ਅਤੇ ਆਪਣੀ ਰਿਹਾਇਸ਼ ਸਮੇਂ ਐਸਾ ਕੋਈ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਘਰ ਵਾਲੇ ਦੀ ਨਮੋਸ਼ੀ ਹੋਵੇ, ਘਰ ਵਾਲੇ ਨੂੰ ਦੁਖ ਜਾਂ ਤਕਲੀਫ ਹੋਵੇ।

ਇਨਸਾਨ ਵੀ ਵਾਹਿਗੁਰੂ ਦੇ ਘਰ ਵਿਚ ਉਸ ਦਾ ਮਹਿਮਾਨ ਬਣ ਕੇ ਆਉਂਦਾ ਹੈ। ਵਾਹਿਗੁਰੂ ਦੇ ਜਗਤ ਵਿਚ ਆਉਣ ਤੋਂ ਪਹਿਲਾਂ ਇਨਸਾਨ ਕੀ ਹੁੰਦਾ ਹੈ, ਇਨਸਾਨ ਨੂੰ ਕੁਝ ਪਤਾ ਨਹੀਂ। ਵਾਹਿਗੁਰੂ ਦੇ ਜਗਤ ਵਿਚ ਉਹ ਕਿਵੇਂ ਲਿਆਇਆ ਜਾਂਦਾ ਹੈ, ਉਸਦਾ ਵੀ ਇਨਸਾਨ ਨੂੰ ਕੁਝ ਪਤਾ ਨਹੀਂ,

ਮਾਤਾ ਦੇ ਗਰਭ ਵਿਚ ਇਨਸਾਨ ਦਾ ਇਹ ਖ਼ੂਬਸੂਰਤ ਸਰੀਰ ਕਿਵੇਂ ਰਚਿਆ ਜਾਂਦਾ ਹੈ, ਇਸ ਦਾ ਵੀ ਇਨਸਾਨ ਨੂੰ ਕੁਝ ਪਤਾ ਨਹੀਂ। ਇਹ ਸਭ ਕੁਝ ਇਨਸਾਨ ਨੂੰ ਜਗਤ ਵਿਚ ਲਿਆਉਣ ਤੋਂ ਪਹਿਲਾਂ ਵਾਹਿਗੁਰੂ ਖ਼ੁਦ ਕਰਦਾ ਹੈ। ਇਨਸਾਨ ਪਹਿਲਾਂ ਬੱਚੇ ਦੀ ਸ਼ਕਲ ਵਿਚ ਪੈਦਾ ਹੁੰਦਾ ਹੈ ਅਤੇ ਆਪਣੀ ਅਤਿ ਨਿਰਬਲ ਅਤੇ ਬੇਬਸੀ ਦੀ ਹਾਲਤ ਵਿਚ ਦੇਖਦਾ ਹੈ ਕਿ ਇਕ ਜਵਾਨ ਇਸਤਰੀ ਅਤੇ ਇਕ ਜਵਾਨ ਪੁਰਸ਼ ਵਾਹਿਗੁਰੂ ਨੇ ਉਸ ਦੀ ਪਰਵਰਿਸ਼ ਕਰਨ ਵਾਸਤੇ ਅਗੇ ਹੀ ਮੁਕਰਰ ਕੀਤੇ ਹੋਏ ਹਨ। ਮਾਤਾ ਪਿਤਾ ਦੇ ਦਿਲ ਵਿਚ ਵਾਹਿਗੁਰੂ ਬੱਚੇ ਸਬੰਧੀ ਉਹ ਮੋਹ ਤੇ ਪਿਆਰ ਭਰ ਦਿੰਦਾ ਹੈ ਕਿ ਉਹ ਬੱਚੇ ਵਾਸਤੇ ਆਪਣੀ ਜਾਨ ਤਕ ਕੁਰਬਾਨ ਕਰਨ ਨੂੰ ਤਿਆਰ ਹੁੰਦੇ ਹਨ, ਦਿਨ ਰਾਤ ਬੱਚੇ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਬੱਚੇ ਦੇ ਪੇਟ ਵਿਚ ਦਰਦ ਹੋਵੇ ਤਾਂ ਮਾਂ ਬਾਪ ਦੀ ਜਾਨ ਨਿਕਲਣ ਲਗਦੀ ਹੈ। ਜਦ ਬੱਚਾ ਪੈਦਾ ਹੋਵੇ ਤਾਂ ਉਸ ਦਾ ਸਰੀਰ ਅਤੇ ਮੇਦਾ ਬੜਾ ਸੋਹਲ ਹੋਣ ਕਰਕੇ ਸਿਵਾਏ ਦੁਧ ਦੇ ਹੋਰ ਕੋਈ ਗਿਜ਼ਾ ਹਜ਼ਮ ਕਰਨੋਂ ਅਸਰਮਥ ਹੁੰਦਾ ਹੈ। ਇਸ ਵਾਸਤੇ ਮਾਤਾ ਦੇ ਥਣਾਂ ਵਿਚ ਬੱਚੇ ਦੇ ਪੈਦਾ ਹੁੰਦਿਆਂ ਹੀ ਵਾਹਿਗੁਰੂ ਦੁਧ ਪੈਦਾ ਕਰ ਦਿੰਦਾ ਹੈ, ਅਤੇ ਉਸ ਸਰੀਰ ਦੀ ਪਰਵਰਿਸ਼ ਅਤੇ ਰਾਖੀ ਲਈ ਮਾਤਾ ਪਿਤਾ ਜਿਹੇ ਦੋ ਵਫ਼ਾਦਾਰ ਸੇਵਾਦਾਰ ਮੁਕੱਰਰ ਕਰ ਦਿੰਦਾ ਹੈ।

ਮਾਂ ਬਾਪ ਦੀ ਛਤਰ ਛਾਇਆ ਹੇਠ ਬੱਚਾ ਅਪਾਣਾ ਮਾਸੂਮ ਬਚਪਨ ਗੁਜ਼ਾਰਦਾ ਹੈ। ਮਾਂ ਬਾਪ ਦੇ ਦਿਲ ਵਿਚ ਬੱਚੇ ਸੰਬੰਧੀ ਅਤਿਅੰਤ ਮੁਹੱਬਤ ਉਹਨਾਂ ਨੂੰ ਮਜਬੂਰ ਕਰਦੀ ਹੈ ਕਿ ਬੱਚੇ ਦੇ ਭਲੇ ਲਈ ਜੋ ਕੁਝ ਹੋ ਸਕੇ ਕਰਨ। ਬਾਪ ਨੂੰ ਜੋ ਕੁਝ ਆਪ ਆਉਂਦਾ ਹੁੰਦਾ ਹੈ, ਉਹ ਬੱਚੇ ਨੂੰ ਸਿਖਾਉਂਦਾ ਹੈ। ਜਿਸ ਕਸਬ ਵਿਚ ਬਾਪ ਆਪ ਮਾਹਿਰ ਹੋਵੇ, ਉਸ ਕਸਬ ਦੇ ਸਭ ਭੇਤ ਬੱਚੇ ਨੂੰ ਦਸ ਕੇ ਆਪਣੇ ਵਰਗਾ ਮਾਹਿਰ ਬਨਾਉਣ ਦੀ ਕੋਸ਼ਿਸ਼ ਕਰਦਾ ਹੈ। ਮਾਂ ਬਾਪ ਦੀ ਨਿਗਰਾਨੀ ਹੇਠ ਬੱਚੇ ਨੂੰ ਤਾਲੀਮ ਮਿਲਦੀ ਹੈ ਤੇ ਦੁਨੀਆਂ ਵਿਚ ਇਕ ਚੰਗੇ ਸ਼ਹਿਰੀ ਬਣ ਕੇ ਰਹਿਣ ਦਾ ਢੰਗ ਸਿਖਾਇਆ ਜਾਂਦਾ ਹੈ।

ਸਕੂਲਾਂ ਕਾਲਜਾਂ ਵਿਚ ਲੜਕਾ ਹੋਰ ਲੜਕੇ ਲੜਕੀਆਂ ਨਾਲ ਮਿਲਦਾ, ਦੋਸਤੀਆਂ ਪਾਂਦਾ, ਜਿਸਮਾਨੀ ਤੇ ਇਖਲਾਕੀ ਤੌਰ ਤੇ ਪੂਰਨ ਇਨਸਾਨ ਬਨਣ ਦੀ ਸਿਖਸ਼ਾ ਪ੍ਰਾਪਤ ਕਰਕੇ ਜ਼ਿੰਦਗੀ ਦੇ ਕਠਨ ਸਫ਼ਰ ਵਿਚੋਂ ਲੰਘਣ ਲਈ ਤਿਆਰ ਹੁੰਦਾ ਹੈ।

ਸਾਹ ਲੈਣ ਨੂੰ ਸਾਫ ਹਵਾ, ਪੀਣ ਨੂੰ ਠੰਡਾ ਮਿੱਠਾ ਪਾਣੀ, ਖਾਣ ਲਈ ਅਨੇਕ ਪ੍ਰਕਾਰ ਦੇ ਭੋਜਨ, ਮੇਵੇ, ਰੱਬੀ ਮਹਿਮਾਨ ਦੀ ਸੇਵਾ ਵਿਚ, ਉਸ ਦੇ ਜੀਵਨ ਦੇ ਸਫਰ ਸਮੇਂ, ਹਰ ਵਕਤ ਹਾਜ਼ਰ ਰਹਿੰਦੇ ਹਨ। ਖਾਣ ਪੀਣ ਤੋਂ ਇਲਾਵਾ ਦਿਲ ਬਹਿਲਾਣ ਵਾਸਤੇ ਪਰਿਵਾਰ ਦੀਆਂ ਖ਼ੁਸ਼ੀਆਂ, ਦੋਸਤਾਂ ਦੇ ਪਿਆਰ ਤੇ ਹਾਸੇ, ਮਹਾਂਪੁਰਸ਼ਾਂ ਦੇ ਸਤਸੰਗ ਅਤੇ ਵਿਚਾਰਾਂ, ਦੇਖਣ ਲਈ ਸੋਹਣੇ ਦਰਿਸ਼, ਰੰਗ ਤੇ ਤਮਾਸ਼ੇ, ਸੁਣਨ ਲਈ ਸੰਗੀਤ ਤੇ ਕਵਿਤਾ, ਜੀਵ ਦੇ ਸਫਰ ਨੂੰ ਦਿਲਚਸਪ, ਸਿਖਿਆਦਾਇਕ ਅਤੇ ਸੁਹਾਵਣਾ ਬਣਾਂਦੇ ਹਨ।

ਅਗਰ ਜੀਵ ਆਪਣੇ ਆਪ ਨੂੰ ਪਾਰਬ੍ਰਹਮ ਦਾ ਮਹਿਮਾਨ ਸਮਝੇ ਅਤੇ ਮਹਿਮਾਨ ਦੇ ਫਰਜ਼ ਨੇਕਨੀਤੀ ਨਾਲ ਪੂਰੇ ਕਰਦਾ ਰਹੇ ਤਾਂ ਜੀਵ ਨੂੰ ਜੀਵਨ ਸਫਰ ਜਾਂ ਸੰਸਾਰ ਯਾਤਰਾ ਵਿਖੇ ਕਦੀ ਚਿੰਤਾ, ਨਿਰਾਸਤਾ, ਦੁਖ ਅਤੇ ਬੀਮਾਰੀ ਨਹੀਂ ਆ ਸਕਦੇ। ਕਿਉਂਕਿ ਵਾਹਿਗੁਰੂ ਦੀ ਇਛਿਆ ਇਹੀ ਹੈ ਕਿ ਜੀਵ ਨੂੰ ਜਗਤ ਯਾਤਰਾ ਸਮੇਂ ਵਧ ਤੋਂ ਵਧ ਸੁਖ ਤੇ ਆਰਾਮ ਮਿਲਣ। ਪਰ ਜਦ ਜੀਵ ਆਪਣੇ ਆਪ ਨੂੰ ਵਾਹਿਗੁਰੂ ਦਾ ਮਹਿਮਾਨ ਸਮਝਣ ਦੀ ਬਜਾਏ ਵਾਹਿਗੁਰੂ ਦਾ ਸ਼ਰੀਕ ਸਮਝਦਾ ਅਤੇ ਵਾਹਿਗੁਰੂ ਤੋਂ ਬੇ-ਮੁਖ ਹੋ ਜਾਂਦਾ ਹੈ ਅਤੇ ਜਗਤ-ਰਚਨਾ ਨੂੰ ਤਜਰਬਾ ਅਤੇ ਗਿਆਨ ਪ੍ਰਾਪਤ ਕਰਨ ਦੀ ਸੈਰਗਾਹ ਸਮਝਣ ਦੀ ਬਜਾਏ ਆਪਣੀ ਪੱਕੀ ਅਤੇ ਸਦੀਵੀ ਮਲਕੀਅਤ ਸਮਝਣ ਦੀ ਭੁਲ ਕਰਦਾ ਹੈ ਤਦ ਉਹ ਤਰ੍ਹਾਂ ਤਰ੍ਹਾਂ ਦੇ ਦੁੱਖਾਂ ਵਿਚ ਫਸਦਾ ਤੇ ਪਰੇਸ਼ਾਨ ਹੁੰਦਾ ਹੈ। ਜਗਤ ਰਚਨਾ ਨੂੰ ਵਾਹਿਗੁਰੂ ਦੀ ਬਜਾਏ ਆਪਣੀ ਮਲਕੀਅਤ ਸਮਝਣ ਦੀ ਭੁਲ ਜੀਵ ਅੰਦਰ ਲੋਭ, ਮੋਹ ਤੇ ਹੰਕਾਰ ਪੈਦਾ ਕਰਕੇ ਇਸ ਨੂੰ ਉਦੋਂ ਤਕ ਦੁਖੀ ਰਖਦੀ ਹੈ, ਜਦ ਤਕ ਕਿ ਉਹ ਆਪਣੀ ਭੁਲ ਨੂੰ ਦਰੁਸਤ ਨਾ ਕਰੇ।

ਚੰਗੇ ਮਹਿਮਾਨ ਦਾ ਫਰਜ਼ ਹੁੰਦਾ ਹੈ ਕਿ ਜਿਥੇ ਉਸ ਨੂੰ ਰਖਿਆ ਜਾਵੇ ਉਥੇ ਰਹਿਣ ਵਿਚ ਖ਼ੁਸ਼ ਰਹੇ ਪਰ ਜੀਵ ਵਾਹਿਗੁਰੂ ਦੇ ਜਗਤ ਵਿਚ ਆਪਣੀ ਮਰਜ਼ੀ, ਆਪਣੀ ਖੁਸ਼ੀ, ਆਪਣਾ ਹੁਕਮ ਚਲਾਨਾ ਚਾਹੁੰਦਾ ਹੈ। ਐਸਾ ਕਰਨ ਵਿਚ ਇਹ ਮਹਿਮਾਨ ਦੇ ਫਰਜ਼ਾਂ ਦੀ ਬੜੀ ਭਾਰੀ ਉਲੰਘਣਾ ਕਰਦਾ ਹੈ ਜਿਸਦੀ ਕਿ ਇਸ ਨੂੰ ਦੁਖ, ਤਕਲੀਫ਼, ਨਿਰਾਸਤਾ ਅਤੇ ਹਾਰ ਦੀ ਸ਼ਕਲ ਵਿਚ ਸਜ਼ਾ ਮਿਲਦੀ ਰਹਿੰਦੀ ਹੈ। ਜੀਵ ਇਹ ਨਹੀਂ ਜਾਣਦਾ ਕਿ ਉਹ ਜਿਸ ਦੇ ਜਗਤ ਵਿਚ ਆਇਆ ਹੈ ਉਹ ਉਸ ਨਾਲੋਂ ਕਿਤਨੇ ਗੁਣਾਂ ਬਲਵਾਨ,

ਦੂਰਅੰਦੇਸ਼, ਦਾਨਾ ਅਤੇ ਜੀਵ ਦਾ ਮਿਤਰ ਹੈ। ਜੀਵ ਨੂੰ ਇਹ ਨਹੀਂ ਪਤਾ ਕਿ ਵਾਹਿਗੁਰੂ ਜੀਵ ਦਾ ਜੀਵ ਨਾਲੋਂ ਕਿਤਨੇ ਗੁਣਾਂ ਵਧੇਰੇ ਸ਼ੁਭਚਿੰਤਕ ਹੈ। ਜੀਵ ਦੀ ਦ੍ਰਿਸ਼ਟੀ ਛੋਟੀ ਹੋਣ ਕਰਕੇ ਉਹ ਆਪਣਾ ਭਲਾ ਬੁਰਾ ਨਹੀਂ ਸਮਝਦਾ ਅਤੇ ਅਗਿਆਨਤਾ ਦੇ ਕਾਰਨ ਵਾਹਿਗੁਰੂ ਦੇ ਜਗਤ ਵਿਚ ਉਹ ਕੁਝ ਕਰਨਾ ਚਾਹੁੰਦਾ ਹੈ ਜਿਸ ਤੋਂ ਉਸ ਨੂੰ ਆਪ ਹੀ ਨੁਕਸਾਨ ਪਹੁੰਚੇ ਪਰ ਵਾਹਿਗੁਰੂ ਨੂੰ ਸਭ ਕੁਝ ਪਤਾ ਹੋਣ ਕਰਕੇ ਉਹ ਜੀਵ ਨੂੰ ਉਹ ਕੁਝ ਨਹੀਂ ਕਰਨ ਦਿੰਦਾ ਜਿਸ ਨੇ ਕਿ ਮੁੜ ਜੀਵ ਨੂੰ ਦੁਖੀ ਕਰਨਾ ਹੈ। ਜਿਵੇਂ ਬੱਚੇ ਨੂੰ ਮਾਂ ਅੱਗ ਵਿਚ ਹਥ ਪਾਉਣ ਤੋਂ ਰੋਕਦੀ ਹੈ ਅਤੇ ਬੱਚਾ ਅੱਗ ਵਿਚ ਹੱਥ ਪਾਣ ਉਤੇ ਜ਼ਿਦ ਕਰੇ ਤਾਂ ਮਾਰਦੀ ਹੈ, ਓਵੇਂ ਵਾਹਿਗੁਰੂ ਨਹੀਂ ਚਾਹੁੰਦਾ ਕਿ ਜੀਵ ਜਗਤ ਅੰਦਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਗ਼ੁਲਾਮ ਬਣ ਕੇ ਰਹੇ, ਜਦ ਜੀਵ ਕਾਮ, ਕਰੋਧ, ਲੋਭ ਮੋਹ ਦਾ ਗ਼ੁਲਾਮ ਬਨਣ ਉਤੇ ਜ਼ਿਦ ਕਰੇ ਤਾਂ ਜੀਵ ਨੂੰ ਇਸ ਜ਼ਿੱਦ ਦੀ ਸਜ਼ਾ ਦਿਤੀ ਜਾਂਦੀ ਹੈ। ਇਸ ਸਜ਼ਾ ਦਾ ਮਨੋਰਥ ਜੀਵ ਨੂੰ ਉਕਤ ਪੰਜਾਂ ਦੁਸ਼ਟਾਂ ਦੀ ਗ਼ੁਲਾਮੀ ਤੋਂ ਬਚਾਉਣਾ ਹੁੰਦਾ ਹੈ। ਜਦ ਤਕ ਜੀਵ ਆਪਣੀ ਗ਼ਲਤੀ ਉਤੇ ਅੜਿਆ ਰਹੇ, ਵਾਹਿਗੁਰੂ ਦੇ ਨਿਯਮ ਜਾਂ ਕੁਦਰਤ ਉਸ ਨੂੰ ਤਦ ਤਕ ਪਰੇਸ਼ਾਨ ਅਤੇ ਨਿਰਾਸ਼ ਕਰਦੀ ਰਹਿੰਦੀ ਹੈ। ਪਰ ਜਦ ਜੀਵ ਆਪਣੀ ਗਲਤੀ ਨੂੰ ਸਮਝ ਜਾਵੇ ਅਤੇ ਸਿਧੇ ਰਸਤੇ ਤੇ ਆ ਜਾਵੇ ਤਾਂ ਸਜ਼ਾ ਵੀ ਬੰਦ ਹੋ ਜਾਂਦੀ ਹੈ। ਬੱਚਾ ਜੇ ਅਗ ਵਿਚ ਹੱਥ ਨਾ ਪਾਵੇ ਤਾਂ ਉਸਦਾ ਅਪਣਾ ਭਲਾ ਹੁੰਦਾ ਹੈ ਅਤੇ ਬੱਚੇ ਦੀ ਮਾਂ ਉਸ ਦੀ ਸ਼ੁਭਚਿੰਤਕ ਹੋਣ ਕਰਕੇ ਖੁਸ਼ ਹੁੰਦੀ ਹੈ, ਇਸੇ ਤਰ੍ਹਾਂ ਜੀਵ ਜਦ ਕਾਮ-ਕਰੋਧ ਆਦਿ ਵਿਕਾਰਾਂ ਦੀ ਗੁਲਾਮੀ ਛੱਡ ਦੇਵੇ ਤਾਂ ਭਲਾ ਜੀਵ ਦਾ ਹੀ ਹੁੰਦਾ ਹੈ, ਐਪਰ ਜੀਵ ਦਾ ਅਸਲ ਸ਼ੁਭਚਿੰਤਕ ਹੋਣ ਕਰਕੇ ਵਾਹਿਗੁਰੂ ਵੀ ਖੁਸ਼ ਹੁੰਦਾ ਹੈ।

ਜੀਵ ਵੇਖੇਗਾ ਕਿ ਜਦ ਵੀ ਉਹ ਅਪਣੇ ਆਪ ਨੂੰ ਵਾਹਿਗੁਰੂ ਦਾ ਮਹਿਮਾਨ ਸਮਝ ਕੇ ਮਹਿਮਾਨ ਦੇ ਫਰਜ਼ਾਂ ਦੀ ਈਮਾਨਦਾਰੀ ਨਾਲ ਪਾਲਣਾ ਕਰੇ, ਵਾਹਿਗੁਰੂ ਜੀ ਆਪਣਾ ਫਰਜ਼ ਝਟ ਪਛਾਣ ਲੈਂਦੇ ਨ ਤੇ ਜੀਵ ਨੂੰ ਸਹੀ ਅਰਥਾਂ ਵਿਚ ਕਾਮਯਾਬ ਤੇ ਸੁਖੀ ਬਣਨ ਵਿਚ ਪੂਰੀ ਸਹਾਇਤਾ ਕਰਦੇ ਹਨ।

□ □ □

ਫਰੀਦਾ ਬੁਰੇ ਦਾ ਭਲਾ ਕਰਿ

ਫਰੀਦ ਬੁਰੇ ਦਾ ਭਲਾ ਕਰਿ ਗੁਸਾ ਮਨਿ ਨਾ ਹਢਾਇ।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

ਸ਼ੇਖ ਫਰੀਦ ਜੀ ਦੇ ਉਕਤ ਮਹਾਂਵਾਕ ਰੋਜ਼ਾਨਾ ਜ਼ਿੰਦਗੀ ਦੇ ਝਮੇਲਿਆਂ ਵਿਚ ਫਸੇ ਹੋਏ ਇਨਸਾਨ ਨੂੰ ਰੋਸ਼ਨ ਮੁਨਾਰੇ ਵਾਂਗ ਸੁਖ ਤੇ ਸਲਾਮਤੀ ਦਾ ਰਸਤਾ ਵਿਖਾਉਂਦੇ ਹਨ ? ਜ਼ਿੰਦਗੀ ਦੇ ਝਮੇਲੇ ਕੀ ਹਨ ? ਜਦ ਇਸ ਦੀ ਸਮਝ ਆ ਜਾਵੇ ਤਾਂ ਪਤਾ ਲਗੇਗਾ ਕਿ ਸ਼ੇਖ ਫਰੀਦ ਜੀ ਦੇ ਉਕਤ ਮਹਾਂਵਾਕ ਕਿਵੇਂ ਤਪੇ ਹੋਏ ਹਿਰਦਿਆਂ ਨੂੰ ਸੀਤਲ ਬਨਾਉਣ ਦੀ ਸਮਰਥਾ ਰਖਦੇ ਹਨ।

ਇਨਸਾਨ ਦੀ ਪੂਰਨ ਸੁਖੀ ਬਨਣ ਦੀ ਇਸ਼ਤਆ ਦੇ ਰਸਤੇ ਵਿਚ ਬਦੀ (Evil) ਇਕ ਭਾਰੀ ਅੜਿਚਨ ਪੈਦਾ ਕਰਦੀ ਹੈ। ਇਨਸਾਨ ਨੂੰ ਕਿਸੇ ਵੇਲੇ ਇੰਜ ਜਾਪਦਾ ਹੈ ਕਿ ਇਸ ਸਭਿਆਚਾਰਕ ਜਗਤ ਵਿਚ ਬਦੀ (Evil) ਇਕ ਬੜੀ ਪਰਬਲ ਤੇ ਅਜਿਤ ਸ਼ਕਤੀ ਹੈ, ਇਥੋਂ ਤਕ ਕਿ ਇਨਸਾਨਾਂ ਦੀ ਬਹੁ-ਗਿਣਤੀ ਨਿਰਾਸ਼ ਹੋ ਕੇ ਬਦੀ ਦੀ ਗ਼ੁਲਾਮੀ ਕਰਨ ਲਗ ਜਾਂਦੀ ਹੈ। ਐਸੇ ਮਿਤਰਾਂ ਦਾ ਆਮ ਕਰਕੇ ਇਹ ਯਕੀਨ ਹੁੰਦਾ ਹੈ ਕਿ ਜਗਤ ਵਿਚ ਨੇਕੀ ਅਤੇ ਬਦੀ ਦੋ ਮਹਾਨ ਸ਼ਕਤੀਆਂ ਹਨ, ਜਿਹਨਾਂ ਨਾਲ ਇਨਸਾਨ ਦਾ ਵਾਸਤਾ ਪੈਣਾ ਜ਼ਰੂਰੀ ਹੈ ਜਾਂ ਦੂਸਰੇ ਅੱਖਰਾਂ ਵਿਚ ਇਨਸਾਨ ਲਈ ਬਦੀ ਤੋਂ ਛੁਟਕਾਰਾ ਪਾ ਕੇ ਪੂਰਨ ਸੁਖੀ ਹੋਣਾ ਅਸੰਭਵ ਹੈ।

ਪਰ ਫਰੀਦ ਜੀ ਵਰਗੇ ਮਹਾਂਪੁਰਸ਼ਾਂ ਨੇ ਜ਼ਿੰਦਗੀ ਦੀ ਖੋਜ ਵਿਚ ਉਮਰਾਂ ਭਰ ਤਜਰਬੇ ਕਰਕੇ ਇਨਸਾਨ ਨੂੰ ਦਸਿਆ ਹੈ ਕਿ ਅਗਰ ਇਨਸਾਨ ਸਮਝਦਾਰ ਮਿਹਨਤੀ ਅਤੇ ਆਤਮਕ ਕਾਨੂੰਨਾਂ ਅਨੁਸਾਰ ਜੀਵਨ ਬਤੀਤ ਕਰਨ

ਵਾਲਾ ਹੋਵੇ ਤਾਂ ਉਸਦੀ ਜ਼ਿੰਦਗੀ ਵਿਚੋਂ ਬਦੀ ਉਕਾ ਹੀ ਅਲੋਪ ਹੋ ਸਕਦੀ ਹੈ।

ਕਿਉਂਕਿ ਦਾ ਸੋਮਾ, ਵਾਹਿਗੁਰੂ ਆਪ ਬਦੀ ਤੋਂ ਰਹਿਤ ਅਤੇ ਅਨੰਦਮਈ ਹਸਤੀ ਹੈ, ਇਸ ਵਾਸਤੇ ਇਸ ਪਰਮ ਅਨੰਦ-ਮਈ ਹਸਤੀ ਤੋਂ ਉਤਪੰਨ ਹੋਏ ਸੰਸਾਰ ਵਿਚ ਵਾਹਿਗੁਰੂ ਜੀ ਦੀਆਂ ਸਿਫਤਾਂ ਦਾ ਪਰਬਲ ਹੋਣਾ ਲਾਜ਼ਮੀ ਹੈ ਇਸ ਕਰਕੇ ਨੇਕੀ (Goodness) ਜੋ ਵਾਹਿਗੁਰੂ ਜੀ ਦੀ ਜ਼ਾਤ ਦਾ ਸਹੀ ਪ੍ਰਕਾਸ਼ ਹੈ, ਇਸ ਜਗਤ ਵਿਚ ਸਭ ਤੋਂ ਵਡੀ ਅਤੇ ਸਰਬ ਸ਼ਕਤੀਵਾਨ ਤਾਕਤ ਹੈ। ਇਸ ਦੇ ਮੁਕਾਬਲੇ ਉਤੇ ਬਦੀ ਕੋਈ ਸ਼ਕਤੀ ਨਹੀਂ ਰਖਦੀ। ਸ੍ਰੀ ਗੁਰੂ ਅਰਜਨ ਸਾਹਿਬ ਨੇ ਵੀ ਆਪਣੀ ਆਤਮਕ ਖੋਜ ਦਾ ਸਿਟਾ ਇਹੋ ਦਸਿਆ ਹੈ ਕਿ ਬਦੀ ਭਾਵੇਂ ਅਣਜਾਣ ਅਤੇ ਅਗਿਆਨ ਆਦਮੀ ਵਾਸਤੇ ਹਊਆ ਬਣ ਕੇ ਡਰਾਵੇ, ਵਾਸਤਵ ਵਿਚ ਬਦੀ ਕੁਝ ਨਹੀਂ ਅਤੇ ਇਸ ਦੇ ਉਲਟ ਨੇਕੀ ਇਕ ਮਹਾਨ ਸਦੀਵੀ ਸ਼ਕਤੀ ਹੈ :

ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ
ਏਕੈ ਏਕੀ ਨੇਤੈ।
ਬੁਰਾ ਨਹੀਂ ਸਭੁ ਭਲਾ ਹੀ ਹੈ ਰੇ
ਹਾਰ ਨਹੀਂ ਸਭ ਜੇਤੈ।
ਸੋਗੁ ਨਾਹੀ ਸਦਾ ਹਰਖੀ ਹੈ ਰੇ
ਛੋਡਿ ਨਾਹੀ ਕਿਛੁ ਲੇਤੈ।
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ
ਕਤ ਆਵੈ ਕਤ ਰਮਤੈ।

(ਕਾਨੜਾ ਮ. ੫)

ਹਰਖ ਅਨੰਤ ਸੋਗ ਨਹੀ ਬੀਆ।
ਸੋ ਘਰੁ ਗੁਰਿ ਨਾਨਕ ਕਉ ਦੀਆ।

(ਗਉੜੀ ਮ. ੫)

ਇਨਸਾਨ ਕਿਉਂਕਿ ਵਾਹਿਗੁਰੂ ਦਾ ਪੁੱਤਰ ਹੈ, ਇਸ ਕਰਕੇ ਇਸਦੀ ਆਪਣੀ ਨਜ਼ਰ ਵਿਚ ਮਹਾਨ ਸ਼ਕਤੀ ਹੈ। ਇਹ ਜਿਸ ਨਜ਼ਰ ਨਾਲ ਜਗਤ ਰਚਨਾ ਨੂੰ ਦੇਖੇ, ਉਸੇ ਤਰ੍ਹਾਂ ਦੀ ਬਣ ਕੇ ਜਗਤ ਰਚਨਾ ਇਸ ਨੂੰ ਨਜ਼ਰ

ਆਉਂਦੀ ਹੈ। ਜਦ ਅਗਿਆਨਤਾ ਦੀ ਨਜ਼ਰ ਨਾਲ ਇਨਸਾਨ ਜਗਤ ਰਚਨਾ ਵਲ ਤਕੇ, ਤਾਂ ਇਸ ਨੂੰ ਪਾਪ, ਦੁਖ, ਬੀਮਾਰੀ, ਮੌਤ, ਚਿੰਤਾ ਫਿਕਰ ਨਜ਼ਰ ਆਉਂਦੇ ਹਨ। ਪਰ ਕਿਉਂਕਿ ਇਹ ਸਭ ਕੁਝ ਇਨਸਾਨ ਦੇ ਸੋਮੇਂ ਵਾਹਿਗੁਰੂ ਵਿਚ ਨਹੀਂ ਅਤੇ ਇਸ ਕਰਕੇ ਇਨਸਾਨ ਦੀ ਜ਼ਾਤ ਜਾਂ ਫਿਤਰਤ ਵਿਚ ਨਹੀਂ, ਇਸ ਕਰਕੇ ਇਨਸਾਨ ਨੂੰ ਕੁਦਰਤੀ ਤੌਰ ਉਤੇ ਬਦੀ ਅਤੇ ਬਦੀ ਦੀਆਂ ਸ਼ਾਖਾਵਾਂ — (ਪਾਪ, ਦੁਖ, ਬੀਮਾਰੀ, ਮੌਤ) ਤੋਂ ਘਿਰਣਾ ਹੈ। ਜਦ ਇਨਸਾਨ ਆਪਣੀ ਅਸਲੀਅਤ ਦੇ ਗਿਆਨ ਨਾਲ ਇਸ ਜਗਤ ਰਚਨਾ ਨੂੰ ਵੇਖਦਾ ਹੈ ਤਾਂ ਉਹ ਨੇਕੀ ਨੂੰ ਹਰ ਥਾਂ ਤੇ ਭਾਰੂ ਅਤੇ ਸ਼ਕਤੀਵਾਨ ਅਨੁਭਵ ਕਰਦਾ ਹੈ।

ਫਰੀਦ ਜੀ ਇਸੇ ਲਈ ਇਨਸਾਨ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਤੂੰ ਬੁਰੇ ਦੀ ਬੁਰਿਆਈ ਦਾ ਖ਼ਿਆਲ ਨ ਕਰ, ਜਾਂ ਬੁਰੇ ਦੀ ਬੁਰਿਆਈ ਨੂੰ ਸਚਾ ਅਤੇ ਸ਼ਕਤੀਵਾਨ ਨਾ ਸਮਝ। ਬੁਰੇ ਵਿਚ ਬੁਰਿਆਈ ਬੁਰੇ ਦੇ ਅਗਿਆਨੀ ਹੋਣ ਕਰਕੇ ਹੈ। ਬੁਰਾ ਆਪਣੀ ਬੁਰਿਆਈ ਦੇ ਕਾਰਨ ਅਨੇਕ ਪਰਕਾਰ ਦੀਆਂ ਤਕਲੀਫ਼ਾਂ ਉਠਾ ਰਿਹਾ ਹੈ। ਬੁਰੇ ਨੂੰ ਬੁਰਿਆਈ ਵਰਗਾ ਰੋਗ ਅਤਿ ਲਾਚਾਰ ਤੇ ਪਰੇਸ਼ਾਨ ਅਗੇ ਹੀ ਕਰ ਰਿਹਾ ਹੈ, ਇਸ ਲਈ ਉਸ ਤੇ ਰਹਿਮ ਕਰ, ਉਸ ਨੂੰ ਰੋਗੀ ਤੇ ਲਾਚਾਰ ਸਮਝ ਅਤੇ ਉਸ ਨਾਲ ਬੀਮਾਰਾਂ ਵਾਂਗ ਹਮਦਰਦੀ ਤੇ ਸ਼ੁਭ ਭਾਵਨਾ ਵਾਲਾ ਸਲੂਕ ਕਰ। ਬੁਰੇ ਨਾਲ ਬੁਰਿਆਈ ਕਰਨੀ ਬੁਰਿਆਈ ਜਾਂ ਬਦੀ ਦੀ ਹਸਤੀ ਨੂੰ ਤਸਲੀਮ ਕਰਨਾ ਹੈ ਅਤੇ ਬਦੀ ਨੂੰ ਤਸਲੀਮ ਕਰਨਾ ਆਪਣੀ ਰੱਬੀ ਪੈਦਾਇਸ਼ ਤੋਂ ਮੁਨਕਰ ਹੋਣਾ ਹੈ।

ਫਰੀਦ ਜੀ ਫੁਰਮਾਉਂਦੇ ਹਨ ਕਿ ਬੁਰੇ ਨਾਲ ਭਲਾ ਸਲੂਕ ਕਰਨ ਵਾਲੇ ਉਤੇ ਬਦੀ ਨਾ ਆਪਣਾ ਹਮਲਾ ਕਰ ਸਕਦੀ ਹੈ, ਨਾ ਦੁਖੀ ਬਣਾ ਸਕਦੀ ਹੈ। ਜਿਸ ਆਦਮੀ ਦੇ ਨਿਸਚਿਆਂ ਵਿਚ ਬਦੀ ਨੂੰ ਕੋਈ ਥਾਂ ਨਾ ਹੋਵੇ, ਉਸ ਆਦਮੀ ਦੇ ਤਨ ਉਤੇ ਬਦੀ ਕਿਸੇ ਰੋਗ ਦੀ ਸ਼ਕਲ ਵਿਚ ਜ਼ਾਹਿਰ ਨਹੀਂ ਹੋ ਸਕਦੀ। ਮਨ ਵਿਚ ਬਦੀ ਦੇ ਨਿਸਚੇ ਤਨ ਉਤੇ ਰੋਗਾਂ ਦੀ ਸ਼ਕਲ ਵਿਚ ਜ਼ਾਹਿਰ ਹੁੰਦੇ ਹਨ। ਜਿਸ ਮਨ ਵਿਚ ਬਦੀ ਨਹੀਂ, ਉਸ ਤਨ ਉਤੇ ਅਰੋਗਤਾ ਦਾ ਖੇੜਾ ਨਜ਼ਰ ਆਵੇਗਾ।

ਜਿਸ ਮਨ ਵਿਚ ਬਦੀ ਨਾ ਹੋਵੇ ਅਤੇ ਆਪਣੀ ਅਸਲੀਅਤ ਦਾ ਗਿਆਨ

ਹੋਵੇ, ਜਾਂ ਜਿਸ ਆਦਮੀ ਨੂੰ ਯਕੀਨ ਹੋਵੇ ਕਿ ਉਹ ਵਾਹਿਗੁਰੂ ਦੀ ਜੋਤਿ ਹੋਣ ਕਰਕੇ ਸਦਾ ਨੇਕੀ ਤੇ ਖੁਸ਼ੀ ਦਾ ਸੋਮਾ ਹੈ, ਉਸ ਆਦਮੀ ਦਾ ਜੀਵਨ ਸਰਬ ਸੁਖਾਂ, ਸਰਬ ਖੁਸ਼ੀਆਂ ਦਾ ਭਰਪੂਰ ਜੀਵਨ ਬਣ ਜਾਂਦਾ ਹੈ। ਸ਼ੇਖ ਫਰੀਦ ਜੀ ਦੇ ਲਿਖਣ ਅਨੁਸਾਰ ਉਸ ਆਦਮੀ ਦੇ ਪੱਲੇ ਦੁਨੀਆਂ ਦੀਆਂ ਕੁਲ ਨੇਅਮਤਾਂ ਤੇ ਬਰਕਤਾਂ ਆਣ ਪੈਂਦੀਆਂ ਹਨ।

ਸ੍ਰਿਸ਼ਟੀ ਕਿ ਦ੍ਰਿਸ਼ਟੀ

ਇਨਸਾਨ ਦੀ ਖੋਜ ਸਾਬਤ ਕਰਦੀ ਹੈ ਕਿ ਜਗਤ ਰਚਨਾ ਨੂੰ ਜਿਸ ਪਾਸਿਓਂ ਵਿਗਿਆਨਕ ਤੌਰ ਤੇ ਦੇਖਿਆ ਜਾਵੇ, ਉਸੇ ਪਾਸੇ ਤੋਂ ਇਸਦੀ ਅਸਲੀਅਤ, ਇਸਦੀ ਜ਼ਾਹਿਰਾ ਸ਼ਕਲ ਨਾਲੋਂ ਵਖਰੀ ਅਤੇ ਕੁਝ ਹੋਰ ਨਜ਼ਰ ਆਂਵਦੀ ਹੈ। ਜ਼ਮੀਨ ਚੌੜੀ ਅਤੇ ਖਲੋਤੀ ਹੋਈ ਲਗਦੀ ਹੈ ਪਰ ਵਿਗਿਆਨਕ ਖੋਜ ਸਾਨੂੰ ਦਸਦੀ ਹੈ ਕਿ ਜ਼ਮੀਨ ਚੌੜੀ ਨਹੀਂ ਸਗੋਂ ਗੋਲ ਹੈ ਅਤੇ ਖਲੋਤੀ ਹੋਈ ਨਹੀਂ ਸਗੋਂ ਹਜ਼ਾਰਾਂ ਮੀਲ ਫੀ ਮਿਨਟ ਦੀ ਤੇਜ਼ ਰਫ਼ਤਾਰ ਨਾਲ ਉਡ ਰਹੀ ਹੈ। ਸਾਨੂੰ ਮਾਲੂਮ ਇੰਜ ਹੁੰਦਾ ਹੈ ਕਿ ਕੁਝ ਮੀਲਾਂ ਦੇ ਫ਼ਾਸਲੇ ਤੇ ਜਾ ਕੇ ਜ਼ਮੀਨ ਅਤੇ ਆਸਮਾਨ ਮਿਲ ਜਾਂਦੇ ਹਨ ਪਰ ਵਿਗਿਆਨਕ ਖੋਜ ਦਸਦੀ ਹੈ ਕਿ ਜ਼ਮੀਨ ਆਸਮਾਨ ਕਿਤੇ ਨਹੀਂ ਮਿਲਦੇ, ਸਗੋਂ ਇਹਨਾਂ ਵਿਚਕਾਰ ਸਦਾ ਕਰੋੜਾਂ ਮੀਲਾਂ ਦਾ ਫ਼ਾਸਲਾ ਰਹਿੰਦਾ ਹੈ। ਇਸੇ ਤਰ੍ਹਾਂ ਆਮ ਇਨਸਾਨ ਸਮਝਦੇ ਹਨ ਕਿ ਉਹਨਾਂ ਦੇ ਸਰੀਰ ਜਾਨਦਾਰ ਚੀਜ਼ਾਂ ਹਨ, ਸਰੀਰ ਮਹਿਸੂਸ ਕਰਦੇ ਹਨ, ਸਰੀਰ ਬੀਮਾਰ ਹੁੰਦੇ ਹਨ, ਸਰੀਰ ਰਾਜ਼ੀ ਹੁੰਦੇ ਹਨ ਪਰ ਵਿਗਿਆਨਕ ਖੋਜ ਸਾਨੂੰ ਦਸਦੀ ਹੈ ਕਿ ਸਰੀਰ ਬੇਜਾਨ ਚੀਜ਼ ਹਨ, ਇਹਨਾਂ ਵਿਚ ਮਹਿਸੂਸ ਕਰਨ ਦੀ, ਖ਼ੁਸ਼ੀ ਗ਼ਮੀ ਮਹਿਸੂਸ ਕਰਨ ਦੀ, ਬੀਮਾਰ, ਰਾਜ਼ੀ ਹੋਣ ਦੀ ਸ਼ਕਤੀ ਨਹੀਂ। ਆਦਮੀ ਨੂੰ ਕਲੋਰੋਫਾਰਮ ਸੁੰਘਣ ਮਗਰੋਂ ਉਸ ਦੇ ਸਰੀਰ ਨੂੰ ਚੀਰੋ, ਫਾੜੋ, ਸਰੀਰ ਨੂੰ ਜ਼ਰਾ ਪੀੜ ਨਹੀਂ ਹੁੰਦੀ। ਇਸ ਤੋਂ ਸਿਧ ਹੁੰਦਾ ਹੈ ਕਿ ਇਨਸਾਨ ਦੇ ਆਪਣੇ ਅੰਦਰ ਮਨ (mind or consciousness) ਵਿਚ ਮਹਿਸੂਸ ਸ਼ਕਤੀ ਹੈ ਉਸ ਦੇ ਸਰੀਰ ਵਿਚ ਨਹੀਂ।

ਇਸ ਤਰ੍ਹਾਂ ਖੋਜ ਦਾ ਰੁਖ ਜਿਸ ਪਾਸੋਂ ਮੋੜੀਏ, ਉਸੇ ਪਾਸੇ ਸਾਨੂੰ ਪਤਾ ਲਗੇਗਾ ਕਿ ਸਰਿਸ਼ਟੀ ਸੰਬੰਧੀ ਇਨਸਾਨਾਂ ਦੀ ਬਹੁਗਿਣਤੀ ਹਮੇਸ਼ਾਂ ਗਲਤ ਨਿਸਚੇ ਅਤੇ ਰਾਵਾਂ ਰਖਦੀ ਹੈ, ਅਤੇ ਇਹਨਾਂ ਗ਼ਲਤ ਨਿਸਚਿਆਂ ਦੇ ਕਾਰਨ

ਸਦਾ ਟਪਲੇ ਵਿਚ ਰਹਿੰਦੀ ਹੈ। ਜਿਸ ਤਰ੍ਹਾਂ ਜ਼ਮੀਨ ਨੂੰ ਖਲੋਤੀ ਹੋਈ ਅਤੇ ਚੌੜੀ ਸਮਝਣ ਵਾਲਾ ਮਨੁੱਖ ਅਸਲੀਅਤ ਤੋਂ ਨਾਵਾਕਫ ਹੈ, ਉਸੇ ਤਰ੍ਹਾਂ ਇਸ ਸਰਿਸ਼ਟੀ ਨੂੰ ਅਤੇ ਇਸ ਦੇ ਸਭ ਪਦਾਰਥਾਂ ਨੂੰ ਅਟੱਲ ਸਮਝਣ ਵਾਲਾ ਮਨੁੱਖ ਗਲਤੀ ਤੇ ਹੈ। ਇਨਸਾਨਾਂ ਦੀ ਬਹੁਗਿਣਤੀ ਇਸ ਸਰਿਸ਼ਟੀ ਅਤੇ ਇਸ ਦੇ ਪਦਾਰਥਾਂ ਨੂੰ ਸਦੀਵੀ ਜਾਂ ਅਟਲ ਮੰਨਦੀ ਹੈ। ਪਰ ਹਕੀਕਤ ਇਹ ਹੈ ਕਿ ਸਰਿਸ਼ਟੀ ਅਤੇ ਇਸ ਦੇ ਪਦਾਰਥ ਹਰ ਵਕਤ ਬਦਲਦੇ ਰਹਿੰਦੇ ਹਨ ਅਤੇ ਸੰਸਾਰ ਰਚਨਾ ਵਿਚ ਕੋਈ ਐਸੀ ਚੀਜ਼ ਨਹੀਂ ਜੋ ਸਦਾ ਇਕ ਹਾਲਤ ਵਿਚ ਰਹੇ। ਇਨਸਾਨ ਦਾ ਵਡਾ ਦੁਖ ਇਹ ਹੈ ਕਿ ਉਹ ਸਦਾ ਜੀਉਂਦਾ ਰਹਿਣਾ ਚਾਹੁੰਦਾ ਹੈ ਪਰ ਬੜੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਮਰ ਜਾਂਦਾ ਹੈ ਅਤੇ ਆਪਣੇ ਸਭ ਕੁਝ ਤੋਂ ਵਿਛੜ ਜਾਂਦਾ ਹੈ। ਪਰ ਵਿਗਿਆਨਕ ਤੌਰ ਉਤੇ ਇਨਸਾਨ ਦਾ ਇਹ ਖ਼ਿਆਲ ਜਾਂ ਨਿਸਚਾ ਵੀ ਗਲਤ ਹੈ। ਵਿਗਿਆਨਕ ਤੌਰ ਉਤੇ ਅਗਰ ਸੰਸਾਰ ਰਚਨਾ ਵਿਚ ਕੋਈ ਚੀਜ਼ ਨਹੀਂ ਤਾਂ 'ਮੌਤ' ਨਹੀਂ। ਇਸ ਸੰਸਾਰ ਰਚਨਾ ਦੇ ਕਰਤਾਰ ਨੇ ਆਪਣੀ ਰਚਨਾ ਅੰਦਰ ਅਗਰ ਕੋਈ ਚੀਜ਼ ਨਹੀਂ ਬਣਾਈ ਤਾਂ ਉਹ 'ਮੌਤ' ਹੈ। ਜਿਸ ਘਟਨਾ ਨੂੰ ਇਨਸਾਨ ਮੌਤ ਜਾਂ ਬਰਬਾਦੀ ਆਖਦਾ ਹੈ, ਉਹ ਦਰਅਸਲ ਸੰਸਾਰ ਵਿਚ ਹਰ ਸਮੇਂ ਹੋ ਰਹੀ ਤਬਦੀਲੀ ਦਾ ਇਕ ਹਿੱਸਾ ਹੈ। ਵਿਗਿਆਨਕ ਖੋਜ ਦਸਦੀ ਹੈ ਕਿ ਸਰੀਰ ਦੇ ਨਾਸ਼ ਹੋਣ ਨਾਲ ਆਦਮੀ ਦਾ ਨਾਸ਼ ਨਹੀਂ ਹੁੰਦਾ। ਜਦ ਆਦਮੀ ਸਰੀਰ ਤਿਆਗਦਾ ਹੈ ਤਾਂ ਸਰੀਰ ਵੀ ਸਦੀਵੀ ਤਬਦੀਲੀ ਦੇ ਕਾਨੂੰਨਾਂ ਅਨੁਸਾਰ ਆਪਣੀ ਸ਼ਕਲ ਵਟਾ ਕੇ ਤਤਾਂ ਵਿਚ ਬਦਲ ਜਾਂਦਾ ਹੈ ਅਤੇ ਆਦਮੀ ਵੀ ਸਦੀਵੀ ਤਬਦੀਲੀ ਦੇ ਕਾਨੂੰਨਾਂ ਅਨੁਸਾਰ ਜਾਂ ਨਵਾਂ ਸਰੀਰ ਧਾਰਨ ਕਰ ਲੈਂਦਾ ਹੈ ਜਾਂ ਆਪਣੇ ਅਸਲ ਸਰੂਪ ਵਾਹਿਗੁਰੂ ਵਿਚ ਲੀਨ ਹੋ ਜਾਂਦਾ ਹੈ।

.ਗਲਤ ਨਿਸਚਿਆਂ ਦੀ ਐਨਕ ਥਾਨੀਂ ਦੇਖਿਆਂ ਸਰਿਸ਼ਟੀ ਸਾਨੂੰ .ਗਲਤ ਸ਼ਕਲਾਂ ਵਿਚ ਨਜ਼ਰ ਆਉਂਦੀ ਹੈ। ਐਪਰ ਜਿਉਂ ਜਿਉਂ ਸਾਡੀ ਵਾਕਫੀਅਤ ਵਧਦੀ ਜਾਵੇ, ਜਿਉਂ ਜਿਉਂ ਸਾਡਾ ਗਿਆਨ ਡੂੰਘਾ ਹੁੰਦਾ ਜਾਵੇ, ਤਿਉਂ ਤਿਉਂ ਸਾਡਾ ਦਰਿਸ਼ਟੀਕੋਨ ਬਦਲਦਾ ਜਾਂਦਾ ਹੈ। ਜਿਉਂ ਜਿਉਂ ਸਾਡਾ ਦਰਿਸ਼ਟੀਕੋਨ ਬਦਲਦਾ ਜਾਵੇ, ਤਿਉਂ ਤਿਉਂ ਸਾਡੀ ਦਰਿਸ਼ਟੀ ਬਦਲਦੀ ਜਾਂਦੀ ਹੈ। ਸਚਾਈ ਦੇ ਮਾਪ ਅਨੁਸਾਰ ਸਾਡਾ ਦਰਿਸ਼ਟੀਕੋਨ ਜਿਸ ਦਰਜੇ ਦਾ ਹੋਵੇ, ਸਾਡੀ ਸਰਿਸ਼ਟੀ

ਵੀ ਉਸੇ ਦਰਜੇ ਦੀ ਹੋ ਕੇ ਸਾਨੂੰ ਭਾਸੇਗੀ। ਜਿਵੇਂ ਨਜ਼ਰ ਕਮਜ਼ੋਰ ਹੋਵੇ ਤਾਂ ਸਾਨੂੰ ਦੂਰ ਦੀਆਂ ਚੀਜ਼ਾਂ ਨਜ਼ਰ ਨਹੀਂ ਆਉਂਦੀਆਂ, ਇਸੇ ਤਰ੍ਹਾਂ ਅਗਿਆਨੀ ਪੁਰਸ਼ ਨੂੰ ਆਪਣੀ ਸਮਝ ਦੇ ਊਣਿਆਂ ਹੋਣ ਦੇ ਕਾਰਨ ਇਹ ਸਰਿਸ਼ਟੀ ਅਤੇ ਇਸ ਸੰਬੰਧੀ ਸਚਾਈ ਧੁੰਧਲੀ ਅਤੇ ਅਸਲੀਅਤ ਦੇ ਉਲਟ ਨਜ਼ਰ ਆਉਂਦੀ ਹੈ। ਜੇਕਰ ਇਲਾਜ ਕੀਤਿਆਂ ਜਾਂ ਐਨਕ ਲਗਾਇਆਂ ਨਜ਼ਰ ਤੇਜ਼ ਹੋ ਜਾਵੇ ਤਾਂ ਉਸੇ ਆਦਮੀ ਨੂੰ ਸਰਿਸ਼ਟੀ ਦੀਆਂ ਉਹ ਚੀਜ਼ਾਂ ਜਿਹੜੀਆਂ ਕਮਜ਼ੋਰ ਹੋਣ ਕਰਕੇ ਪਹਿਲੇ ਨਜ਼ਰ ਨਹੀਂ ਸਨ ਆਉਂਦੀਆਂ, ਹੁਣ ਨਜ਼ਰ ਆਉਣ ਲਗ ਪੈਂਦੀਆਂ ਹਨ। ਇਸੇ ਤਰ੍ਹਾਂ ਜਿਹੜਾ ਮਨੁੱਖ ਵਿਦਵਾਨ ਅਤੇ ਵਿਗਿਆਨਕ ਲੋਕਾਂ ਦੀ ਸੰਗਤ ਕਰੇ, ਆਪਣੀ ਸਮਝ ਨੂੰ ਤੇਜ਼ ਕਰ ਲਵੇ, ਜਾਂ ਆਪਣੀ ਵਾਕਫ਼ੀਅਤ ਨੂੰ ਵਧਾ ਲਵੇ, ਤਾਂ ਉਹ ਸਰਿਸ਼ਟੀ ਸੰਬੰਧੀ ਸੂਖਸ਼ਮ ਭੇਦਾਂ ਨੂੰ ਸਮਝਣ ਦੇ ਯੋਗ ਹੋ ਜਾਂਦਾ ਹੈ। ਗਿਆਨੀ ਪੁਰਖ ਨੂੰ ਸਰਿਸ਼ਟੀ ਹੋਰ ਤਰ੍ਹਾਂ ਭਾਸਦੀ ਹੈ। ਇਹ ਗਲ ਏਥੇ ਹੀ ਖ਼ਤਮ ਨਹੀਂ, ਸਗੋਂ ਇਕ ਮਹਾਂ ਮੂੜ ਅਗਿਆਨੀ ਤੋਂ ਲੈ ਕੇ ਇਕ ਪੂਰਨ ਬ੍ਰਹਮ ਗਿਆਨੀ ਦੀ ਅਵਸਥਾ ਦੇ ਵਿਚਕਾਰ ਬੇਸ਼ੁਮਾਰ ਅਵਸਥਾ ਦੇ ਪੁਰਸ਼ਾਂ ਨੂੰ ਇਹੋ ਸ਼ਰਿਸ਼ਟੀ ਵਖੋ ਵੱਖ ਹੋ ਕੇ ਪਈ ਭਾਸਦੀ ਹੈ। ਚੋਰ, ਬੇਈਮਾਨ, ਹਡ ਹਰਾਮ, ਦਗਾਬਾਜ਼, ਨੇਕ, ਸ਼ਰੀਫ਼, ਮਿਹਨਤੀ ਅਤੇ ਧਰਮੀ ਆਦਮੀ ਏਸ ਸਰਿਸ਼ਟੀ ਵਿਚ ਰਹਿੰਦੇ ਹਨ ਪਰ ਹਰ ਇਕ ਨੂੰ ਇਹ ਸਰਿਸ਼ਟੀ ਇਕ ਤਰ੍ਹਾਂ ਦੀ ਨਜ਼ਰ ਨਹੀਂ ਪਈ ਆਉਂਦੀ। ਹਰ ਇਕ ਦੀ ਵਖੋ ਵਖਰੀ ਸਰਿਸ਼ਟੀ ਹੈ।

ਮਿਸਾਲ ਦੇ ਤੌਰ ਤੇ ਇਕੋ ਸ਼ਹਿਰ ਦੇ ਇਕ ਮਹੱਲੇ ਵਿਚ ਫਰਜ਼ ਕਰੋ ਕਿ ਤਿੰਨ ਆਦਮੀ ਰਹਿੰਦੇ ਹਨ — ਇਕ ਚੋਰ, ਦੂਜਾ ਬੀਮਾਰ ਅਤੇ ਤੀਸਰਾ ਨੇਕ। ਚੋਰ ਪਾਸੋਂ ਪੁਛੋ ਕਿ ਇਸ ਸ਼ਹਿਰ ਵਿਚ ਕੀ ਕੁਝ ਹੈ ? ਤਾਂ ਉਹ ਦੂਸਰੇ ਚੋਰਾਂ ਸਬੰਧੀ, ਪੁਲੀਸ ਅਫਸਰਾਂ ਦੇ ਸੰਬੰਧੀ, ਅਦਾਲਤਾਂ ਸਬੰਧੀ ਹਵਾਲਾਤਾਂ ਅਤੇ ਜੇਲ੍ਹਾਂ ਸਬੰਧੀ ਵਧ ਤੋਂ ਵਧ ਵਾਕਫ਼ੀਅਤ ਜ਼ਾਹਿਰ ਕਰੇਗਾ। ਬੀਮਾਰ ਨੂੰ ਪੁਛੋ ਕਿ ਤੂੰ ਇਸ ਸ਼ਹਿਰ ਸੰਬੰਧੀ ਕੀ ਕੁਝ ਜਾਣਦਾ ਹੈਂ ? ਤਾਂ ਉਹ ਡਾਕਟਰਾਂ, ਹਕੀਮਾਂ, ਦਵਾਈਆਂ, ਹਸਪਤਾਲਾਂ ਆਦਿ ਦਾ ਜ਼ਿਕਰ ਕਰੇਗਾ ਅਤੇ ਇਹਨਾਂ ਸੰਬੰਧੀ ਆਪਣੀ ਜ਼ਿਆਦਾ ਵਾਕਫ਼ੀਅਤ ਜ਼ਾਹਿਰ ਕਰ ਸਕੇਗਾ। ਜੇਕਰ ਉਸੇ ਸ਼ਹਿਰ ਵਿਚ ਰਹਿਣ ਵਾਲੇ ਨੇਕ ਜਾਂ ਧਰਮੀ ਪੁਰਸ਼ ਤੋਂ ਪੁਛੋ ਕਿ ਤੂੰ ਇਸ ਸ਼ਹਿਰ ਸੰਬੰਧੀ ਕੀ ਕੁਝ ਜਾਣਦਾ ਹੈਂ ? ਤਾਂ ਉਹ

ਉਸ ਸ਼ਹਿਰ ਦੇ ਸੰਤਾਂ ਮਹਾਤਮਾਵਾਂ, ਨੇਕ ਪੁਰਸ਼ਾਂ ਅਤੇ ਨੇਕੀ ਕਰਨ ਦੇ ਅਸਥਾਨਾਂ ਜਾਂ ਸੋਸਾਇਟੀਆਂ ਸੰਬੰਧੀ ਸਾਰੀ ਖਬਰ ਦੇਵੇਗਾ। ਇਕੋ ਸ਼ਹਿਰ ਵਿਚ ਰਹਿਣ ਵਾਲੇ ਉਪਰ ਦਸੇ ਤਿੰਨਾਂ ਆਦਮੀਆਂ ਦੀ ਸਰਿਸ਼ਟੀ ਵਖੋ ਵਖਰੀ ਹੈ। ਇਹਨਾਂ ਦੀ ਵਖੋ ਵਖਰੀ ਸਰਿਸ਼ਟੀ ਹੋਣ ਦਾ ਕਾਰਨ ਇਹਨਾਂ ਦੀ ਵਖੋ ਵਖਰੀ ਦਰਿਸ਼ਟੀ ਹੈ।

ਉਕਤ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਦਰਿਸ਼ਟੀ ਅਤੇ ਸਰਿਸ਼ਟੀ ਦਾ ਆਪਸ ਵਿਚ ਬੜਾ ਪੱਕਾ ਸੰਬੰਧ ਹੈ। ਇਕ ਦੇ ਬਦਲਣ ਨਾਲ ਦੂਸਰੀ ਬਦਲ ਜਾਂਦੀ ਹੈ ਜਿਸ ਤਰ੍ਹਾਂ ਉਤੇ ਅਸੀਂ ਦੇਖ ਆਏ ਹਾਂ ਕਿ ਦਰਿਸ਼ਟੀ ਦੇ ਬਦਲਣ ਨਾਲ ਸਰਿਸ਼ਟੀ ਬਦਲ ਜਾਂਦੀ ਹੈ ਇਸ ਤਰ੍ਹਾਂ ਵਿਚਾਰ ਕੀਤਿਆਂ ਅਸੀਂ ਦੇਖਾਂਗੇ ਕਿ ਸਰਿਸ਼ਟੀ ਦੀਆਂ ਤਬਦੀਲੀਆਂ ਇਨਸਾਨ ਦੀ ਦਰਿਸ਼ਟੀ ਉਤੇ ਅਸਰ ਪਾ ਕੇ ਉਸ ਨੂੰ ਬਦਲਦੀਆਂ ਰਹਿੰਦੀਆਂ ਹਨ। ਪਹਾੜਾਂ ਦੇ ਨਜ਼ਾਰੇ ਦਾ, ਝੀਲਾਂ ਦੇ ਕਿਨਾਰੇ ਦਾ, ਮੌਸਮਾਂ ਦੀ ਤਬਦੀਲੀ ਦਾ ਆਦਮੀ ਉਤੇ ਬੜਾ ਅਸਰ ਪੈਂਦਾ ਹੈ। ਦਾਣਾ ਪਾਣੀ ਦਾ ਵੀ ਆਦਮੀ ਦੇ ਸੁਭਾਵ ਉਤੇ ਅਸਰ ਹੁੰਦਾ ਹੈ ਅਤੇ ਉਸਦੀ ਦਰਿਸ਼ਟੀ ਨੂੰ ਬਦਲਦਾ ਹੈ।

ਆਮ ਤੌਰ ਤੇ ਇਨਸਾਨ ਦੀ ਦਰਿਸ਼ਟੀ ਉਸਦੀ ਸਰਿਸ਼ਟੀ ਉਤੇ ਅਤੇ ਇਨਸਾਨ ਦੀ ਸਰਿਸ਼ਟੀ ਉਸ ਦੀ ਦਰਿਸ਼ਟੀ ਉਤੇ ਅਸਰ ਪਾਂਦੀਆਂ ਅਤੇ ਬਦਲਦੀਆਂ ਰਹਿੰਦੀਆਂ ਹਨ। ਐਪਰ ਆਤਮਕ ਖੋਜੀਆਂ ਨੇ ਇਸ ਵਿਸ਼ੇ ਉਤੇ ਪੂਰਨ ਵਿਚਾਰ ਅਤੇ ਖੋਜ ਮਗਰੋਂ ਬੜੀ ਅਸਚਰਜ ਰੋਸ਼ਨੀ ਪਾਈ ਹੈ। ਆਤਮਕ ਖੋਜੀਆਂ ਦੀ ਖੋਜ ਦਾ ਸਿਟਾ ਇਹ ਹੈ ਕਿ ਸਰਿਸ਼ਟੀ ਆਪਣੇ ਆਪ ਵਿਚ ਕੁਝ ਚੀਜ਼ ਨਹੀਂ, ਕੇਵਲ ਇਨਸਾਨ ਦੀ ਦਰਿਸ਼ਟੀ ਹੀ ਉਸ ਦੇ ਸਾਹਮਣੇ ਸਰਿਸ਼ਟੀ ਬਣ ਬਣ ਕੇ ਆਉਂਦੀ ਰਹਿੰਦੀ ਹੈ। ਇਨਸਾਨ ਦੀ ਆਤਮਾ ਵਿਚ ਅਨੰਦ (ਅਨੇਕ) ਸਰਿਸ਼ਟੀਆਂ ਦੇ ਰਚਨ ਦੀ ਸ਼ਕਤੀ ਹੈ ਅਤੇ ਆਪਣੀ ਇਛਿਆ ਜਾਂ ਦਰਿਸ਼ਟੀ ਅਨੁਸਾਰ ਇਨਸਾਨ ਆਪਣੀ ਆਤਮਾ ਅੰਦਰੋਂ ਸਰਿਸ਼ਟੀਆਂ ਪੈਦਾ ਕਰਕੇ ਉਹਨਾਂ ਨਾਲ ਖੇਡਦਾ ਰਹਿੰਦਾ ਹੈ। ਆਤਮਕ ਖੋਜੀਆਂ ਨੇ ਇਹ ਵੀ ਦਸਿਆ ਹੈ ਕਿ ਜਦ ਤਕ ਇਨਸਾਨ ਦੀ ਜੀਵਨ ਸੰਬੰਧੀ ਪੂਰੇ ਤੌਰ ਉਤੇ ਸਭ ਪਾਸਿਆਂ ਤੋਂ ਪੂਰੀ ਤਸੱਲੀ ਨਾ ਹੋ ਜਾਵੇ, ਉਸ ਦੀ ਇਛਿਆ ਜਾਂ ਦਰਿਸ਼ਟੀ ਕਿਸੇ ਨਾ ਕਿਸੇ ਸ਼ਕਲ ਵਿਚ ਕਾਇਮ ਰਹਿਣ ਨਾਲ ਉਸ ਦੀਆਂ ਸਰਿਸ਼ਟੀਆਂ ਬਣਦੀਆਂ ਅਤੇ ਲੀਨ ਹੁੰਦੀਆਂ ਰਹਿੰਦੀਆਂ

ਹਨ। ਆਤਮਕ ਖੋਜ ਅਨੁਸਾਰ ਇਨਸਾਨ ਦੀਆਂ ਸਭ ਸਰਿਸ਼ਟੀਆਂ ਇਸ ਦੀ ਇਛਿਆ ਜਾਂ ਦਰਿਸ਼ਟੀ ਅਨੁਸਾਰ ਇਸ ਦੀ ਆਪਣੀ ਆਤਮਾ ਵਿਚੋਂ ਪੈਦਾ ਹੋ ਕੇ ਇਸ ਦੇ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਦਾ ਕਰਤਾ ਇਸ ਦੀ ਆਪਣੀ ਆਤਮਾ ਹੀ ਹੈ।

ਜਿਉਂ ਜਿਉਂ ਆਦਮੀ ਦੀ ਆਤਮਕ ਅੱਖ ਖੁਲ੍ਹਦੀ ਜਾਵੇ, ਉਸ ਨੂੰ ਪਤਾ ਲਗਦਾ ਜਾਂਦਾ ਹੈ ਕਿ ਉਸ ਦੀ ਦਰਿਸ਼ਟੀ ਉਸ ਦੀ ਸਰਿਸ਼ਟੀ ਨਾਲੋਂ ਵਧੇਰੇ ਧਿਆਨ ਯੋਗ ਚੀਜ਼ ਹੈ। ਉਹ ਆਪਣੀ ਦਰਿਸ਼ਟੀ ਨੂੰ ਆਪਣੀ ਸਰਿਸ਼ਟੀ ਦਾ ਕਰਤਾ ਜਾਣ ਕੇ, ਜਿਸ ਪਰਕਾਰ ਦੀ ਆਪਣੀ ਸਰਿਸ਼ਟੀ ਬਨਾਉਣਾ ਚਾਹੇ ਉਸੇ ਪਰਕਾਰ ਦੀ ਆਪਣੀ ਦਰਿਸ਼ਟੀ ਬਣਾ ਲੈਂਦਾ ਹੈ। ਉਸ ਦਾ ਵਧੇਰੇ ਸਮਾਂ ਫੇਰ ਆਪਣੀ ਦਰਿਸ਼ਟੀ ਨੂੰ ਉਚੀ ਤੋਂ ਉਚੀ ਅਤੇ ਸੁਚੀ ਤੋਂ ਸੁਚੀ ਬਨਾਉਣ ਵਿਚ ਲਗਦਾ ਹੈ ਅਤੇ ਉਹ ਦੇਖਦਾ ਹੈ ਕਿ ਐਸਾ ਕਰਨ ਵਿਚ ਉਸ ਦੀ ਸਰਿਸ਼ਟੀ ਖ਼ੁਦ ਬਖ਼ੁਦ ਉਚੀ ਤੇ ਸੁਚੀ ਜਾਂ ਦਰੁਸਤ ਅਤੇ ਸੁਖਦਾਇਕ ਹੋ ਰਹੀ ਹੈ।

ਡਰ (Fear)

We invite what we fear, the same as, by a different attitude of mind, we invite and attract the influence and conditions we desire.

-- Ralf Waldo Trine

ਡਰ ਸਾਡਾ ਸਭ ਤੋਂ ਵਡਾ ਤੇ ਪੁਰਾਣਾ ਸ਼ਤਰੂ ਹੈ, ਸਾਡੀਆਂ ਅਨੇਕਾਂ ਦੁਰਘਟਨਾਵਾਂ ਦੀ ਤਹਿ ਵਿਚ ਡਰ ਦੇ ਜ਼ਹਿਰੀਲੇ ਜਿਰਮ ਪਾਏ ਜਾਣਗੇ। ਸਾਡੇ ਦੁਸ਼ਮਣ ਕਦੀ ਐਡੇ ਬਲਵਾਨ ਨਹੀਂ ਹੁੰਦੇ ਜੇਡਾ ਸਾਡੇ ਦਿਲ ਵਿਚ ਉਹਨਾਂ ਦਾ ਡਰ, ਉਹਨਾਂ ਨੂੰ ਸਾਡੇ ਵਾਸਤੇ ਬਲਵਾਨ ਬਣਾ ਦਿੰਦਾ ਹੈ। ਜਿਸ ਮੁਸ਼ਕਲ ਤੋਂ ਡਰੋ ਉਹ ਦੂਣੀ ਡਰਾਉਣੀ ਭਾਸਦੀ ਹੈ, ਅਗਰ ਲਗਾਤਾਰ ਡਰੀ ਜਾਓ ਤਾਂ ਉਹ ਸਚਮੁਚ ਡਰਾਉਣੀ ਹੋ ਕੇ ਵਾਪਰਦੀ ਹੈ। ਇਨਸਾਨ ਦੀਆਂ ਤਮਾਮ ਮੁਸ਼ਕਲਾਂ ਇਸੇ ਵਾਸਤੇ ਮੁਸ਼ਕਲਾਂ ਬਣੀਆਂ ਰਹਿੰਦੀਆਂ ਹਨ ਕਿ ਇਨਸਾਨ ਉਹਨਾਂ ਤੋਂ ਡਰਦਾ ਰਹਿੰਦਾ ਹੈ।

ਅਸੀਂ ਕਈ ਵਾਰੀ ਆਪ ਇਹ ਗਲ ਆਖੀ ਹੋਵੇਗੀ ਅਤੇ ਕਈ ਵਾਰੀ ਦੂਸਰਿਆਂ ਨੂੰ ਇਹ ਗਲ ਆਖਦੇ ਸੁਣਿਆ ਹੋਵੇਗਾ ਕਿ 'ਜਿਸ ਗਲ ਤੋਂ ਮੈਂ ਡਰਦਾ ਸੀ ਉਹੀ ਹੋ ਕੇ ਰਹੀ, ਇਸ ਵਿਚ ਸੋਲਾਂ ਆਨੇ ਸਚਾਈ ਹੈ। ਜਿਸ ਗਲ ਤੋਂ ਡਰੋਗੇ ਓਹੀ ਹੋਵੇਗੀ। ਇਸ ਦਾ ਕਾਰਨ ਇਹ ਹੈ ਕਿ ਤੁਸੀਂ ਜਿਸ ਚੀਜ਼ ਤੋਂ ਡਰਦੇ ਹੋ, ਉਸ ਦੀ ਹਸਤੀ ਨੂੰ ਦਿਲ ਵਿਚ ਮੰਨਦੇ ਹੋ, ਉਸ ਦੀ ਤਾਕਤ ਨੂੰ ਤਸਲੀਮ ਕਰਦੇ ਹੋ, ਅਗਰ ਲਗਾਤਾਰ ਡਰੀ ਜਾਵੋ ਤਾਂ ਉਸ ਚੀਜ਼ ਦੀ ਹਸਤੀ ਤੇ ਤਾਕਤ ਨੂੰ ਆਪਣੇ ਵਾਸਤੇ ਮਜ਼ਬੂਤ ਕਰ ਰਹੇ ਹੋ ਅਤੇ ਇਕ ਐਸਾ ਸਮਾਂ ਆ ਜਾਵੇਗਾ, ਜਦ ਉਸ ਚੀਜ਼ ਦੀ ਹਸਤੀ ਤੇ ਤਾਕਤ ਪਰਤੱਖ ਤੌਰ ਤੋਂ ਇਸ ਰੂਪ ਰੰਗ ਦੀ ਦੁਨੀਆਂ ਵਿਚ ਨਜ਼ਰ ਆਉਣ ਲਗੇਗੀ।

ਡਰ ਸਭ ਤੋਂ ਪਹਿਲੇ ਇਨਸਾਨ ਦੇ ਦਿਮਾਗ ਵਿਚ ਖ਼ਿਆਲੀ ਤਸਵੀਰ ਬਣਾਉਂਦਾ ਹੈ, ਫਿਰ ਇਨਸਾਨ ਉਸ ਖ਼ਿਆਲੀ ਤਸਵੀਰ ਤੋਂ ਆਪ ਹੀ ਡਰਦਾ ਹੈ। ਜਿਉਂ ਜਿਉਂ ਡਰਦਾ ਹੈ, ਉਹ ਤਸਵੀਰ ਸਾਫ ਤੇ ਪਰਤੱਖ ਹੁੰਦੀ ਜਾਂਦੀ ਹੈ, ਜਿਉਂ ਜਿਉਂ ਉਹ ਖ਼ਿਆਲੀ ਤਸਵੀਰ ਸਾਫ ਤੇ ਪੱਕੀ ਹੁੰਦੀ ਜਾਵੇ, ਤਿਉਂ ਤਿਉਂ ਡਰ ਵਧਦਾ ਜਾਂਦਾ ਹੈ।

ਮਨ ਦੇ ਸੁਭਾਵ ਤੇ ਬਨਾਵਟ ਦੇ ਖੋਜੀ ਇਸ ਨਤੀਜੇ ਤੇ ਪਹੁੰਚੇ ਗਏ ਹਨ ਕਿ ਇਨਸਾਨ ਨੂੰ ਸਭ ਬੀਮਾਰੀਆਂ ਡਰ ਤੋਂ ਉਪਜਦੀਆਂ ਹਨ ਤੇ ਡਰ ਕਰਕੇ ਵਧਦੀਆਂ ਹਨ। ਇਹਨਾਂ ਦਾ ਇਹ ਫੈਸਲਾ ਹੈ ਕਿ ਜਿਸ ਮਨ ਵਿਚ ਕਿਸੇ ਬੀਮਾਰੀ ਦਾ ਡਰ ਜਾਂ ਡਰ ਦੀ ਕਿਸੇ ਸ਼ਕਲ ਵਿਚ ਅੰਸ ਨਾ ਹੋਵੇ, ਉਹ ਕਦੀ ਬੀਮਾਰ ਨਹੀਂ ਹੋ ਸਕਦਾ। ਬੀਮਾਰੀ ਪਹਿਲੇ ਮਨ ਵਿਚ ਡਰ ਦੀ ਸ਼ਕਲ ਵਿਚ ਉਪਜਦੀ ਹੈ, ਤੇ ਖ਼ਿਆਲੀ ਤਸਵੀਰ ਦੀ ਸ਼ਕਲ ਅਖਤਿਆਰ ਕਰਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਇਨਸਾਨ ਦਾ ਸਭ ਤੋਂ ਵਡਾ ਸ਼ਤਰੂ 'ਡਰ' ਦਰਅਸਲ ਹੈ ਕੀ ? ਇਸ ਦੀ ਹਸਤੀ ਕੁਝ ਹੈ ਵੀ ਕਿ ਨਹੀਂ ? ਡਰ, ਇਕ ਫ਼ਰਜ਼ ਕਰ ਲੈਣਾ ਹੈ ਉਸ ਗਲ ਦਾ ਜਿਹੜੀ ਇਨਸਾਨ ਚਾਹੁੰਦਾ ਹੈ ਕਿ ਨਾ ਹੋਵੇ, ਇਹ ਹੈ ਇਸ ਦੀ ਅਸਲੀਅਤ। ਡਰ ਕਿਸੇ ਮਾੜੀ ਗਲ ਯਾ ਮਾੜੀ ਘਟਨਾ ਦਾ ਨਾਮ ਨਹੀਂ ਬਲਕਿ ਕਿਸੇ ਮਾੜੀ ਘਟਨਾ ਦੇ ਹੋਣ ਦਾ ਫਰਜ਼ ਕਰਨਾ ਹੈ, ਇਸ ਵਾਸਤੇ ਇਸ ਦੀ ਹਸਤੀ ਦਰਅਸਲ ਕੋਈ ਨਹੀਂ। ਜਿਸ ਨੇ ਡਰ ਦੀ ਅਸਲੀਅਤ ਨੂੰ ਸਮਝ ਲਿਆ ਹੈ, ਇਸ ਦੇ ਉਪਜਦੇ ਹੀ ਇਸ ਨੂੰ ਕਾਬੂ ਵਿਚ ਕਰਕੇ ਜ਼ਾਇਲ ਕਰ ਦੇਂਦਾ ਹੈ। ਜਿਸ ਨੂੰ ਡਰ ਤੇ ਕਾਬੂ ਕਰਨ ਦਾ ਵੱਲ ਆ ਜਾਵੇ ਉਸ ਨੂੰ ਜ਼ਿੰਦਗੀ ਦੇ ਸਾਰੇ ਦੁਖਾਂ, ਸਾਰੀਆਂ ਦੁਰਘਟਨਾਵਾਂ ਨੂੰ ਫਤਿਹ ਕਰਨ ਦਾ ਰਾਜ਼ ਮਿਲ ਗਿਆ ਸਮਝੋ।

ਗਹੁ ਨਾਲ ਸੋਚਿਆਂ ਸਾਨੂੰ ਪਤਾ ਲਗੇਗਾ ਕਿ ਵੈਰ ਕੇਵਲ ਡਰ ਤੋਂ ਪੈਦਾ ਹੁੰਦਾ ਹੈ, ਜਿਥੇ ਡਰ ਨਹੀਂ ਉਥੇ ਵੈਰ ਦੀ ਕੋਈ ਗੁੰਜਾਇਸ਼ ਨਹੀਂ, ਨਿਰਭੈ ਪੁਰਸ਼ ਹਮੇਸ਼ਾਂ ਨਿਰਵੈਰ ਹੋਵੇਗਾ। ਚਿੰਤਾ ਫਿਕਰ ਵੀ ਡਰ ਤੋਂ ਉਪਜਦੇ ਹਨ, ਜੇ ਡਰ ਨਾ ਹੋਵੇ ਤਾਂ ਚਿੰਤਾ ਤੇ ਫਿਕਰ ਨਹੀਂ ਹੋ ਸਕਦੇ। ਕਰੋਧ ਲੋਭ ਤੇ ਹੰਕਾਰ ਵੀ ਡਰ ਤੋਂ ਜਨਮ ਲੈਂਦੇ ਹਨ। ਕਰੋਧੀ ਲੋਭੀ ਤੇ ਹੰਕਾਰੀ ਮਨ ਦੀ ਤਹਿ ਵਿਚ ਕਿਤੇ ਕਿਸੇ ਨਾ ਕਿਸੇ ਚੀਜ਼ ਦਾ ਡਰ ਛੁਪਿਆ ਬੈਠਾ ਹੁੰਦਾ ਹੈ।

ਮਜ਼ਹਬਾਂ ਦੇ ਵਿਚਾਰਵਾਨਾਂ (Religious Scientists) ਨੇ 'ਡਰ' ਸਬੰਧੀ ਬਹੁਤ ਖੋਜ ਕੀਤੀ ਹੈ ਅਤੇ ਇਹਨਾਂ ਦੀ ਮਾਲੂਮ ਦਾ ਸਿਟਾ ਇਹ ਹੈ ਕਿ ਜੀਵ ਨੂੰ ਆਪਣੇ ਅਸਲੇ, ਆਪਣੇ ਕੇਂਦਰ, ਆਪਣੇ ਰਬ, ਬ੍ਰਹਮ ਤੋਂ ਜੁਦਾ ਹੋਣ ਮਗਰੋਂ ਸਭ ਤੋਂ ਪਹਿਲਾਂ ਰੋਗ 'ਡਰ' ਲਗਾ ਸੀ। ਇਸ ਨੇ ਸਭ ਤੋਂ ਪਹਿਲੇ ਆਪਣੇ ਆਪ ਨੂੰ ਇੱਕਲਾ ਮਹਿਸੂਸ ਕੀਤਾ ਤੇ ਇਸ ਇਕੱਲੇਪਣੇ ਤੋਂ ਡਰਿਆ। ਉਸੇ ਵੇਲੇ ਤੋਂ ਹੀ ਜੀਵ ਦੀ ਇਹ ਕੋਸ਼ਿਸ਼ ਹੈ ਕਿ ਉਹ ਆਪਣੇ ਮੁਢਲੇ ਡਰ ਨੂੰ ਜਿਤੇ। ਪਰ ਅਗਿਆਨਤਾ ਜਾਂ ਸਚ ਦੀ ਨਾ-ਵਾਕਫ਼ੀਅਤ ਇਸ ਨੂੰ ਡਰ ਤੇ ਕਾਬੂ ਨਹੀਂ ਪਾਉਣ ਦੇਂਦੀ। ਇਕ ਡਰ ਜੇ ਇਸ ਦਾ ਲਹਿੰਦਾ ਹੈ ਤਾਂ ਦਸ ਡਰ ਇਸ ਨੂੰ ਹੋਰ ਲਗ ਜਾਂਦੇ ਹਨ।

ਇਨਸਾਨ ਦੀ ਸਾਰੀ ਜ਼ਿੰਦਗੀ ਹੀ ਡਰ ਤੇ ਚਿੰਤਾ ਵਿਚ ਬਤੀਤ ਹੁੰਦੀ ਹੈ, ਇਸ ਤੋਂ ਨਾ ਰਾਜਾ, ਨਾ ਪਰਜਾ, ਨਾ ਤਗੜਾ ਨਾ ਮਾੜਾ, ਨਾ ਇਸਤਰੀ ਨਾ ਪੁਰਸ਼, ਕੋਈ ਆਜ਼ਾਦ ਨਹੀਂ। ਡਰ ਦੀਆਂ ਸ਼ਕਲਾਂ ਬਦਲਦੀਆਂ ਰਹਿੰਦੀਆਂ ਹਨ, ਪਰ ਡਰ ਨਹੀਂ ਬਦਲਦਾ। ਬਚੇ ਨੂੰ ਇਮਤਿਹਾਨ ਦਾ ਡਰ ਹੈ ਤਾਂ ਜਵਾਨ ਨੂੰ ਰੁਜ਼ਗਾਰ ਦਾ ਡਰ, ਗਰੀਬ ਨੂੰ ਫਾਕਿਆਂ ਦਾ ਡਰ ਹੈ ਤਾਂ ਅਮੀਰ ਨੂੰ ਦੌਲਤ ਦੇ ਲੁਟੇ ਜਾਣ ਦਾ ਡਰ ਹੈ। ਗਲ ਕੀ ਜੇ ਵੀਚਾਰ ਦੀ ਦੂਰਬੀਨ ਥਾਣੀ ਦੇਖੀਏ ਤਾਂ ਇਨਸਾਨ ਜਨਮ ਤੋਂ ਲੈ ਕੇ ਮਰਨ ਤਕ ਕਿਸੇ ਨਾ ਕਿਸੇ ਡਰ ਦੇ ਮਾਤਹਿਤ ਜੀਉਂਦਾ ਨਜ਼ਰ ਆਵੇਗਾ। ਮੌਤ ਦਾ ਡਰ ਤਾਂ ਐਸਾ ਹੈ ਜਿਸ ਦਾ ਨਾਮ ਸੁਣ ਕੇ ਹੀ ਇਨਸਾਨ ਦੇ ਹੋਸ਼ ਖਤਾ ਹੋ ਜਾਂਦੇ ਹਨ।

ਡਰ ਤੋਂ ਬਚਣ ਦਾ ਇਲਾਜ ਸਿਵਾਏ ਮਜ਼ਬ (religion) ਦੇ ਜਿਸ ਤੋਂ ਮੇਰੀ ਮੁਰਾਦ (Science of the Soul) ਹੈ, ਹੋਰ ਕੋਈ ਨਹੀਂ। ਮਜ਼ਬ (Religion) ਦਾ ਇਹ ਦਾਅਵਾ ਹੈ ਕਿ ਉਸ ਦੀ ਸ਼ਰਨ ਵਿਚ ਆਏ ਆਦਮੀ ਨਿਰਭੈ ਹੋ ਸਕਦੇ ਹਨ, ਉਨ੍ਹਾਂ ਨੂੰ ਹੋਰ ਡਰ ਤੇ ਇਕ ਪਾਸੇ, ਮੌਤ ਦਾ ਵੀ ਡਰ ਨਹੀਂ ਰਹਿੰਦਾ।

ਸ੍ਰੀ ਗੁਰੂ ਗਰੰਥ ਸਾਹਿਬ ਦੇ ਵਿਚ ਨਿਰਭੈ ਹੋਣ ਦਾ ਤਰੀਕਾ ਨਿਰਭੈ ਵਾਹਿਗੁਰੂ ਨੂੰ ਦੇਖਣਾ ਤੇ ਸਮਝਣਾ ਹੈ। ਕਿਉਂਕਿ ਵਾਹਿਗੁਰੂ ਖ਼ੁਦ ਪੂਰਨ ਤੌਰ ਤੇ ਨਿਰਭੈ ਹੈ, ਉਸ ਦੇ ਨਾਲ ਜੁੜੀਆਂ ਰੂਹਾਂ ਵੀ ਨਿਰਭੈ ਹੋ ਜਾਂਦੀਆਂ ਹਨ।

□ □ □

ਜੇਕਰ

ਜੇਕਰ ਤੂੰ ਦੁਨਿਆਵੀ ਦ੍ਰਿਸ਼ਟੀਕੋਨ ਤੋਂ ਬੜਾ ਸੁਖੀ ਹੈਂ, ਸਭ ਆਰਾਮ ਤੇਰੇ ਪਾਸ ਮੌਜੂਦ ਹਨ , ਨੌਕਰ ਚਾਕਰ, ਮਿਤਰ ਦੋਸਤ, ਦੌਲਤ ਇਜ਼ਤ, ਬਾਗ, ਪਰਿਵਾਰ, ਕੋਠੀਆਂ, ਬਗੀਚੇ ਆਦਿ ਸਭ ਕੁਝ ਹੈ, ਫਿਰ ਵੀ ਉਸ ਦਾਤਾਰ ਨੂੰ, ਜਿਸ ਨੇ ਇਹ ਸਭ ਕੁਝ ਬਖਸ਼ਿਆ ਹੈ, ਕਦੀ ਮਨੋਂ ਨਹੀਂ ਭੁਲਾਣਾ ਚਾਹੀਦਾ। ਦਾਤਾਂ ਨੂੰ ਵੇਖ ਵੇਖ ਕੇ ਤੈਨੂੰ ਦਾਤਾਰ ਸਦਾ ਯਾਦ ਆਉਣਾ ਚਾਹੀਦਾ ਹੈ। ਐਸਾ ਕਰਨ ਨਾਲ ਤੇਰਾ ਦੁਨਿਆਵੀ ਸੁਖ ਕਾਇਮ ਰਹੇਗਾ।

ਜੇਕਰ ਤੂੰ ਬੜਾ ਗਰੀਬ ਹੈਂ, ਖਾਣ ਪੀਣ ਦੀ ਵੀ ਤੰਗੀ ਹੈ ਅਤੇ ਲੋੜਾਂ ਤੈਨੂੰ ਬੜਾ ਤੰਗ ਕਰਦੀਆਂ ਹਨ, ਜੇਕਰ ਤੇਰਾ ਕੋਈ ਕੰਮ ਕਾਜ ਨਹੀਂ, ਜਿਸ ਕੰਮ ਨੂੰ ਤੂੰ ਹਥ ਪਾਂਦਾ ਹੈਂ ਉਸੇ ਵਿਚ ਬਜਾਏ ਨਫੇ ਦੇ ਘਾਟਾ ਪੈਂਦਾ ਹੈ ਜੇਕਰ ਤੇਰੇ ਪਾਸ ਕੋਈ ਨੌਕਰੀ ਨਹੀਂ, ਕਾਰ ਵਿਹਾਰ ਕਰਨ ਵਾਸਤੇ ਧਨ ਨਹੀਂ, ਅਤੇ ਮੰਗਿਆਂ ਤੈਨੂੰ ਕੋਈ ਉਧਾਰ ਦੇਣ ਵਾਸਤੇ ਤਿਆਰ ਨਹੀਂ ਤਾਂ ਇਸ ਹਾਲਤ ਵਿਚ ਜੇਕਰ ਤੂੰ ਕਰਤਾਰ ਦੀ ਸ਼ਰਨ ਸਚੇ ਦਿਲ ਤੇ ਭਰੋਸੇ ਨਾਲ ਆਵੇਂ ਅਤੇ ਸਚੇ ਪਾਤਸ਼ਾਹ ਅਕਾਲ ਪੁਰਖ ਨੂੰ ਯਾਦ ਕਰੇਂ ਅਤੇ ਆਪਣੇ ਅੰਗ ਸੰਗ ਸਮਝੇਂ ਤਾਂ ਤੇਰੀ ਗਰੀਬੀ ਅਮੀਰੀ ਵਿਚ ਬਦਲ ਸਕਦੀ ਹੈ। ਵਾਹਿਗੁਰੂ ਕਾਰਨ ਕਰਨ (Creator of Causes) ਹੈ। ਉਹ ਐਸੇ ਹਾਲਾਤ ਪੈਦਾ ਕਰ ਸਕਦਾ ਹੈ ਜਿਸ ਤੋਂ ਤੈਨੂੰ ਲਾਭ ਪਹੁੰਚੇ ਅਤੇ ਤੇਰੀ ਗਰੀਬੀ ਅਮੀਰੀ ਵਿਚ ਅਤੇ ਨਾ-ਕਾਮਯਾਬੀ ਕਾਮਯਾਬੀ ਵਿਚ ਬਦਲੀ ਜਾਵੇ।

ਜੇਕਰ ਤੂੰ ਰਾਜਾ ਹੈਂ, ਪਾਤਸ਼ਾਹ ਹੈਂ, ਤੇਰੇ ਪਾਸ ਬੜੇ ਖਜ਼ਾਨੇ ਤੇ ਬੜੇ ਲਸ਼ਕਰ ਹਨ, ਬੜੇ ਮਹੱਲ ਹਨ ਅਤੇ ਮਹੱਲਾਂ ਵਿਚ ਸੁੰਦਰ ਇਸਤ੍ਰੀਆਂ ਹਨ, ਤੇਰੇ ਅਠੇ ਪਹਿਰ ਰੰਗ ਰਲੀਆਂ ਅਤੇ ਤਮਾਸ਼ਿਆਂ ਵਿਚ ਗੁਜਰਦੇ ਹਨ, ਚਿੰਤਾ ਫਿਕਰ ਤੇਰੇ ਨੇੜੇ ਨਹੀਂ ਆਉਂਦੇ, ਤੇਰਾ ਹੁਕਮ ਕੋਈ ਨਹੀਂ ਮੋੜਦਾ,

ਤੇਰਾ ਮੁਕਾਬਲਾ ਕੋਈ ਨਹੀਂ ਕਰ ਸਕਦਾ, ਫਿਰ ਵੀ ਤੈਨੂੰ ਆਪਣੇ ਪੈਦਾ ਕਰਨ ਵਾਲੇ ਅਗੇ ਨਿਉਣਾ ਅਤੇ ਉਸ ਦਾ ਸ਼ੁਕਰ ਕਰਨਾ ਚਾਹੀਦਾ ਹੈ। ਤੇਰੀ ਐਸ਼ ਤੇ ਹੁਕਮ ਦੀ ਜ਼ਿੰਦਗੀ ਤੇ ਤੈਨੂੰ ਸੁਖਾਂ ਦਾ ਗੁਲਾਮ ਬਣਾ ਦਿਤਾ ਹੈ, ਇਜ਼ਤ ਹਕੂਮਤ, ਤਾਕਤ, ਸ਼ੋਹਰਤ ਦੌਲਤ ਤੇ ਰੰਗ ਰਲੀਆਂ ਤੋਂ ਬਗੈਰ ਤੂੰ ਬੜਾ ਦੁਖੀ ਮਹਿਸੂਸ ਕਰੇਂਗਾ ਅਤੇ ਇਕ ਦਿਨ ਐਸਾ ਜ਼ਰੂਰ ਆਵਣਾ ਹੈ, ਜਦ ਕਿ ਤੇਰੇ ਪਾਸ ਇਹ ਸਭ ਕੁਝ ਨਹੀਂ ਹੋਵੇਗਾ, ਕਾਲ ਅਗੇ ਰੱਯਤ ਤੇ ਰਾਜਾ ਕਿਸੇ ਦੀ ਪੇਸ਼ ਨਹੀਂ ਚਲਦੀ। ਤੇਰੇ ਤੋਂ ਪਹਿਲੇ ਹੋਏ ਪਾਤਸ਼ਾਹ, ਰਾਜੇ, ਹੁਕਮਰਾਨ ਨਹੀਂ ਰਹੇ ਤੂੰ ਵੀ ਜ਼ਰੂਰ ਸਭ ਕੁਝ ਛਡ ਕੇ ਖਾਲੀ ਹਥ ਇਸ ਜਗਤ ਤੋਂ ਜਾਣਾ ਹੈ। ਉਸ ਵੇਲੇ ਤੇਰੇ ਨਾਲ ਤੇਰੇ ਕਰਤਾਰ ਤੋਂ ਸਿਵਾ ਹੋਰ ਕਿਸੇ ਨੇ ਨਹੀਂ ਹੋਣਾ। ਕਿਉਂ ਨਾ ਹੁਣ ਹੀ ਕਰਤਾਰ ਦਾ ਦਾਸ ਬਣ ਜਾਵੇਂ ਅਤੇ ਉਸ ਦਾ, ਜਿਸ ਨੇ ਤੈਨੂੰ ਰਾਜ ਭਾਗ ਦਿਤਾ ਹੈ, ਸ਼ੁਕਰ ਕਰੇਂ। ਐਸਾ ਕਰਨ ਨਾਲ ਤੇਰਾ ਰਾਜ ਭਾਗ ਭੀ ਕਾਇਮ ਰਹੇਗਾ ਅਤੇ ਜਦ ਮੌਤ ਤੈਥੋਂ ਤੇਰਾ ਸਭ ਕੁਝ ਖੋਹ ਲਵੇਗੀ ਉਸ ਵਕਤ ਤੇਰਾ ਕਰਤਾਰ ਤੇਰੇ ਨਾਲ ਤੇਰਾ ਰਾਖਾ ਅਤੇ ਸਹਾਰਾ ਹੋਵੇਗਾ।

ਜੇਕਰ ਤੇਰੇ ਉਤੇ ਕੋਈ ਭਾਰੀ ਮੁਸੀਬਤ ਆਨ ਬਣੀ ਹੈ ਅਤੇ ਉਸ ਤੋਂ ਨਿਕਲਣ ਦਾ ਕੋਈ ਉਪਾਵ ਨਜ਼ਰ ਨਹੀਂ ਆਉਂਦਾ, ਜੇਕਰ ਤੇਰੇ ਦੁਸ਼ਮਨ ਬੜੇ ਜ਼ਬਰਦਸਤ ਅਤੇ ਤੈਥੋਂ ਕਿਤੇ ਤਾਕਤਵਰ ਹਨ ਅਤੇ ਤੇਰੇ ਲਈ ਉਹਨਾਂ ਦਾ ਮੁਕਾਬਲਾ ਕਰਕੇ ਉਹਨਾਂ ਤੇ ਗਾਲਬ ਆਉਣਾ ਅਸੰਭਵ ਦਿਸਦਾ ਹੈ, ਜੇਕਰ ਤੇਰੀਆਂ ਮੁਸ਼ਕਲਾਂ ਤੇ ਔਕੜਾਂ ਨੇ ਤੈਨੂੰ ਨਿਰਾਸ ਕਰ ਦਿਤਾ ਹੈ ਅਤੇ ਤੇਰੇ ਵਿਚ ਮੁਸੀਬਤ ਨਾਲ ਲੜਨ ਦੀ ਹਿੰਮਤ ਨਹੀਂ ਰਹੀ, ਤਾਂ ਯਾਦ ਰਖ ਕਿ ਤੇਰਾ ਅਜੇ ਵੀ ਵਾਲ ਵਿੰਗਾ ਨਹੀਂ ਹੋ ਸਕਦਾ ਹੈ। ਪ੍ਰਭੂ ਦੀ ਸ਼ਰਨ ਸਚੇ ਦਿਲ ਤੇ ਦਰਿੜ੍ਹ ਭਰੋਸੇ ਨਾਲ ਪਕੜ ਤੇ ਦੇਖ, ਤੇਰੀਆਂ ਮੁਸੀਬਤਾਂ ਧੂੰਏਂ ਦੇ ਪਹਾੜ ਵਾਂਗ ਉਡ ਜਾਣਗੀਆਂ।

ਜੇਕਰ ਤੂੰ ਬੜਾ ਸਿਆਣਾ ਤੇ ਅਕਲਮੰਦ ਹੈਂ, ਜੇਕਰ ਤੂੰ ਬੜਾ ਗਿਆਨੀ ਅਤੇ ਚਾਤਰ ਹੈਂ, ਜੇਕਰ ਤੂੰ ਬੜਾ ਤਪੱਸਵੀ ਹੈਂ ਅਤੇ ਰਿਧੀਆਂ ਸਿਧੀਆਂ ਤੇਰੇ ਵਸ ਵਿਚ ਹਨ, ਜੇਕਰ ਤੂੰ ਬੜਾ ਆਲਮ ਫਾਜ਼ਲ ਜਾਂ ਸੰਤ ਮਹਾਤਮਾ ਹੈਂ, ਤਾਂ ਇਹ ਜਾਣ ਕੇ ਸ਼ੁਕਰ ਕਰ ਕਿ ਇਹ ਸਭ ਕੁਝ ਕਰਤਾਰ ਦੀ ਮੇਹਰ ਦਾ ਸਦਕਾ ਹੈ, ਜਿਸ ਨੇ ਦੂਸਰੇ ਇਨਸਾਨਾਂ ਨਾਲੋਂ ਤੈਨੂੰ ਸਰੇਸ਼ਟਤਾ ਬਖਸ਼ੀ ਹੈ।

ਜੇਕਰ ਤੂੰ ਬੀਮਾਰ ਰਹਿੰਦਾ ਹੈਂ, ਰੋਗ ਤੇਰਾ ਪਿਛਾ ਨਹੀਂ ਛਡਦਾ, ਜੇ ਕਰ ਤੂੰ ਸਭ ਹਕੀਮਾਂ ਡਾਕਟਰਾਂ ਦਾ ਇਲਾਜ ਕਰ ਚੁਕਾ ਹੈਂ ਅਤੇ ਤੇਰੀ ਬੀਮਾਰੀ ਨੂੰ ਕਿਸੇ ਨੇ ਦੂਰ ਨਹੀਂ ਕੀਤਾ, ਜੇਕਰ ਤੇਰੀ ਬੀਮਾਰੀ ਲਾ-ਇਲਾਜ ਹੋ ਗਈ ਹੈ ਅਤੇ ਚਿੰਤਾ ਨਿਰਾਸਤਾ ਤੇਰੇ ਉਤੇ ਹਰਦਮ ਸਵਾਰ ਹਨ, ਤਦ ਵੀ ਵਾਹਿਗੁਰੂ ਅਕਾਲ ਪੁਰਖ ਦਾ 'ਦੁਖ ਭੰਜਨ' ਨਾਮ ਪਿਆਰ ਸ਼ਰਧਾ ਤੇ ਦਰਿੜਤਾ ਨਾਲ ਜਪ ਅਤੇ ਕਰਤਾਰ ਅਗੇ ਨਿਰਮਾਨ ਅਰਦਾਸਾਂ ਕਰ। ਤੇਰਾ ਸਭ ਦੁਖ ਦੂਰ ਹੋ ਸਕਦਾ ਹੈ, ਕਿਉਂਕਿ ਵਾਹਿਗੁਰੂ ਸਮਰਥ ਹੈ।

ਜੇਕਰ ਤੂੰ ਆਪਣੇ ਕਰਤਾਰ ਦਾ ਦਾਸ ਬਣ ਕੇ ਉਸ ਦੀ ਯਾਦ ਵਿਚ ਜੀਵਨ ਬਤੀਤ ਕਰਨਾ ਚਾਹੁੰਦਾ ਹੈਂ, ਜੇਕਰ ਤੂੰ ਜੀਵਨ ਅਤੇ ਮੌਤ ਦੇ ਭੇਦ ਨੂੰ ਜਾਣ ਕੇ ਸਦਾ ਅਮਰ ਹੋਣਾ ਚਾਹੁੰਦਾ ਹੈਂ, ਜੇਕਰ ਤੂੰ ਜੀਵਣ ਮਰਨ ਦੇ ਭੈਭੀਤ ਗੇੜ ਵਿਚੋਂ ਨਿਕਲਣਾ ਚਾਹੁੰਦਾ ਹੈ, ਜੇਕਰ ਤੂੰ ਆਪਣੇ ਕਰਤਾਰ ਵਰਗਾ ਸੁਖੀ ਤੇ ਨਿਰਭਉ ਹੋਣਾ ਚਾਹੁੰਦਾ ਹੈਂ ਤਾਂ ਆਪਣੇ ਅੰਦਰ ਝਾਤੀ ਮਾਰ ਕੇ ਦੇਖ ਕਿ ਤੂੰ ਕੌਣ ਹੈਂ ?

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥

ਜਗਤ ਵਿਚ ਜਿਸ ਨੂੰ ਦੇਖੋ ਕੁਝ ਨਾ ਕੁਝ ਮੰਗ ਰਿਹਾ ਨਜ਼ਰ ਆਵੇਗਾ। ਹਜ਼ਾਰਾਂ ਵਾਲਾ ਲਖਾਂ ਪਤੀ ਅਤੇ ਲਖਾਂ ਵਾਲਾ ਕਰੋੜਾਂ ਪਤੀ ਬਨਣਾ ਚਾਹੁੰਦਾ ਹੈ। ਕਰੋੜਾਂ ਵਾਲਾ ਅਵਲ ਤਾਂ ਅਰਬਾਂ ਪਤੀ ਹੋਣਾ ਚਾਹੰਦਾ ਹੈ, ਨਹੀਂ ਤੇ ਇਹ ਪ੍ਰਿਆ ਚਾਹੁੰਦਾ ਹੈ ਕਿ ਕਰੋੜਾਂ ਪਤੀ ਬਣਿਆ ਹੀ ਰਹਾਂ ਅਤੇ ਪਾਤਸ਼ਾਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਪਾਤਸ਼ਾਹੀ ਕਾਇਮ ਰਹੇ। ਗਰੀਬ ਜੀਵਨ ਦੇ ਸਾਧਾਰਨ ਸੁਖਾਂ ਨੂੰ ਲੋਚਦਾ ਹੈ ਅਤੇ ਅਮੀਰ ਆਪਣੀ ਅਮੀਰੀ ਦੇ ਕਾਇਮ ਰਖਣ ਦੇ ਆਹਰ ਵਿਚ ਨਜ਼ਰ ਆਵੇਗਾ।

ਦੌਲਤ ਦੇ ਪਾਸੇ ਵਲ ਆਈਏ ਤਾਂ ਹਰ ਇਕ ਇਨਸਾਨ ਨੂੰ ਭਾਵੇਂ ਉਹ ਗਰੀਬ ਹੋਵੇ ਭਾਵੇਂ ਅਮੀਰ ਤੰਦਰੁਸਤੀ ਮੰਗਦਾ ਤਕਾਂਗੇ। ਕੋਈ ਸ਼ਖਸ ਨਹੀਂ ਜੋ ਤੰਦਰੁਸਤੀ ਜਾਂ ਅਰੋਗਤਾ ਨਾ ਮੰਗਦਾ ਹੋਵੇ। ਫੇਰ ਜੇ ਖੁਸ਼ੀ ਦੇ ਪਾਸੇ ਝਾਤ ਮਾਰੀਏ ਤਾਂ ਹਰ ਇਕ ਜੀਵ ਸੁਖ ਜਾਂ ਖੁਸ਼ੀ ਮੰਗਦਾ ਨਜ਼ਰ ਆਵੇਗਾ। ਪਰਿਵਾਰ ਦੀ ਖੁਸ਼ੀ, ਦੋਸਤਾਂ ਮਿਤਰਾਂ ਵਿਚ ਰਲ ਬੈਠਣ ਦੀ ਖੁਸ਼ੀ, ਸੰਗੀਤ ਸੁਨਣ ਅਤੇ ਤਮਾਸ਼ੇ ਵੇਖਣ ਦੀ ਖੁਸ਼ੀ ਹਰ ਇਕ ਜੀਵ ਨੂੰ ਅਗੇ ਨਾਲੋਂ ਕੁਝ ਵਧੇਰੇ ਮੰਗਣ ਵਾਸਤੇ ਮਜਬੂਰ ਕਰਦੀ ਦੇਖਾਂਗੇ।

ਇਲਮ ਦੇ ਪਾਸੇ ਦੇਖੀਏ ਤਾਂ ਜੋ ਜੋ ਕਿਸੇ ਇਲਮ ਦਾ ਜਾਂ ਗਿਆਨ ਦਾ ਵਿਦਿਆਰਥੀ ਹੈ ਉਸ ਗਿਆਨ ਦਾ ਅੰਤ ਨਹੀਂ ਪਾ ਰਿਹਾ ਅਤੇ ਉਸ ਗਿਆਨ ਵਿਚ ਹੋਰ ਵਧੇਰੇ ਸੂਝ, ਹੋਰ ਵਧੇਰੇ ਰੋਸ਼ਨੀ ਮੰਗਦਾ ਨਜ਼ਰ ਆਵੇਗਾ। ਸਾਧੂ ਸੰਤ ਮਹਾਤਮਾ ਵੀ ਭਾਵੇਂ ਜਗਤ ਦੇ ਨਾਸਵੰਦ ਸੁਖ ਨਾ ਮੰਗਦੇ ਦਿਸਣ ਪਰ ਕਿਸੇ ਅਬਨਾਸ਼ੀ ਸੁਖ, ਕਿਸੇ ਸਦੀਵੀ ਸੁਖ ਦੀ ਤਲਾਸ਼ ਵਿਚ ਬਿਹਬਲ ਨਜ਼ਰ ਆਵਣਗੇ।

ਸੜਕ ਤੇ ਤੁਰਦੇ ਕਿਸੇ ਆਦਮੀ ਨੂੰ ਖੜਾ ਕਰਕੇ ਪੁਛ ਦੇਖੋ, ਉਹ ਤੁਹਾਨੂੰ ਆਪਣੀਆਂ ਕਈ ਮੰਗਾਂ ਗਿਣਾ ਕੇ ਸੁਣਾ ਦੇਵੇਗਾ। ਅਮਰੀਕਾ ਵਿਚ ਇਕ ਧਾਰਮਕ ਸੁਸਾਇਟੀ ਨੇ ਇਕ ਮਿਲਿਅਨ (ਦਸ ਲਖ) ਆਦਮੀਆਂ ਪਾਸੋਂ ਲਿਖਤ ਵਿਚ ਪੁਛਿਆ ਕਿ ਉਨ੍ਹਾਂ ਦੇ ਮਨ ਦੀ ਕੀ ਅਵਸਥਾ ਹੈ ? ਤਾਂ ਦਸ ਲਖ ਵਿਚੋਂ ਦਸ ਲਖ ਨੇ ਹੀ ਲਿਖਤ ਵਿਚ ਜਵਾਬ ਦਿਤਾ ਕਿ ਉਹ ਕੁਝ ਚਾਹੁੰਦੇ ਹਨ, ਮੁਝ ਮੰਗਦੇ ਹਨ, ਉਨ੍ਹਾਂ ਅੰਦਰ ਕਈ ਖਾਹਿਸ਼ਾਂ ਲੁਕੀਆਂ ਪਈਆਂ ਹਨ ਜਿਨ੍ਹਾਂ ਦੀ ਪੂਰਤੀ ਵਾਸਤੇ ਉਹ ਹਰ ਵਕਤ ਕੋਸ਼ਸ਼ ਕਰਦੇ ਰਹਿੰਦੇ ਹਨ। ਇਹ ਮੰਗਾਂ ਇਸ ਪ੍ਰਕਾਰ ਸਨ—ਅਰੋਗਤਾ, ਜ਼ਰੂਰਤਾਂ ਪੂਰੀਆਂ ਕਰਨ ਜੋਗਾ ਧਨ, ਪਰਿਵਾਰ ਦੀ ਖੁਸ਼ੀ, ਦੋਸਤਾਂ ਮਿਤਰਾਂ ਵਿਚ ਸਤਿਕਾਰ, ਅਗਲੇ ਜਨਮ ਦਾ ਗਿਆਨ (Knowledge about next world)।

ਇਸ ਮਿਸਾਲ ਤੋਂ ਸਿਧ ਹੁੰਦਾ ਹੈ ਕਿ ਜਗਤ ਸਚੀ ਮੁਚੀ ਭਿਖਾਰੀ ਹੈ ਅਤੇ ਹਰ ਵੇਲੇ ਵਾਹਿਗੁਰੂ ਪਾਸੋਂ ਦਾਤਾਂ ਮੰਗਦਾ ਰਹਿੰਦਾ ਹੈ। ਜਗਤ ਦੇ ਜੀਵ ਭਾਵੇਂ ਨਾਸਤਕ ਹੋਣ ਭਾਵੇਂ ਆਸਤਕ, ਹਰ ਵੇਲੇ ਕੁਝ ਨਾ ਕੁਝ ਮੰਗਦੇ ਰਹਿੰਦੇ ਹਨ, ਹਰ ਵੇਲੇ ਕੁਝ ਨਾ ਕੁਝ ਚਾਹੁੰਦੇ ਰਹਿੰਦੇ ਹਨ ਅਤੇ ਭਾਵੇਂ ਹਰ ਇਕ ਨੂੰ ਉਤਨਾ ਜੋ ਕਿ ਉਹ ਮੰਗ ਰਿਹਾ ਹੁੰਦਾ ਹੈ ਨਹੀਂ ਮਿਲਦਾ, ਪਰ ਇਤਨਾ ਜ਼ਰੂਰ ਮਿਲਦਾ ਰਹਿੰਦਾ ਹੈ ਕਿ ਜਿਸ ਨਾਲ ਉਹ ਕਾਇਮ ਰਹਿ ਸਕੇ।

ਮੰਗਤਿਆਂ ਦੇ ਇਸ ਜਗਤ ਵਿਚ ਹੋਰ ਗਲ ਦੇਖੀ ਜਾਵੇਗੀ ਕਿ ਜਿਤਨਾ ਸਿਆਣਾ ਮੰਗਤਾ, ਉਸ ਦੀ ਉਤਨੀ ਹੀ ਸਿਆਣੀ ਮੰਗ ਹੋਵੇਗੀ। ਇਕ ਬੱਚੇ ਨੂੰ ਪੁਛੋ ਤੂੰ ਕੀ ਚਾਹੁੰਦਾ ਹੈਂ ? ਤਾਂ ਉਹ ਆਖੇਗਾ ਮੈਨੂੰ ਹਵਾ ਵਿਚ ਉਡਣ ਵਾਲਾ ਬੈਲੂਨ ਲੈ ਦੇਵੋ। ਜੇਕਰ ਉਸ ਤੋਂ ਵਧੇਰੀ ਉਮਰ ਦੇ ਸਕੂਲ ਜਾਂਦੇ ਲੜਕੇ ਨੂੰ ਪੁਛੋ ਤੇਰੀ ਕੀ ਮੰਗ ਹੈ ਤਾਂ ਉਹੀ ਆਖੇਗਾ ਮੈਨੂੰ ਬਾਈਸਾਈਕਲ ਚਾਹੀਦਾ ਹੈ। ਜੇਕਰ ਕਾਲਜ ਜਾਣ ਵਾਲੇ ਮੁੰਡੇ ਨੂੰ ਪੁਛੋ ਕਿ ਕਿਸ ਚੀਜ਼ ਨੂੰ ਲੈਣਾ ਚਾਹੁੰਦਾ ਹੈ, ਬੈਲੂਨ ਜਾਂ ਬਾਈਸਿਕਲ ? ਤਾਂ ਉਹ ਆਖੇਗਾ ਕਿ ਮੈਂ ਮੋਟਰ ਚਾਹੁੰਦਾ ਹਾਂ। ਇਸੇ ਤਰ੍ਹਾਂ ਅਸੀਂ ਦੇਖਾਂਗੇ ਕਿ ਜਿਉਂ ਜਿਉਂ ਜੀਵ ਸਿਆਣਾ ਅਤੇ ਤਜਰਬੇਕਾਰ ਮੰਗਤਾ ਬਣਦਾ ਜਾਵੇ ਉਹ ਵਡਮੁਲੀਆਂ ਅਤੇ ਵਧੇਰੇ ਅਰਸੇ ਲਈ ਰਹਿਣ ਵਾਲੀਆਂ ਚੀਜ਼ਾਂ ਮੰਗੇਗਾ।

ਜੀਵ ਦੀਆਂ ਅਨੇਕ ਮੰਗਾਂ ਪਿਛੇ ਇਕ ਅਸੂਲ ਲੁਕਿਆ ਹੋਇਆ

ਹੈ ਅਤੇ ਉਹ ਇਹ ਹੈ ਕਿ ਜੀਵ ਸਦਾ ਉਹ ਦਾਤਾਂ ਚਾਹੁੰਦਾ ਹੈ ਜਿਹੜੀਆਂ ਇਸ ਨੂੰ ਸਦਾ ਖ਼ੁਸ਼ੀ ਤੇ ਪਰਸੰਨ ਰਖ ਸਕਣ। ਪਰ ਕਿਉਂਕਿ ਜੀਵ ਅਗਿਆਨੀ ਹੈ, ਬੇ-ਸਮਝ ਹੈ, ਇਹ ਬੱਚੇ ਵਾਂਗਰ ਐਸੀਆਂ ਦਾਤਾਂ ਮੰਗਦਾ ਰਹਿੰਦਾ ਹੈ ਜਿਹੜੀਆਂ ਰਬੜ ਦੇ ਬੈਲੂਨ ਦੀ ਤਰ੍ਹਾਂ ਫੌਰਨ ਨਾਸ ਹੋਣ ਵਾਲੀਆਂ ਹੁੰਦੀਆਂ ਹਨ। ਇਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਿਖਿਆ ਜੀਵ ਨੂੰ ਬੜੀ ਭਾਰੀ ਸਹਾਇਤਾ ਬਖਸ਼ਦੀ ਹੈ। ਗੁਰਮਤ, ਜੀਵ ਨੂੰ ਇਕ ਸਿਆਣਾ ਮੰਗਤਾ ਬਨਾਉਣਾ ਚਾਹੁੰਦੀ ਹੈ ਤਾਕਿ ਉਸ ਦੀਆਂ ਮੰਗਾਂ ਐਸੀਆਂ ਪੱਕੀਆਂ ਅਤੇ ਅਬਨਾਸ਼ੀ ਹੋਣ, ਜਿਨ੍ਹਾਂ ਦੇ ਪੂਰਾ ਹੋਣ ਮਗਰੋਂ ਜੀਵ ਨੂੰ ਕਦੀ ਫੇਰ ਮੰਗਣਾ ਹੀ ਨਾ ਪਵੇ। ਗੁਰਮਤ ਜੀਵ ਤੋਂ ਅਨੇਕਾਂ ਜਨਮਾਂ ਦਾ ਪੇਸ਼ਾ ਭਿਖਾਰੀ-ਪੁਨਾ ਹਮੇਸ਼ਾਂ ਲਈ ਛੁਡਾਣਾ ਚਾਹੁੰਦੀ ਹੈ।

ਗੁਰਮਤ ਗੁਰਸਿਖ ਨੂੰ ਦਸਦੀ ਹੈ ਕਿ ਜੇਕਰ ਕਿਸੇ ਨੂੰ ਟਕਸਾਲ (Mint) ਮਿਲ ਜਾਵੇ ਤਾਂ ਉਸ ਨੂੰ ਫੇਰ ਰੁਪਏ ਵਾਸਤੇ ਤਰਲੇ ਕਰਨ ਦੀ ਲੋੜ ਨਹੀਂ ਰਹਿੰਦੀ। ਜਿਤਨਾ ਰੁਪਿਆ ਉਸ ਦਾ ਦਿਲ ਕਰੇ, ਟਕਸਾਲ ਦੇ ਜ਼ਰੀਏ ਬਣਾ ਸਕਦਾ ਹੈ। ਇਸੇ ਤਰ੍ਹਾਂ ਅਗਰ ਦਾਤੇ ਕੋਲੋਂ ਦਾਤਾਂ ਮੰਗਣ ਦੀ ਬਜਾਏ, ਦਾਤਾ ਖ਼ੁਦ ਹੀ ਮਿਲ ਜਾਵੇ ਤਾਂ ਫਿਰ ਦਾਤਾਂ ਮੰਗਣ ਦੀ ਲੋੜ ਹੀ ਨਹੀਂ ਰਹੇਗੀ। ਦਾਤੇ ਦੇ ਮਿਲਣ ਨਾਲ ਦਾਤੇ ਦੀਆਂ ਦਾਤਾਂ ਖ਼ੁਦ-ਬਖ਼ੁਦ ਮਿਲ ਜਾਣਗੀਆਂ। ਜਦ ਸਾਡੇ ਕਮਰੇ ਵਿਚ ਬਾਰੀ ਖੋਹਲਿਆਂ ਧੁਪ ਆ ਜਾਵ੍ਹੇ ਤਾਂ ਉਸ ਦੇ ਨਾਲ ਰੌਸ਼ਨੀ ਅਤੇ ਨਿੱਘ ਖ਼ੁਦ ਬਖ਼ੁਦ ਹੀ ਆ ਜਾਂਦੇ ਹਨ। ਜਦ ਕਮਰੇ ਵਿਚ ਧੁਪ ਆ ਜਾਵੇ ਤਾਂ ਫਿਰ ਸਾਨੂੰ ਧੁਪ ਕੋਲੋਂ ਚਾਨਣ ਅਤੇ ਗਰਮੀ ਮੰਗਣ ਦੀ ਲੋੜ ਨਹੀਂ ਪੈਂਦੀ। ਇਹ ਚੀਜ਼ਾਂ ਧੁਪ ਦੇ ਆਉਣ ਨਾਲ ਆਪੇ ਹੀ ਆਉਂਦੀਆਂ ਹਨ।

ਗੁਰਮਤ ਜਾਂ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਤਿਤ ਪਾਵਨ ਉਪਦੇਸ਼ ਜੀਵ ਨੂੰ ਛੋਟੀਆਂ ਛੋਟੀਆਂ ਅਤੇ ਨਾਸਵੰਦ ਚੀਜ਼ਾਂ ਮੰਗਣ ਦੀ ਬਜਾਏ ਸਰਬ ਦਾਤਾਂ ਦੇ ਦਾਤਾ, ਸਰਬ ਸੁਖਾਂ ਦੇ ਸਾਗਰ ਸਰਬ ਸ਼ਕਤੀਮਾਨ ਵਾਹਿਗੁਰੂ ਨੂੰ ਹੀ ਮੰਗਣ ਦੀ ਪਰੇਰਨਾ ਕਰਦਾ ਹੈ। ਵਾਹਿਗੁਰੂ ਉਸ ਨੂੰ ਮਿਲਦਾ ਹੈ ਜਿਹੜਾ ਵਾਹਿਗੁਰੂ ਜੀ ਨੂੰ ਮਿਲਣਾ ਚਾਹੇ। ਜਿਸ ਦੇ ਦਿਲ ਵਿਚ ਵਾਹਿਗੁਰੂ ਨਾਲ ਉਸ ਦੀਆਂ ਦਾਤਾਂ ਨਾਲੋਂ ਵਧੇਰੇ ਪਰੇਮ ਹੋਵੇ ਅਤੇ ਜਿਹੜਾ ਵਾਹਿਗੁਰੂ ਜੀ ਨੂੰ ਹਰ ਦਮ ਮੰਗ ਸਕੇ, ਜਾਂ ਹਰ ਦਮ ਸਵਾਸ ਸਵਾਸ ਯਾਦ ਕਰ ਸਕੇ।

ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ।
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ।

ਗੁਰਮਤ ਜੀਵ ਨੂੰ ਦਸਦੀ ਹੈ ਕਿ ਜਿਸ ਨੂੰ ਵਾਹਿਗੁਰੂ ਜਾਂ ਸਰਬ ਸੁਖਾਂ ਦਾ ਦਾਤਾ ਮਿਲ ਜਾਵੇ, ਉਸ ਨੂੰ ਫੇਰ ਦਾਤਾਂ ਦੇ ਵਖਰਿਆਂ ਮੰਗਣ ਦੀ ਲੋੜ ਨਹੀਂ ਰਹਿੰਦੀ। ਜਿਵੇਂ ਧੁਪ ਕਮਰੇ ਵਿਚ ਆ ਜਾਵੇ ਤਾਂ ਚਾਨਣ ਅਤੇ ਨਿੱਘ ਆਪੇ ਹੀ ਧੁਪ ਨਾਲ ਆ ਜਾਂਦੇ ਹਨ। ਉਸੇ ਤਰ੍ਹਾਂ ਜਦ ਜੀਵ ਨੂੰ ਵਾਹਿਗੁਰੂ ਜੀ ਦੀ ਪ੍ਰਾਪਤੀ ਹੋ ਜਾਵੇ, ਜਦ ਜੀਵ ਨੂੰ ਵਾਹਿਗੁਰੂ ਦਾ ਗਿਆਨ ਹੋ ਜਾਵੇ, ਜਦ ਜੀਵ ਨੂੰ ਆਪਣੇ ਅਤੇ ਵਾਹਿਗੁਰੂ ਜੀ ਦੇ ਅਟੁਟ ਰਿਸ਼ਤੇ ਦਾ ਪਤਾ ਲਗ ਜਾਵੇ ਤਾਂ ਵਾਹਿਗੁਰੂ ਜੀ ਦੀਆਂ ਸਾਰੀਆਂ ਬਰਕਤਾਂ ਅਤੇ ਖ਼ੂਬੀਆਂ ਜੀਵ ਅੰਦਰ ਖ਼ੁਦ ਬਖ਼ੁਦ ਆ ਜਾਂਦੀਆਂ ਹਨ। ਵਾਹਿਗੁਰੂ ਜੀ ਦੇ ਜੀਵ ਦੇ ਮਨ ਵਿਚ ਨਿਵਾਸ ਕਰਨ ਨਾਲ ਹੀ ਵਾਹਿਗੁਰੂ ਜੀ ਦੀਆਂ ਦਾਤਾਂ ਜੀਵ ਦੇ ਅਗੇ ਪਿਛੇ ਫਿਰਨ ਲਗ ਜਾਂਦੀਆਂ ਹਨ :

ਨਾ ਓਹੁ ਮਰਤਾ ਨਾ ਹਮ ਡਰਿਆ।
ਨਾ ਓਹੁ ਬਿਨਸੈ ਨਾ ਹਮ ਕੜਿਆ।
ਨਾ ਓਹੁ ਨਿਰਧਨੁ ਨਾ ਹਮ ਭੂਖੇ।
ਨਾ ਓਸੁ ਦੂਖੁ ਨਾ ਹਮ ਕਉ ਦੂਖੇ।
ਅਵਰੁ ਨਾ ਕੋਊ ਮਾਰਨਵਾਰਾ।
ਜੀਅਉ ਹਮਾਰਾ ਜੀਉ ਦੇਨਹਾਰਾ। ਰਹਾਉ।
ਨਾ ਉਸੁ ਬੰਧਨ ਨਾ ਹਮ ਬਾਧੇ।
ਨਾ ਉਸੁ ਧੰਧਾ ਨਾ ਹਮ ਧਾਧੇ।
ਨਾ ਉਸੁ ਮੈਲੁ ਨਾ ਹਮ ਕਉ ਮੈਲਾ।
ਓਸੁ ਅਨੰਦੁ ਤਾ ਹਮ ਸਦ ਕੇਲਾ।
ਨਾ ਉਸੁ ਸੋਚੁ ਨਾ ਹਮ ਕਉ ਸੋਚਾ।
ਨਾ ਉਸੁ ਲੇਪੁ ਨਾ ਹਮ ਕਉ ਪੋਚਾ।
ਨਾ ਉਸੁ ਭੂਖ ਨਾ ਹਮ ਕਉ ਤ੍ਰਿਸਨਾ।
ਜਾ ਉਹੁ ਨਿਰਮਲੁ ਤਾਂ ਹਮ ਜਚਨਾ।।

ਜਿਸ ਮਨ ਵਿਚ ਵਾਹਿਗੁਰੂ ਜੀ ਦੀ ਯਾਦ ਜਾਂ ਨਾਮ ਵਸ ਜਾਵੇ ਉਸ ਮਨ ਵਿਚ ਭੁਖ, ਡਰ, ਥੋੜ, ਚਿੰਤਾ, ਰੋਗ, ਗ਼ਰੀਬੀ, ਨਫ਼ਰਤ, ਕਰੋਧ, ਲੋਭ, ਮੋਹ, ਹੰਕਾਰ ਦਾ ਦੂਰ ਹੋ ਜਾਣਾ ਅਤੇ ਸੁਖ, ਸ਼ਾਂਤੀ, ਬੇਫਿਕਰੀ, ਪਰੇਮ, ਨਿਰਵੈਰਤਾ, ਅਮੀਰੀ ਦਾ ਆ ਜਾਣਾ ਲਾਜ਼ਮੀ ਹੈ। ਜਿਸ ਮਨ ਵਿਚ ਵਾਹਿਗੁਰੂ ਜੀ ਦੀਆਂ ਸਿਫ਼ਤਾਂ ਜਾਂ ਬਰਕਤਾਂ ਨਿਵਾਸ ਕਰਨ, ਉਸ ਮਨ ਦੀ ਦੁਨੀਆਂ ਵਿਚ ਇਹਨਾਂ ਈਸ਼ਵਰੀ ਗੁਣਾਂ ਦਾ ਹੀ ਪਰਕਾਸ਼ ਦੇਖਾਂਗਾ। ਐਸੀ ਦੁਨੀਆਂ ਵਿਚ ਸੁਖਾਂ ਦੇ ਸਿਵਾਏ ਹੋਰ ਕੁਝ ਰਹੇਗਾ ਹੀ ਨਹੀਂ। ਐਸੀ ਦੁਨੀਆਂ ਵਿਚ ਸਿਵਾਏ ਸੁਖ, ਅਨੰਦ, ਪ੍ਰਸੰਨਤਾ ਅਤੇ ਸ਼ਾਂਤੀ ਦੇ ਹੋਰ ਕੁਝ ਨਹੀਂ ਰਹਿ ਸਕਦਾ। ਜਿਸ ਅਸਥਾਨ ਤੇ ਰੌਸ਼ਨੀ ਹੋਵੇ, ਉਥੇ ਅੰਧੇਰਾ ਨਹੀਂ ਰਹਿ ਸਕਦਾ। ਇਸ ਤਰ੍ਹਾਂ ਜਿਸ ਹਿਰਦੇ ਵਿਚ ਵਾਹਿਗੁਰੂ ਨਿਵਾਸ ਕਰਨ, ਉਥੇ ਸੁਖ ਅਨੰਦ ਤੋਂ ਬਗੈਰ ਹੋਰ ਕੁਝ ਨਹੀਂ ਰਹਿ ਸਕਦਾ।

ਕਹੁ ਨਾਨਕ ਜਿਨਿ ਠਾਕੁਰੁ ਪਾਇਆ।
ਸਭੁ ਕਿਛੁ ਤਿਸ ਕੇ ਗ੍ਰਿਹਿ ਮਹਿ ਆਇਆ।

ਗੁਰਮਤ ਜੀਵ ਨੂੰ ਮੰਗਣ ਦਾ ਇਨਾ ਚੰਗਾ ਵਲ ਸਿਖਾਉਂਦੀ ਹੈ ਕਿ ਜੀਵ ਗੁਰਮਤ ਦੀ ਰੌਸ਼ਨੀ ਵਿਚ ਜੀਵਨ ਬਤੀਤ ਕਰਕੇ ਦੀਨ ਦੁਨੀਆਂ ਦੀਆਂ ਸਭ ਬਰਕਤਾਂ ਅਤੇ ਨੇਆਮਤਾਂ ਤੋਂ ਮਾਲਾ ਮਾਲ ਹੋ ਜਾਂਦਾ ਹੈ। ਇਹ ਵੱਲ ਹੈ ਕੀ ? ਬਜਾਏ ਦਾਤਾਂ ਦੇ ਦਾਤਾ ਨੂੰ ਮੰਗਣਾ। ਬਜਾਏ ਦਾਤਾਂ ਦੇ ਦਾਤੇ ਨਾਲ ਪਿਆਰ ਪਾਉਣਾ, ਬਜਾਏ ਦਾਤਾਂ ਪਿਛੇ ਦਿਨ ਰਾਤ ਖਵਾਰ ਹੋਣ ਦੇ, ਦਾਤੇ ਨੂੰ ਆਪਣੇ ਮਨ ਵਿਚ ਨਿਵਾਸ ਕਰਾਉਣਾ। ਜਦ ਦਾਤਾਂ ਮਿਲਣ ਤਾਂ ਦਾਤਾ ਦੀ ਉਸਤਤ ਕਰਨੀ ਅਤੇ ਉਸ ਨੂੰ ਨਾ ਵਿਸਾਰਨਾ। ਇਹ ਹੈ ਦਾਤਾਂ ਨੂੰ ਪ੍ਰਾਪਤ ਕਰਨ ਦਾ ਵੱਲ। ਇਹ ਦਾਤਾ ਨੂੰ ਪ੍ਰਾਪਤ ਕਰਕੇ ਸਦਾ ਮੰਗਣ ਤੋਂ ਛੁਟਕਾਰਾ ਪਾਣ ਦਾ ਵੱਲ।

ਨਾਨਕੁ ਜਾਚਕੁ ਦਰਿ ਤੇਰੈ
ਪ੍ਰਭ ਤੁਧ ਨੋ ਮੰਗੈ ਦਾਨੁ॥

□ □ □

ਜੋਤਿਸ਼ ਅਤੇ ਗੁਰਮਤ

ਪੁਰਾਤਨ ਹਿੰਦੁਸਤਾਨ ਦੇ ਖੋਜੀਆਂ ਨੇ ਕੁਦਰਤ ਦੇ ਕਈ ਪਾਸਿਆਂ ਦੀ ਇਤਨੀ ਦੂਰ ਤਕ ਪੜਤਾਲ ਕੀਤੀ ਹੈ ਕਿ ਨਤੀਜੇ ਦੇਖ ਕੇ ਅਕਲ ਦੰਗ ਰਹਿ ਜਾਂਦੀ ਹੈ। ਕਹਿੰਦੇ ਹਨ ਕਿ ਰਾਗ ਵਿਦਿਆ (Music) ਹਿਸਾਬ ਵਿਦਿਆ (Mathematics) ਜੋਤਿਸ਼ ਵਿਦਿਆ (Astronomy) ਅਤੇ ਆਤਮਕ ਵਿਦਿਆ (Divine Science) ਨੂੰ ਤਾਂ ਜਨਮ ਹੀ ਹਿੰਦੁਸਤਾਨ ਤੋਂ ਮਿਲਿਆ ਹੈ।

ਇਸ ਲੇਖਕ ਵਿਚ ਅਸੀਂ ਵਿਚਾਰ ਦਾ ਦਾਇਰਾ ਜੋਤਿਸ਼ ਵਿਦਿਆ ਅਤੇ ਆਤਮਕ ਵਿਦਿਆ ਤਕ ਮਹਿਦੂਦ ਰਖਣਾ ਚਾਹੁੰਦੇ ਹਾਂ। ਜੋਤਿਸ਼ ਵਿਦਿਆ ਅਨੁਸਾਰ ਸਤਾਰਿਆਂ ਦੀ ਗਰਦਸ਼ ਦਾ ਸਾਰੀ ਧਰਤੀ ਉਤੇ ਬੜਾ ਭਾਰੀ ਅਸਰ ਪੈਂਦਾ ਹੈ। ਧਰਤੀ ਤੇ ਵਖੋ ਵਖਰੇ ਮੌਸਮ, ਹਰ ਇਕ ਮੌਸਮ ਦੇ ਵਖੋ ਵਖਰੇ ਫਲ, ਫੁਲ, ਅਨਾਜ ਪੈਦਾਵਾਰ ਸਭ ਉਤੇ ਸਤਾਰਿਆਂ ਦਾ ਅਸਰ ਹੈ। ਇਲਮ ਜੋਤਿਸ਼ ਦਾ ਦਾਅਵਾ ਏਥੇ ਹੀ ਖ਼ਤਮ ਨਹੀਂ, ਸਗੋਂ ਇਸ ਅਨੁਸਾਰ ਹਰ ਇਕ ਜੀਵ ਜੋ ਧਰਤੀ ਉਤੇ ਪੈਦਾ ਹੁੰਦਾ ਹੈ, ਉਸ ਦੀ ਨਸਲ ਪੈਦਾ ਹੋਣ ਦਾ ਦੇਸ਼, ਉਸ ਦਾ ਸੁਭਾਵ, ਉਸ ਦੀ ਕਿਸਮਤ ਆਦਿ ਉਸ ਦੇ ਜਨਮ ਸਮੇਂ ਸਤਾਰਿਆਂ ਦੇ ਮੇਲ ਅਨੁਸਾਰ ਨੀਯਤ ਹੁੰਦੇ ਹਨ। ਇਸ ਦਾਅਵੇ ਦੀ ਸਚਾਈ ਸੰਬੰਧੀ ਪੜ੍ਹੇ ਲਿਖੇ ਤਬਕੇ ਨੂੰ ਬੜੇ ਸ਼ੰਕੇ ਹੋ ਸਕਦੇ ਹਨ। ਇਸ ਦੇ ਦੋ ਕਾਰਨ ਹਨ। ਇਕ ਤਾਂ ਜੋਤਿਸ਼ ਵਿਦਿਆ ਬੜੀ ਪੁਰਾਣੀ ਹੋਣ ਕਰਕੇ ਇਸ ਨੂੰ ਸਚੇ ਅਰਥਾਂ ਵਿਚ ਸਮਝਣ ਵਾਲੇ ਕਾਮਲ ਨਹੀਂ ਰਹੇ। ਭਾਰਤਵਰਸ਼ ਦੀ ਸਦੀਆਂ ਦੀ ਰਾਜਨੀਤਕ ਗ਼ੁਲਾਮੀ ਨੇ ਦੇਸ਼ ਦੀ ਪੁਰਾਤਨ ਵਿਦਿਆ, ਹੁਨਰ ਅਤੇ ਸਭਿਅਤਾ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ। ਜੋਤਿਸ਼-ਵਿਦਿਆ ਸੰਬੰਧੀ ਵਧੇਰੇ ਬਦਨਾਮੀ ਦਾ ਕਾਰਨ ਆਮ, ਮਾਮੂਲੀ ਪੜ੍ਹੇ ਲਿਖੇ ਪੰਡਤ ਹਨ

ਜੋ ਇਲਮ ਜੋਤਿਸ਼ ਨੂੰ ਤਾਂ ਚੰਗੀ ਤਰ੍ਹਾਂ ਸਮਝਦੇ ਨਹੀਂ ਅਤੇ ਭੋਲੇ ਭਾਲੇ ਲੋਕਾਂ ਨੂੰ ਮਨਘੜਤ ਅਤੇ ਗਲਤ ਗਲਾਂ ਦਸ ਕੇ ਬੜਾ ਵਹਿਮੀ ਅਤੇ ਬੜਾ ਭਰਮੀ ਬਣਾ ਦਿੰਦੇ ਹਨ।

ਇਲਮ ਜੋਤਿਸ਼ ਦਾ ਕਮਾਲ ਦੇਖਣਾ ਹੋਵੇ ਤਾਂ ਇਸ ਵਿਦਿਆ ਦੇ ਮਸ਼ਹੂਰ ਉਸਤਾਦ ਭਿਰੱਗੂ ਰਿਸ਼ੀ ਜੀ ਦਾ ਰਚਿਤ ਗਰੰਥ ਦੇਖਣਾ ਚਾਹੀਦਾ ਹੈ। ਇਹ ਗਰੰਥ ਭਿਰੱਗੂ ਰਿਸ਼ੀ ਨੇ ਆਪਣੇ ਪੁੱਤਰ ਨੂੰ ਲਿਖਵਾਇਆ ਅਤੇ ਨਵਾਂ ਗਰਿਹ, ਦੇ ਆਪਸ ਵਿਚ ਦੇ ਹਰ ਸੰਭਵ ਮੇਲ (Permutation and Combination) ਅਨੁਸਾਰ ਲੱਖਾਂ ਕੁੰਡਲੀਆਂ ਬਣਾ ਦਿਤੀਆਂ। ਇਹ ਪੁਸਤਕ ਹਜ਼ਾਰਾਂ ਵਰ੍ਹੇ ਪਹਿਲੇ ਦੀ ਲਿਖੀ ਹੋਈ ਹੋਣ ਕਰਕੇ ਕਈ ਹਿਸਿਆਂ ਵਿਚ ਵੰਡੀ ਗਈ ਅਤੇ ਕਿਸੇ ਕਿਸੇ ਪੰਡਤ ਪਾਸ ਭਿਰੱਗੂ ਜੀ ਦੀ ਇਸ ਪੁਸਤਕ ਦੇ ਹਿਸੇ ਇਸ ਵੇਲੇ ਵੀ ਮੌਜੂਦ ਹਨ। ਜਿਸ ਕਿਸੇ ਦੀ ਕੁੰਡਲੀ ਜਾਂ ਜਨਮ ਦਾ ਸਮਾਂ, ਭਿਰੱਗੂ ਜੀ ਦੀ ਪੁਸਤਕ ਵਿਚ ਮਿਲ ਜਾਵੇ ਉਸ ਦੀ ਜ਼ਿੰਦਗੀ ਦੇ ਸਾਰੇ ਮੋਟੇ ਮੋਟੇ ਤੇ ਜ਼ਰੂਰੀ ਹਾਲਾਤ ਇਸ ਹਜ਼ਾਰਾਂ ਸਾਲ ਪਹਿਲੇ ਦੀ ਲਿਖੀ ਪੁਸਤਕ ਵਿਚੋਂ ਮਿਲ ਸਕਦੇ ਹਨ। ਇਸ ਪੁਸਤਕ ਦੀ ਮਸ਼ਹੂਰੀ ਮੈਂ ਅਗੇ ਵੀ ਸੁਣੀ ਹੋਈ ਸੀ, ਪਰ ਦਸੰਬਰ 1948 ਵਿਚ ਆਪਣੇ ਇਕ ਦੋ ਮਿਤਰਾਂ ਨਾਲ ਲਖਨਊ ਜਾ ਕੇ ਇਸ ਪੁਸਤਕ ਵਿਚੋਂ ਆਪਣੀ ਜ਼ਿੰਦਗੀ ਦੇ ਮੋਟੇ ਮੋਟੇ ਹਾਲਾਤ ਸੁਣ ਕੇ ਬੜਾ ਅਸਚਰਜ ਹੋਇਆ। ਹਜ਼ਾਰਾਂ ਸਾਲ ਪਹਿਲੇ ਲਿਖੀ ਗਈ ਪੁਸਤਕ ਵਿਚੋਂ ਆਪਣੀ ਜ਼ਿੰਦਗੀ ਦੇ ਹਾਲਾਤ, ਜਨਮ ਅਸਥਾਨ, ਮਾਤਾ ਪਿਤਾ ਦਾ ਨਾਮ ਤੇ ਜੀਵਨ ਦੀਆਂ ਕਈ ਜ਼ਰੂਰੀ ਘਟਨਾਵਾਂ ਦਾ ਹਾਲ ਪੜ੍ਹ ਕੇ ਕਿਸ ਨੂੰ ਅਸਚਰਜ ਨਹੀਂ ਹੋਵੇਗਾ। ਇਸ ਪੰਡਤ ਨੂੰ ਮੈਂ ਅਚਨਚੇਤ ਅਤੇ ਜ਼ਿੰਦਗੀ ਵਿਚ ਪਹਿਲੀ ਵਾਰੀ ਮਿਲਿਆ, ਇਸ ਕਰਕੇ ਉਸ ਨੇ ਜੋ ਕੁਝ ਭਿਰਗੂ ਜੀ ਦੀ ਲਿਖੀ ਪੁਸਤਕ ਵਿਚੋਂ ਦਸਿਆ ਉਸ ਵਿਚ ਕਿਸੇ ਕਿਸਮ ਦੀ ਬਨਾਵਟ ਜਾਂ ਧੋਖਾ ਨਹੀਂ ਸੀ ਹੋ ਸਕਦਾ।

ਇਥੇ ਸਵਾਲ ਪੈਦਾ ਹੋ ਸਕਦਾ ਹੈ ਕਿ ਕੀ ਗੁਰਸਿਖਾਂ ਨੂੰ ਜੋਤਿਸ਼ ਵਿਦਿਆ ਵਿਚ ਯਕੀਨ ਰਖਣਾ ਚਾਹੀਦਾ ਹੈ ? ਕੀ ਗੁਰਸਿਖਾਂ ਨੂੰ ਜੋਤਿਸ਼ ਵਿਦਿਆ ਤੋਂ ਫਾਇਦਾ ਉਠਾਉਣਾ ਚਾਹੀਦਾ ਹੈ ? ਕੀ ਜੋਤਿਸ਼ ਵਿਦਿਆ ਸਚੀ ਵਿਦਿਆ ਹੈ ?

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਕਈ ਐਸੇ ਸ਼ਬਦ ਆਉਂਦੇ ਹਨ ਜਿਹਨਾਂ

ਤੋਂ ਪਰਤੀਤ ਹੁੰਦਾ ਹੈ ਕਿ ਜੋਤਿਸ਼ ਇਕ ਵਿਦਿਆ ਤਾਂ ਹੈ ਪਰ ਜੋਤਿਸ਼ ਅਨੁਸਾਰ ਮਾੜੇ ਗਰਹਿ ਵੀ ਵਾਹਿਗੁਰੂ ਜੀ ਦਾ ਨਾਮ ਜਪ ਕੇ, ਵਾਹਿਗੁਰੂ ਜੀ ਦੀ ਟੇਕ ਲੈ ਕੇ ਟਲ ਸਕਦੇ ਹਨ।

ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ।

. . . .

ਚਤੁਰ ਦਿਸਾ ਕੀਨੋ ਬਲੁ ਅਪਨਾ
ਸਿਰ ਊਪਰਿ ਕਰੁ ਧਾਰਿਓ।

ਜੋਤਿਸ਼ ਵਿਦਿਆ ਦੇ ਮਾਹਿਰ ਕਿਉਂਕਿ ਬਹੁਤ ਘਟ ਹਨ ਇਸ ਕਰਕੇ ਇਸ ਵਿਚ ਯਕੀਨ ਰਖਣ ਵਾਲਿਆਂ ਨੂੰ ਬਹੁਤ ਵਾਰੀ ਭਰਮਾਂ, ਭੁਲੇਖਿਆਂ ਅਤੇ ਵਹਿਮਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਕਰਕੇ ਜਿਹੜੇ ਗੁਰਸਿਖ ਗੁਰਬਾਣੀ ਦੇ ਨੇਮੀ, ਸਿਦਕ, ਭਰੋਸੇ ਅਤੇ ਸਿਮਰਨ ਕਮਾਈ ਵਾਲੇ ਹੋਣ, ਉਹਨਾਂ ਨੂੰ ਜੋਤਸ਼ ਵਿਦਿਆ ਦੀ ਸਹਾਇਤਾ ਦੀ ਲੋੜ ਨਹੀਂ। ਉਹਨਾਂ ਦੇ ਮਾੜੇ ਗ੍ਰਹਿ ਖ਼ੁਦ-ਬਖ਼ੁਦ ਨਾਮ ਸਿਮਰਨ ਦੇ ਪਰਤਾਪ ਨਾਲ ਟਲਦੇ ਰਹਿਣਗੇ। ਐਪਰ ਜਿਹੜੇ ਮਿਤਰ ਆਪਣੀ ਕਮਜ਼ੋਰੀ ਕਰਕੇ ਜਾਂ ਹੋਰ ਕਿਸੇ ਕਾਰਨ ਜੋਤਸ਼ ਵਿਦਿਆ ਦੀ ਸਹਾਇਤਾ ਜ਼ਰੂਰ ਲੈਣਾ ਚਾਹੁਣ, ਉਹਨਾਂ ਨੂੰ ਗੁਰਮਤ ਇਹ ਮਸ਼ਵਰਾ ਦੇਂਦੀ ਹੈ ਕਿ ਗਰਹਿ ਵਾਹਿਗੁਰੂ ਦੇ ਬਣਾਏ ਹੋਏ ਹੋਣ ਕਰਕੇ ਮਾੜੇ ਗਰਿਹਾਂ ਨੂੰ ਟਾਲਣ ਦਾ ਸਭ ਤੋਂ ਵਡਾ ਅਤੇ ਪੱਕਾ ਸਾਧਨ ਪਰਭੂ ਭਗਤੀ, ਨਿਰਮਾਨ ਅਰਦਾਸਾਂ ਅਤੇ ਨਾਮ ਸਿਮਰਨ ਦਾ ਜੀਵਨ ਹੈ।

ਮੇਰੇ ਇਕ ਗੁਰਸਿਖ ਮਿਤਰ ਦੇ ਘਰ ਕੁਝ ਐਸੀਆਂ ਦੁਰਘਟਨਾਵਾਂ ਹੋ ਗਈਆਂ, ਜਿਸ ਕਰਕੇ ਉਹਨਾਂ ਦਾ ਮਨ ਬੜਾ ਪਰੇਸ਼ਾਨ ਸੀ। ਦੁਖ ਤਕਲੀਫ਼ ਵਿਚ ਆਮ ਤੌਰ ਉਤੇ ਇਨਸਾਨ ਘਬਰਾ ਜਾਂਦਾ ਹੈ। ਉਸ ਮਿਤਰ ਨੇ ਵੀ ਪੰਡਤਾਂ ਤੋਂ ਸਹਾਇਤਾ ਲੈਣੀ ਚਾਹੀ। ਪੰਡਤਾਂ ਨੇ ਹਵਨ ਅਤੇ ਪੂਜਾ ਵਾਸਤੇ ਉਸ ਪਾਸੋਂ ਕਈ ਹਜ਼ਾਰ ਰੁਪਿਆ ਲਿਆ ਅਤੇ ਆਖਿਆ ਕਿ ਉਸ ਦੀ ਸਾਰੀ ਮੁਸੀਬਤ ਦੂਰ ਹੋ ਜਾਵੇਗੀ। ਇਹ ਸਭ ਕੁਝ ਕਰਨ ਮਗਰੋਂ ਵੀ (ਜਿਥੋਂ ਤਕ ਮੈਨੂੰ ਪਤਾ ਹੈ) ਉਸ ਮਿਤਰ ਦੀ ਮੁਸੀਬਤ ਦੂਰ ਨਾ ਹੋਈ। ਐਸੇ ਸ਼ਖਸਾਂ ਵਾਸਤੇ ਗੁਰਮਤ ਦੀ ਏਹੀ ਪਰੇਰਨਾ ਹੈ ਕਿ ਜਦ ਤੁਸੀਂ ਸਮਝੋ ਕਿ ਮਾੜੇ ਗਰਿਹਾਂ ਦਾ ਸਮਾਂ ਹੈ, ਜਾਂ ਬੁਰੇ ਦਿਨ ਆਉਣ ਵਾਲੇ ਹਨ, ਤਾਂ ਗੁਰਬਾਣੀ ਦੇ ਪਾਠ, ਗੁਰਬਾਣੀ ਦੀ ਵਿਚਾਰ, ਸਤਿਸੰਗ, ਕੀਰਤਨ ਨਾਲ ਕਮਾਈ ਅਗੇ

ਨਾਲੋਂ ਵਧੇਰੇ ਉਤਸ਼ਾਹ, ਪਰੇਮ ਅਤੇ ਸਿਦਕ ਨਾਲ ਅਰੰਭ ਦੇਵੋ। ਜੇਕਰ ਹੋ ਸਕੇ ਤਾਂ ਆਪਣੇ ਨਾਲੋਂ ਵਧੇਰੇ ਗੁਰਬਾਣੀ ਦੀ ਸੂਝ ਅਤੇ ਨਾਮ ਸਿਮਰਨ ਕਮਾਈ ਵ਼ਾਲੇ ਕਿਸੇ ਗੁਰਸਿਖ ਦੀ ਸੰਗਤ ਕਰੋ। ਐਸਾ ਕਰਨ ਨਾਲ ਤੁਸੀਂ ਇਹ ਦੇਖ ਕੇ ਹੈਰਾਨ ਹੋ ਜਾਵੋਗੇ ਕਿ ਜੋਤਸ਼ ਅਨੁਸਾਰ ਆਉਣ ਵਾਲਾ ਬੁਰਾ ਸਮਾਂ ਅਵਲ ਤਾਂ ਆਉਂਦਾ ਹੀ ਨਹੀਂ ਅਤੇ ਜੇ ਆਇਆ ਵੀ ਤਾਂ ਤੁਹਾਡਾ ਕੁਝ ਵਿਗਾੜ ਨਹੀਂ ਸਕਿਆ।

ਜੋਤਿਸ਼ ਦੇ ਮਾਹਿਰ ਵੀ ਇਹ ਆਖਦੇ ਹਨ ਕਿ ਬੁਰੇ ਗਰਹਿ ਪਰਮਾਤਮਾ ਦੀ ਭਗਤੀ ਕਰਕੇ ਟਲ ਸਕਦੇ ਸਨ। ਇਸੇ ਲਈ ਹਰ ਇਕ ਮਾੜੇ ਗਰਹਿ ਦਾ ਉਪਾਉ ਵੀ ਜੋਤਿਸ਼ ਸ਼ਾਸ਼ਤਰਾਂ ਵਿਚ ਦਰਜ ਹੈ। ਮਾੜੇ ਗਰਹਿ ਨੂੰ ਟਾਲਣ ਵਾਸਤੇ ਜਾਂ ਆਉਣ ਵਾਲੇ ਮਾੜੇ ਸਮੇਂ ਦੇ ਭਿਆਨਕ ਅਸਰ ਤੋਂ ਬਚਣ ਵਾਸਤੇ, ਗੁਰਮਤ ਅਨੁਸਾਰ ਸਭ ਤੋਂ ਵਡਾ ਉਪਾਉ ਅਤੇ ਸਾਧਨ ਵਾਹਿਗੁਰੂ ਜੀ ਦੀ ਭਗਤੀ, ਵਾਹਿਗੁਰੂ ਜੀ ਅਗੇ ਨਿਰਮਾਨ ਅਰਦਾਸਾਂ, ਵਾਹਿਗੁਰੂ ਜੀ ਦਾ ਜਪ, ਗੁਰਬਾਣੀ ਦਾ ਕੀਰਤਨ ਅਤੇ ਗੁਰਮੁਖਾਂ ਦਾ ਸਤਸੰਗ ਹੈ।

ਆਸਾ ਮਹਲਾ ੫

ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ।
ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ।
ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ।
ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ।
ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨਾ ਆਵੈ।
ਤਿਸੁ ਜਮੁ ਨੇੜਿ ਨੰ ਆਵਈ ਜੋ ਹਰਿ ਪ੍ਰਭਿ ਭਾਵੈ।
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ।
ਹਰਿ ਹਰਿ ਰਸਨਾ ਜੋ ਜਪੈ ਜਿਸੁ ਪੂਰਨ ਕਾਮੁ।
ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ।
ਨਾਨਕ ਰਾਖੈ ਪਾਰਬ੍ਰਹਮਿ ਫਿਰਿ ਦੂਖੁ ਨਾ ਥੀਆ।

ਆਰਾਮ

(REST)

ਅਸਲ ਆਰਾਮ ਕੀ ਹੈ ? ਇਹ ਵਿਹਲਿਆਂ ਬੈਠਣ ਨੂੰ ਨਹੀਂ ਕਹਿੰਦੇ, ਵਿਹਲਿਆਂ ਬੈਠਿਆਂ ਦਿਲ ਉਕਤਾ ਜਾਂਦਾ ਹੈ ਅਤੇ ਮਨ ਆਪਣੇ ਆਪ ਨੂੰ ਬੁਧੂ ਜਾਂ ਬੇਵਕੂਫ਼ ਮਹਿਸੂਸ ਕਰਨ ਲਗ ਜਾਂਦਾ ਹੈ। ਵਿਹਲਿਆਂ ਬੈਠਿਆਂ ਮਨ ਚੈਨ ਲੈਣ ਦੀ ਥਾਂ ਸਗੋਂ ਘਬਰਾਉਣ ਲਗ ਜਾਂਦਾ ਹੈ। ਅਸਲ ਆਰਾਮ ਉਹ ਹੈ ਜਿਸ ਨਾਲ ਦਿਲ ਖਿੜ ਜਾਵੇ ਅਤੇ ਮਨ ਨਵਾਂ ਨਰੋਆ ਹੋ ਜਾਵੇ।

ਜਿਹੜੇ ਮਿਤਰਾਂ ਦਾ ਇਹ ਖ਼ਿਆਲ ਹੈ ਕਿ ਸਰੀਰ ਆਰਾਮ ਕਰਦਾ ਹੈ, ਉਹ ਭੁਲੇਖੇ ਵਿਚ ਹਨ। ਸਰੀਰ ਆਪਣੇ ਆਪ ਵਿਚ ਜੜ ਵਸਤੂ ਹੈ, ਜਿਸ ਵਿਚ ਮਹਿਸੂਸ ਕਰਨ ਦੀ ਸ਼ਕਤੀ ਹੀ ਨਹੀਂ। ਸਰੀਰ ਨਾ ਕਦੀ ਥਕਦਾ ਹੈ ਅਤੇ ਨਾ ਕਦੀ ਆਰਾਮ ਕਰਦਾ ਹੈ। ਸਰੀਰ ਕੇਵਲ ਸਾਡੇ ਮਨ ਦਾ ਪਰਛਾਵਾਂ ਹੈ। ਪਰਛਾਵੇਂ ਦਾ ਕੰਮ ਹੁਕਮ ਮੰਨਣਾ ਜਾਂ ਨਕਲ ਕਰਨਾ ਹੁੰਦਾ ਹੈ। ਆਪਣੇ ਪਰਛਾਵੇਂ ਨੂੰ ਕਦੀ ਸ਼ੀਸ਼ੇ ਵਿਚ ਦੇਖੋ। ਜੇ ਤੁਸੀਂ ਹਸੋਗੇ ਤਾਂ ਪਰਛਾਵਾਂ ਵੀ ਹਸੇਗਾ, ਜੇ ਤੁਸੀਂ ਰੋਵੋਗੇ ਤਾਂ ਪਰਛਾਵਾਂ ਵੀ ਰੋਵੇਗਾ। ਜੇ ਤੁਸੀਂ ਬਾਂਹ ਉਚੀ ਕਰੋ ਤਾਂ ਸ਼ੀਸ਼ੇ ਵਿਚ ਤੁਹਾਡਾ ਪਰਛਾਵਾਂ ਵੀ ਆਪਣੀ ਬਾਂਹ ਉਚੀ ਕਰ ਦੇਵੇਗਾ। ਜੇ ਤੁਸੀਂ ਨੱਚਨ ਲਗ ਪਵੋ ਤਾਂ ਤੁਹਾਡਾ ਪਰਛਾਵਾਂ ਵੀ ਨੱਚਨ ਲਗ ਪਏਗਾ। ਸਰੀਰ ਮਨ ਦਾ ਪਰਛਾਵਾਂ ਹੈ। ਜੇ ਮਨ ਖ਼ੁਸ਼ ਤਾਂ ਸਰੀਰ ਖ਼ੁਸ਼, ਜੇ ਮਨ ਸੁਸਤ ਤਾਂ ਸਰੀਰ ਸੁਸਤ, ਜੇ ਮਨ ਅਰੋਗ ਤਾਂ ਸਰੀਰ ਵੀ ਅਰੋਗ, ਜੇ ਮਨ ਬੀਮਾਰ ਤਾਂ ਤਨ ਵੀ ਬੀਮਾਰ।

ਆਰਾਮ ਦੀ ਲੋੜ ਸਾਡੇ ਮਨ ਨੂੰ ਹੁੰਦੀ ਹੈ, ਸਾਡੇ ਸਰੀਰ ਨੂੰ ਨਹੀਂ ਹੁੰਦੀ। ਜਦ ਸਾਡੇ ਮਨ ਨੂੰ ਪਰੇਸ਼ਾਨੀ, ਚਿੰਤਾ, ਫਿਕਰ ਹੋਵੇ ਪਲੰਘ ਉਤੇ ਸਰੀਰ ਨੂੰ ਲਿਟਾਇਆਂ ਵੀ ਚੈਨ ਨਹੀਂ ਆਉਂਦਾ, ਨੀਂਦਰ ਨਹੀਂ ਆਉਂਦੀ। ਮਨ ਵਿਚੋਂ

ਚਿੰਤਾ ਫਿਕਰ ਪਰੇਸ਼ਾਨੀ ਦੂਰ ਹੋ ਜਾਵੇ ਤਾਂ ਸਰੀਰ ਖੁਦ ਬਖੁਦ ਢਿਲਾ ਤੇ ਨਿਸੱਲਾ ਹੋ ਜਾਂਦਾ ਹੈ।

ਅੱਜ ਕਲ੍ਹ ਦੇ ਜੀਵਨ ਵਿਚ ਮਨ ਨੂੰ ਪਰੇਸ਼ਾਨ ਕਰਨ ਅਤੇ ਚਿੰਤਾਵਾਨ ਬਨਾਉਣ ਵਾਲੇ ਇਤਨੇ ਕਾਰਨ ਮੌਜੂਦ ਹਨ ਕਿ ਮਨ ਦਾ ਅਸਲ ਅਰਥਾਂ ਵਿਚ ਆਰਾਮ ਕਰਨਾ ਅਸੰਭਵ ਹੈ। ਜਿਸ ਇਨਸਾਨ ਵਲ ਦੇਖੋ ਕਿਸੇ ਨਾ ਕਿਸੇ ਚਿੰਤਾ ਫਿਕਰ ਵਿਚ ਗਲਤਾਨ ਨਜ਼ਰ ਆਵੇਗਾ। ਚਿੰਤਾ ਫਿਕਰ ਮਨ ਦੀ ਐਸੀ ਬੀਮਾਰੀ ਹੈ ਜੋ ਇਸ ਨੂੰ ਕਦੀ ਆਰਾਮ ਲੈਣ ਨਹੀਂ ਦਿੰਦੀ, ਇਹ ਬੀਮਾਰੀ ਇਤਨੀ ਵਧ ਗਈ ਹੈ ਕਿ ਅੱਜ ਕਲ੍ਹ ਦੇ ਜੀਵਨ ਵਿਚ ਬਹੁਤ ਇਨਸਾਨਾਂ ਨੂੰ ਪਤਾ ਹੀ ਨਹੀਂ ਕਿ ਅਸਲ ਆਰਾਮ ਕੀ ਚੀਜ਼ ਹੈ। ਆਮ ਇਨਸਾਨ ਚਿੰਤਾ ਫਿਕਰ, ਜੀਵਨ ਦਾ ਇਕ ਜ਼ਰੂਰੀ ਹਿਸਾ ਸਮਝਦੇ ਹਨ। ਉਹਨਾਂ ਦੇ ਖਿਆਲ ਅਨੁਸਾਰ ਇਨਸਾਨੀ ਜੀਵਨ ਵਿਚ ਅਸਲ ਆਰਾਮ ਜਾਂ ਚੈਨ ਨੂੰ ਪਰਾਪਤ ਕਰ ਸਕਣਾ, ਅਸੰਭਵ ਹੈ। ਵਰਤਮਾਨ ਸਮੇਂ ਤੋਂ ਛੁਟ ਪਿਛਲੇ ਜ਼ਮਾਨੇ ਵਿਚ ਵੀ ਇਸ ਖਿਆਲ ਦੇ ਆਦਮੀ ਹੁੰਦੇ ਰਹੇ ਹਨ। ਮੁਸਲਮਾਨਾਂ ਦਾ ਸਭ ਤੋਂ ਉਘਾ ਕਵੀ ਹਜ਼ਰਤ .ਗਾਲਬ ਲਿਖਦਾ ਹੈ ਕਿ ਜੀਵਨ ਅਤੇ ਦੁਖ ਤਕਲੀਫਾਂ ਇਕੋ ਚੀਜ਼ ਦੇ ਦੋ ਨਾਮ ਹਨ। ਜ਼ਿੰਦਗੀ ਦਾ ਦਾਇਰਾ ਅਤੇ .ਗਮਾਂ ਦਾ ਦਾਇਰਾ ਅਸਲ ਵਿਚ ਇਕੋ ਹਨ, ਇਸ ਕਰਕੇ ਜੀਉਂਦੇ ਜੀਅ ਆਦਮੀ .ਗਮ ਤੋਂ ਕਿਸ ਤਰ੍ਹਾਂ ਛੁਟਕਾਰਾ ਪਾ ਸਕਦਾ ਹੈ ?

ਬੰਦੇ .ਗਮ ਵਾ-ਬੰਦੇ ਹਯਾਤ ਅਸਲ ਮੇਂ ਦੋਨੋਂ ਏਕ ਹੈਂ।
ਜੀਤੇ ਜੀ ਫਿਰ ਆਦਮੀ, .ਗਮ ਸੇ ਨਜਾਤ ਪਾਏ ਕਿਉਂ।

ਐਸੀ ਦੁਨੀਆਂ ਵਿਚ ਜਿਥੇ ਚਿੰਤਾ ਫਿਕਰ, .ਗਮ ਨੂੰ ਜੀਵਨ ਦਾ ਪੱਕਾ ਸਾਥੀ ਮੰਨ ਲੀਤਾ ਗਿਆ ਹੋਵੇ ਅਤੇ ਐਸੇ ਜੀਵਨ ਵਿਚ, ਜਿਸ ਵਿਚ .ਗਮ, ਫਿਕਰ, ਚਿੰਤਾ ਤੋਂ ਆਜ਼ਾਦ ਹੋ ਸਕਣਾ ਅਸੰਭਵ ਸਮਝਿਆ ਗਿਆ ਹੋਵੇ, ਮਨੁੱਖ ਲਈ ਮਨ ਨੂੰ ਅਸਲ ਆਰਾਮ ਕਿਤੇ ਵੀ ਅਤੇ ਕਦੀ ਵੀ ਨਜ਼ਰ ਨਾ ਆਵੇ ਤਾਂ ਕੀ ਹੈਰਾਨੀ ਹੈ ? ਕਈਆਂ ਦੇ ਖ਼ਿਆਲ ਵਿਚ ਮੌਤ ਮਗਰੋਂ ਆਰਾਮ ਜਾਂ ਚੈਨ ਮਿਲੇਗਾ, ਪਰ ਇਹ ਵੀ ਬੜਾ ਭਾਰਾ ਭੁਲੇਖਾ ਹੈ। ਜਿਸ ਦੇ ਮਨ ਨੂੰ ਸਰੀਰਕ ਜੀਵਨ ਵਿਚ ਅਸਲ ਆਰਾਮ ਦਾ ਪਤਾ ਨਹੀਂ ਲਗ ਸਕਿਆ, ਉਸ ਨੂੰ ਮਰਨ ਤੋਂ ਬਾਅਦ ਆਰਾਮ ਦਾ ਮਿਲਣਾ ਅੰਸ਼ਭਵ ਹੈ। ਮਰਨ ਤੋਂ ਬਾਅਦ ਤਾਂ ਇਨਸਾਨ ਨੂੰ ਉਹੋ ਕੁਝ ਮਿਲ ਸਕਦਾ ਹੈ ਜਿਸ ਦਾ ਬੀਜ

ਉਸ ਨੇ ਜੀਵਨ ਵੇਲੇ ਬੀਜਿਆ ਹੈ। ਮਰਨ ਤੋਂ ਬਾਅਦ ਸਰੀਰ ਭਾਵੇਂ ਨਹੀਂ ਰਹਿੰਦਾ ਪਰ ਮਨ ਜਿਉਂ ਦਾ ਤਿਉਂ ਨਾਲ ਰਹਿੰਦਾ ਹੈ। ਜਿਸ ਮਨ ਨੂੰ ਜੀਵਨ ਵਿਚ ਆਰਾਮ ਦਾ ਪਤਾ ਨਹੀਂ ਲਗਾ, ਉਸ ਨੂੰ ਮਰਨ ਤੋਂ ਬਾਅਦ ਵੀ 'ਆਰਾਮ' ਨਸੀਬ ਨਹੀਂ ਹੋ ਸਕੇਗਾ। ਇਸ ਲਈ ਜੀਉਂਦੇ ਜੀ ਅਸਲ ਆਰਾਮ, ਅਸਲ ਚੈਨ ਦੀ ਖੋਜ ਕਰਨੀ ਇਨਸਾਨ ਵਾਸਤੇ ਇਸ ਦੁਨੀਆਂ ਨੂੰ ਛਡਣ ਮਗਰੋਂ, ਆਪਣੇ ਆਪ ਨੂੰ ਸੁਖੀ ਬਨਾਣ ਦਾ ਇਕੋ ਇਕ ਸਾਧਨ ਹੈ।

ਅਸਲ ਆਰਾਮ ਨੂੰ ਫਿਰ ਕਿਸ ਤਰ੍ਹਾਂ ਲਭਿਆ ਜਾਵੇ ਅਤੇ ਕਿਥੋਂ ਲਭਿਆ ਜਾਵੇ ? ਅਸਲ ਆਰਾਮ ਕੋਈ ਵਾਸਤਵ ਵਿਚ ਚੀਜ਼ ਹੈ ਵੀ ਕਿ ਨਹੀਂ ?

ਇਹਨਾਂ ਸਵਾਲਾਂ ਦਾ ਜਵਾਬ ਸ੍ਰੀ ਗੁਰੂ ਗਰੰਥ ਸਾਹਿਬ ਤੋਂ ਮਿਲਦਾ ਹੈ। ਅਸਲ 'ਆਰਾਮ' ਅਸਲ 'ਚੈਨ' ਜਿਸ ਨਾਲ ਮਨ ਸਦਾ ਖਿੜਿਆ ਰਹੇ ਅਤੇ ਸਦਾ ਨਵਾਂ ਨਰੋਆ ਅਤੇ ਸ਼ਕਤੀਵਾਨ ਬਣਿਆ ਰਹੇ, ਗੁਰਮਤ ਨੂੰ ਚੰਗੀ ਤਰ੍ਹਾਂ ਸਮਝਣ ਨਾਲ ਮਿਲਦਾ ਹੈ। ਗੁਰਮਤ ਨੂੰ ਸਮਝਣ ਵਾਲਾ ਅਤੇ ਉਸ ਸਮਝ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਇਨਸਾਨ ਸਦਾ ਲਈ ਸੁਖੀ ਹੋ ਜਾਂਦਾ ਹੈ। ਉਸ ਦਾ ਮਨ ਹਰ ਵਕਤ ਉਹ ਆਰਾਮ ਭੋਗਦਾ ਹੈ ਜਿਸ ਦਾ ਸਹੀ ਬਿਆਨ ਅਖਰਾਂ ਵਿਚ ਕੀਤਾ ਨਹੀਂ ਜਾ ਸਕਦਾ। ਗੁਰਮਤ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਸੁਭਾਗੀ ਇਨਸਾਨ ਨੂੰ ਸੁਫਨੇ ਵਿਚ ਵੀ ਚਿੰਤਾ, ਫਿਕਰ, ਡਰ, ਪਰੇਸ਼ਾਨੀ ਸਤਾ ਨਹੀਂ ਸਕਦੇ।

ਗੁਰਮਤ ਕੀ ਹੈ ? ਗੁਰਮਤ ਗੁਰੂ ਨਾਨਕ ਸਾਹਿਬ ਅਤੇ ਹੋਰ ਗੁਰੂ ਸਾਹਿਬਾਨ ਦਾ ਦਸਿਆ ਆਤਮਕ ਇਲਮ ਹੈ, ਆਤਮਕ ਸਾਇੰਸ ਹੈ, ਇਸ ਨੂੰ ਹਰ ਇਨਸਾਨ ਸਮਝ ਸਕਦਾ ਹੈ ਅਤੇ ਸਮਝ ਕੇ ਉਸ ਸਮਝ ਅਨੁਸਾਰ ਜੀਵਨ ਬਤੀਤ ਕਰਕੇ ਏਸੇ ਦੁਨੀਆਂ ਵਿਚ ਸਦਾ ਲਈ ਸੁਖੀ ਹੋ ਸਕਦਾ ਹੈ।

ਗੁਰਮਤ ਅਨੁਸਾਰ ਅਸਲ ਆਰਾਮ ਅਤੇ ਚੈਨ ਮਨ ਦੇ ਆਪਣੇ ਅੰਦਰ ਹੈ, ਮਨ ਤੋਂ ਬਾਹਰ ਨਹੀਂ। ਮਨ ਜਦ ਤਕ ਅਸਲ ਆਰਾਮ ਬਾਹਰ ਦੇ ਜਗਤ ਅਤੇ ਜਗਤ ਦੇ ਪਦਾਰਥਾਂ ਵਿਚ ਭਾਲਦਾ ਰਹੇਗਾ, ਉਹ ਸਦਾ ਨਿਰਾਸ਼ ਹੁੰਦਾ ਰਹੇਗਾ।

ਅਸਲ ਆਰਾਮ ਜਾਂ ਸਚਾ ਚੈਨ, ਮਨ ਦੀ ਆਪਣੀ ਇਕ ਉਸ ਹਾਲਤ ਤੋਂ ਉਪਜਦਾ ਹੈ। ਜਦ ਮਨ ਬਾਹਰ ਦੇ ਜਗਤ ਦੇ ਪਾਦਰਥਾਂ ਜਾਂ ਸਰੀਰਕ ਸੁਖਾਂ ਵਿਚੋਂ ਸੁਖ, ਚੈਨ ਭਾਲਨੋਂ ਹਟ ਕੇ ਆਪਣੇ ਆਪ ਵਿਚੋਂ ਉਹ ਸੁਖ, ਚੈਨ ਜਾਂ ਆਰਾਮ ਨਿਕਲਦਾ ਮਹਿਸੂਸ ਕਰੇਗਾ, ਜੋ ਇਸ ਨੂੰ ਸਰੀਰਕ ਸੁਖਾਂ

ਜਾਂ ਜਗਤ ਦੇ ਪਦਾਰਥਾਂ ਵਿਚੋਂ ਕਦੀ ਨਹੀਂ ਸੀ ਮਿਲਿਆ।

ਮਨ ਦੇ ਖਲੋ ਜਾਣ ਦਾ ਕੀ ਅਰਥ ਹੈ ਜਦੋਂ ਮਨ ਵਿਚੋਂ ਹਰ ਪ੍ਰਕਾਰ ਦੇ ਫੁਰਨੇ ਹਰ ਪ੍ਰਕਾਰ ਦੀਆਂ ਤ੍ਰੰਗਾਂ (thought waves) ਉਠਣੀਆਂ ਬੰਦ ਹੋ ਜਾਣ, ਉਸ ਨੂੰ ਮਨ ਦਾ ਖਲੋਣਾ ਆਖਦੇ ਹਨ। ਖਲੋਤਾ ਮਨ ਅੰਤਰ ਮੁਖੀ ਹੋ ਜਾਂਦਾ ਹੈ ਅਤੇ ਆਪਣੇ ਅੰਦਰ ਵਰਤ ਰਹੀ ਘਟਨਾ ਦੇਖਣ ਯੋਗ ਹੋ ਜਾਂਦਾ ਹੈ। ਖਲੋਤਾ ਹੋਇਆ ਮਨ ਆਪਣੇ ਅੰਦਰ ਬਿਰਾਜਨ ਵਾਲੀ ਮਹਾਂ ਸ਼ਕਤੀ (ਬ੍ਰਹਮ) ਨੂੰ ਛੂਹੰਦਾ ਹੈ ਅਤੇ ਇਸ ਛੋਹ ਵਿਚੋਂ ਇਸ ਨੂੰ ਮਹਾਂ ਅਨੰਦ ਆਉਂਦਾ ਹੈ। ਇਸ ਮਹਾਂ ਅਨੰਦ ਵਿਚ ਉਹ ਆਰਾਮ ਹੁੰਦਾ ਹੈ, ਉਹ ਚੈਨ ਤੇ ਤਸੱਲੀ ਹੁੰਦੀ ਹੈ, ਜਿਸ ਦਾ ਪਰਛਾਵਾਂ ਵੀ ਜਗਤ ਦੇ ਸਰਬ ਪਦਾਰਥਾਂ ਵਿਚੋਂ ਨਹੀਂ ਮਿਲਦਾ। ਇਸ ਅਨੰਦ, ਸੁਖ ਤੇ ਆਰਾਮ ਨੂੰ ਮਾਨਣ ਵਾਲਾ ਸਦਾ ਖਿੜਿਆ ਅਤੇ ਨਵਾਂ ਨਰੋਆ ਰਹਿੰਦਾ ਹੈ। ਇਹ ਅਸਲ ਆਰਾਮ ਹੈ, ਇਹ ਅਸਲ ਚੈਨ ਹੈ।

ਸਭ ਕਿਛੁ ਘਰ ਮਹਿ ਬਾਹਰਿ ਨਾਹੀ।
ਬਾਹਰਿ ਟੋਲੈ ਸੋ ਭਰਮਿ ਭੁਲਾਹੀ।
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ।
ਝਿਮਿ ਝਿਮਿ ਵਰਸੈ ਅੰਮ੍ਰਿਤਧਾਰਾ।
ਮਨ ਪੀਵੈ ਸੁਨਿ ਸਬਦੁ ਬੀਚਾਰਾ।
ਅਨਦ ਬਿਨੋਦ ਕਰੇ ਦਿਨ ਰਾਤੀ
ਸਦਾ ਸਦਾ ਹਰਿ ਕੇਲਾ ਜੀਉ। (ਮਾਝ ਮਹਲਾ ੫)

— — —

ਚਲਤੌ ਠਾਕਿ ਰਖਹੁ ਘਰਿ ਅਪਨੈ
ਗੁਰ ਮਿਲਿਐ ਇਹ ਮਤਿ ਹੋਈ ਜੀਉ।
ਦੇਖਿ ਅਦ੍ਰਿਸਟੁ ਰਹਉ ਬਿਸਮਾਦੀ
ਦੁਖੁ ਬਿਸਰੈ ਸੁਖੁ ਹੋਈ ਜੀਉ।
ਪੀਵਹੁ ਅਪਿਉ ਪਰਮ ਸੁਖੁ ਪਾਈਐ
ਨਿਜ ਘਰਿ ਵਾਸਾ ਹੋਈ ਜੀਉ। (ਸੋਰਠ ਮਹਲਾ ੧)

❑ ❑ ❑

ਦੇਖ !

ਦੇਖ ! ਇਸ ਜਗਤ ਦੇ ਵਿਚ ਸਭ ਕੁਝ ਹੈ। ਕੋਈ ਐਸੀ ਚੀਜ਼ ਨਹੀਂ ਜੋ ਇਸ ਜਗਤ ਵਿਚ ਨਾ ਹੋਵੇ। ਇਹ ਸਭ ਕੁਝ ਤੇਰੇ ਲਈ ਹੈ। ਤੇਰਾ ਦਿਲ ਜਿਸ ਚੀਜ਼ ਨੂੰ ਇਸ ਜਗਤ ਵਿਚ ਸਚੇ ਦਿਲ ਨਾਲ ਚਾਹੇਗਾ, ਤੈਨੂੰ ਉਸ ਚੀਜ਼ ਦਾ ਮਿਲਣਾ ਜ਼ਰੂਰੀ ਹੈ। ਸਚੇ ਦਿਲ ਨਾਲ ਚਾਹਨ ਦਾ ਮਤਲਬ ਇਹ ਹੈ ਕਿ ਤੇਰੀ ਚਾਹਨਾ ਮਜ਼ਬੂਤ ਲਗਾਤਾਰ ਅਤੇ ਨਿਰਵਿਘਨ ਹੋਵੇ ਅਤੇ ਤੂੰ ਉਸ ਚੀਜ਼ ਨੂੰ ਜਿਸ ਨੂੰ ਕਿ ਚਾਹੁੰਦਾ ਹੈਂ, ਕਬੂਲ ਕਰਨ ਵਾਸਤੇ ਪੂਰਾ ਤਿਆਰ ਹੋਵੇਂ ਅਤੇ ਉਸ ਚੀਜ਼ ਦੇ ਮਿਲ ਜਾਣ ਉਤੇ ਉਸ ਨੂੰ ਸੰਭਾਲਣ ਵਾਸਤੇ ਤਿਆਰ ਹੋਵੇਂ।

ਦੇਖ ! ਇਸ ਜਗਤ ਵਿਚ ਚੰਗੀਆਂ ਅਤੇ ਮਾੜੀਆਂ ਬੇਅੰਤ ਚੀਜ਼ਾਂ ਹਨ। ਚੰਗੀਆਂ ਚੀਜ਼ਾਂ ਦੇ ਮੰਗਣ ਵਾਲਿਆਂ ਨੂੰ ਚੰਗੀਆਂ ਚੀਜ਼ਾਂ ਅਤੇ ਮਾੜੀਆਂ ਚੀਜ਼ਾਂ ਮੰਗਣ ਵਾਲਿਆਂ ਨੂੰ ਮਾੜੀਆਂ ਚੀਜ਼ਾਂ ਮਿਲਦੀਆਂ ਰਹਿੰਦੀਆਂ ਹਨ। ਤੈਨੂੰ ਵੀ, ਜੇਕਰ ਤੂੰ ਚੰਗੀਆਂ ਚੀਜ਼ਾਂ ਮੰਗੇਗਾ ਤਾਂ ਚੰਗੀਆਂ ਚੀਜ਼ਾਂ ਮਿਲਣਗੀਆਂ ਅਤੇ ਜੇਕਰ ਤੂੰ ਮਾੜੀਆਂ ਚੀਜ਼ਾਂ ਮੰਗੇਂਗਾ ਤਾਂ ਮਾੜੀਆਂ ਮਿਲਣਗੀਆਂ। ਚੰਗੀਆਂ ਚੀਜ਼ਾਂ ਦੇ ਚਾਹਵਾਨ ਨੂੰ ਕਦੀ ਮਾੜੀਆਂ ਚੀਜ਼ਾਂ ਨਹੀਂ ਮਿਲ ਸਕਦੀਆਂ ਅਤੇ ਮਾੜੀਆਂ ਚੀਜ਼ਾਂ ਦੇ ਚਾਹੁਣ ਵਾਲੇ ਨੂੰ ਕਦੀ ਚੰਗੀਆਂ ਚੀਜ਼ਾਂ ਨਹੀਂ ਮਿਲਣਗੀਆਂ।

ਦੇਖ ! ਤੇਰੇ ਪਾਸ ਜੋ ਵੀ ਹੈ ਤੇਰੀ ਚਾਹਨਾ ਦੇ ਨਤੀਜੇ ਕਰਕੇ ਹੈ। ਤੂੰ ਜੋ ਕੁਝ ਕਿਸੇ ਵੇਲੇ ਚਾਹਿਆ, ਜੋ ਕੁਝ ਕਿਸੇ ਵੇਲੇ ਮੰਗਿਆ, ਤੈਨੂੰ ਉਹੋ ਕੁਝ ਮਿਲਿਆ ਹੈ। ਜੇਕਰ ਤੂੰ ਦੁਖੀ ਹੈਂ ਤਾਂ ਇਨ੍ਹਾਂ ਦੁਖਾਂ ਦਾ ਕਾਰਨ ਤੂੰ ਆਪ ਹੈਂ ਅਤੇ ਜੇਕਰ ਤੂੰ ਸੁਖੀ ਹੈਂ ਤਾਂ ਇਨ੍ਹਾਂ ਸੁਖਾਂ ਦਾ ਕਾਰਣ ਵੀ ਤੂੰ ਆਪ ਹੈਂ। ਸੁਖ ਦੁਖ ਸਾਡੇ ਕਰਮਾਂ ਤੋਂ ਉਪਜਦੇ ਹਨ ਅਤੇ ਕਰਮ ਸਾਡੀ

ਚਾਹਨਾ, ਸਾਡੇ ਨਿਸਚਿਆਂ ਤੋਂ ਉਤਪੰਨ ਹੁੰਦੇ ਹਨ। .ਗਲਤ ਨਿਸਚੇ ਜਾਂ .ਗਲਤ ਚਾਹਨਾ ਦਾ ਨਤੀਜਾ, ਸਦਾ ਦੁਖ, ਦਰਦ, ਚਿੰਤਾ, ਫਿਕਰ, ਪਰੇਸ਼ਾਨੀ, ਬੀਮਾਰੀ ਦੀ ਸ਼ਕਲ ਵਿਚ ਜ਼ਾਹਿਰ ਹੋਵੇਗਾ ਅਤੇ ਸਹੀ ਚਾਹਨਾਂ ਜਾਂ ਸ਼ੁਭ ਨਿਸਚਿਆਂ ਦਾ ਨਤੀਜਾ ਸਦਾ ਸੁਖ ਅਰੋਗਤਾ, ਸ਼ਾਂਤੀ, ਖੁਸ਼ੀ, ਬੇ-ਫਿਕਰੀ, ਬੇ-ਮੁਥਾਜੀ, ਦੀ ਸ਼ਕਲ ਵਿਚ ਤੇਰੇ ਸਾਹਮਣੇ ਆਵੇਗਾ। ਜਿਵੇਂ ਕਿੱਕਰ ਬੀਜ ਕੇ ਅੰਗੂਰਾਂ ਦੀ ਆਸ ਨਹੀਂ ਕੀਤੀ ਜਾ ਸਕਦੀ, ਇਸੇ ਤਰ੍ਹਾਂ ਮਾੜੀ ਨੀਅਤ ਨਾਲ, ਗਲਤ ਨਿਸਚਿਆਂ ਦੇ ਅਧੀਨ ਹੋ ਕੇ ਕੀਤੇ ਕਰਮਾਂ ਦਾ ਫਲ ਕਦੀ ਸੁਖਦਾਇਕ ਨਹੀਂ ਹੋ ਸਕਦਾ।

ਦੇਖ ! ਇਸ ਜਗਤ ਵਿਚ ਚੰਗੀਆਂ ਤੇ ਮਾੜੀਆਂ ਚੀਜ਼ਾਂ ਕੇਵਲ ਇਸ ਕਰਕੇ ਹਨ ਕਿ ਤੈਨੂੰ ਮਾੜੀਆਂ ਤੇ ਚੰਗੀਆਂ ਚੀਜ਼ਾਂ ਦੀ ਪਛਾਣ ਹੋ ਜਾਵੇ ਅਤੇ ਤੂੰ ਮਾੜੀਆਂ ਚੀਜ਼ਾਂ ਦੀ ਖਾਹਿਸ਼ ਜਾਂ ਚਾਹਨਾ ਛਡ ਦੇਵੇਂ ਤੇ ਸਦਾ ਚੰਗੀਆਂ ਚੀਜ਼ਾਂ ਦੀ ਹੀ ਚਾਹਨਾ ਕਰਕੇ ਸਦਾ ਸੁਖੀ ਰਹੇਂ। ਮਾੜੀਆਂ ਚੀਜ਼ਾਂ ਦੀ ਚਾਹਨਾ ਹੀ ਤੇਰੇ ਇਰਦ ਗਿਰਦ ਮਾੜੀਆਂ ਚੀਜ਼ਾਂ ਇਕਠੀਆਂ ਕਰ ਸਕਦੀ ਹੈ। ਜੇਕਰ ਤੇਰੇ ਅੰਦਰ ਮਾੜੀਆਂ ਚੀਜ਼ਾਂ ਦੀ ਚਾਹਨਾ ਹੀ ਨਾ ਹੋਵੇ, ਤਾਂ ਤੇਰੀ ਦੁਨੀਆਂ 'ਚ ਮਾੜੀਆਂ ਚੀਜ਼ਾਂ ਨਜ਼ਰ ਨਹੀਂ ਆਵਣਗੀਆਂ ਤੇ ਜੇਕਰ ਨਜ਼ਰ ਆਵਣਗੀਆਂ ਤੂੰ ਉਹਨਾਂ ਨੂੰ ਮਾੜੀਆਂ ਸਮਝ ਕੇ ਤਿਆਗ ਸਕੇਂਗਾ।

ਦੇਖ ! ਤੇਰੀ ਚਾਹਨਾ ਹੀ ਤੇਰੀ ਵੈਰੀ ਅਤੇ ਤੇਰੀ ਚਾਹਨਾ ਹੀ ਤੇਰੀ ਮਿਤਰ ਹੈ। ਤੇਰੀ ਮਾੜੀ ਚਾਹਨਾ ਤੇਰੇ ਦੁਖਾਂ ਤੇ ਤੇਰੀ ਸ਼ੁਭ ਚਾਹਨਾ ਤੇਰੇ ਸੁਖਾਂ ਦਾ ਕਾਰਨ ਹੈ। ਮਾੜੀ ਚਾਹਨਾ ਜਾਂ ਮਾੜੀ ਮੰਗ ਤੇਰੇ .ਗਲਤ ਨਿਸਚਿਆਂ ਤੋਂ ਪੈਦਾ ਹੁੰਦੀ ਹੈ ਅਤੇ ਤੇਰੀ ਚੰਗੀ ਚਾਹਨਾ ਤੇਰੇ ਸਹੀ ਜਾਂ ਵਿਗਿਆਨਕ ਨਿਸਚਿਆਂ ਤੋਂ ਉਤਪੰਨ ਹੁੰਦੀ ਹੈ। ਇਸ ਲਈ ਤੇਰੇ ਵਾਸਤੇ ਆਪਣੇ ਨਿਸਚਿਆਂ ਨੂੰ ਦਰੁਸਤ ਕਰਨਾ ਨਿਸਚਿਆਂ ਨੂੰ ਵਿਗਿਆਨਕ ਬਨਾਣਾ, ਨਿਸਚਿਆਂ ਨੂੰ ਪ੍ਰਭੂ ਦੇ ਸਦੀਵੀ ਨਿਯਮਾਂ ਦੇ ਅਨੁਸਾਰ ਘੜਨਾ, ਤੇਰੀ ਭਲਾਈ ਲਈ ਤੇਰੇ ਸੁਖ ਲਈ ਅਤਿਅੰਤ ਜ਼ਰੂਰੀ ਹੈ।

ਦੇਖ ! ਸਹੀ ਨਿਸਚੇ ਗਿਆਨ ਤੋਂ ਪੈਦਾ ਹੁੰਦੇ ਹਨ ਅਤੇ .ਗਲਤ ਨਿਸਚੇ ਨਾਵਾਕਫ਼ੀਅਤ ਜਾਂ ਅਗਿਆਨਤਾ ਤੋਂ ਪੈਦਾ ਹੁੰਦੇ ਹਨ, ਇਸ ਲਈ ਤੈਨੂੰ ਸਦਾ ਸੁਖੀ ਹੋਣ ਲਈ ਸਚ ਦਾ ਗਿਆਨ ਹੋਣਾ ਜ਼ਰੂਰੀ ਹੈ। ਸਚ ਦਾ ਗਿਆਨ, ਤੇਰੇ ਆਪਣੇ 'ਆਪੇ' ਦਾ ਗਿਆਨ ਹੈ, ਤੇਰੀ ਆਪਣੀ ਅਸਲੀਅਤ

ਦਾ ਗਿਆਨ ਹੈ। ਜਦ ਤੈਨੂੰ ਪਤਾ ਲਗ ਜਾਵੇਗਾ ਕਿ ਤੂੰ ਅਸਲ ਵਿਚ ਕੀ ਹੈਂ, ਤੇਰਾ ਅਤੇ ਜਗਤ ਦੇ ਕਰਤਾਰ ਦਾ ਕੀ ਰਿਸ਼ਤਾ ਹੈ, ਤਦ ਤੇਰੇ ਲਈ ਮਾੜੀਆਂ ਚੀਜ਼ਾਂ ਦੀ ਚਾਹਨਾ ਕਰ ਸਕਣੀ ਅਸੰਭਵ ਹੋ ਜਾਵੇਗੀ। ਜਦ ਮਾੜੀਆਂ ਚੀਜ਼ਾਂ ਦੀ ਚਾਹਨਾ ਹੀ ਤੇਰੇ ਦਿਲ ਵਿਚ ਨਾ ਰਹੇਗੀ, ਤਾਂ ਮਾੜੀਆਂ ਚੀਜ਼ਾਂ ਤੇਰੇ ਨਜ਼ਦੀਕ ਆ ਹੀ ਨਹੀਂ ਸਕਣਗੀਆਂ। ਤੇਰੇ ਅੰਦਰ ਸਦਾ ਸ਼ੁਭ ਇੱਛਾ ਹੋਵੇਗੀ ਜਿਸ ਦਾ ਸਦਕਾ ਤੇਰੇ ਇਰਦ ਗਿਰਦ ਸਭ ਸੁਖ ਹੀ ਸੁਖ, ਸਭ ਚੰਗੀਆਂ ਹੀ ਚੰਗੀਆਂ ਚੀਜ਼ਾਂ ਨਜ਼ਰ ਆਵਣਗੀਆਂ। ਫਿਰ ਤੇਰੀ ਜ਼ਿੰਦਗੀ ਹੀ ਉਹ ਜ਼ਿੰਦਗੀ ਹੋਵੇਗੀ, ਜਿਸ ਨੂੰ ਦੇਵਤੇ ਲੋਚਦੇ ਹਨ, ਜਿਸ ਜ਼ਿੰਦਗੀ ਦੀ ਪ੍ਰਾਪਤੀ ਲਈ ਪਾਤਸ਼ਾਹ ਤਰਸਦੇ ਹਨ।

ਪਰਮ ਮਿੱਤਰ

ਦੁਨੀਆਂ ਦੇ ਮਿੱਤਰਾਂ, ਦੋਸਤਾਂ, ਸੰਬੰਧੀਆਂ ਦਾ ਜਿਨ੍ਹਾਂ ਨੂੰ ਤਜਰਬਾ ਹੈ, ਉਹ ਜਾਣਦੇ ਹਨ ਕਿ ਇਸ ਜਗਤ ਵਿਚ ਹਰ ਕੋਈ ਆਪਣੇ ਸੁਖ, ਆਪਣੇ ਫਾਇਦੇ, ਆਪਣੇ ਮਤਲਬ ਨੂੰ ਹੀ ਮੁਖ ਰਖਕੇ ਮਿੱਤਰ ਜਾਂ ਸੰਬੰਧੀ ਬਣਿਆ ਹੋਇਆ ਹੈ। ਜਦ ਤਕ ਕਿਸੇ ਨੂੰ ਕਿਸੇ ਨਾਲ ਗਰਜ਼ ਨਾ ਹੋਵੇ, ਕੋਈ ਕਿਸੇ ਦਾ ਮਿੱਤਰ ਨਹੀਂ ਬਣਦਾ।

ਜਗਤ ਮੈ ਝੂਠੀ ਦੇਖੀ ਪ੍ਰੀਤਿ।
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ। ਰਹਾਉ।
ਮੇਰਉ ਮੇਰਉ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤ।
ਅੰਤਿ ਕਾਲਿ ਸੰਗੀ ਨਹੀ ਕੋਊ
ਇਹ ਅਚਰਜ ਹੈ ਰੀਤਿ।
. . . .
ਇਹ ਜਗਿ ਮੀਤੁ ਨ ਦੇਖਿਓ ਕੋਈ।
ਸਗਲ ਜਗਤੁ ਅਪਨੈ ਸੁਖਿ ਲਾਗਿਓ
ਦੁਖ ਮੈ ਸੰਗਿ ਨ ਹੋਈ। ਰਹਾਉ।
ਦਾਰਾ ਮੀਤ ਪੂਤ ਸਨਬੰਧੀ
ਸਗਰੇ ਧਨ ਸਿਉ ਲਾਗੇ।
ਜਬ ਹੀ ਨਿਰਧਨ ਦੇਖਿਓ ਨਰ ਕਉ
ਸੰਗੁ ਛਾਡਿ ਸਭ ਭਾਗੇ।

ਇਸ ਤਰ੍ਹਾਂ ਦੇ ਜਗਤ ਵਿਚ ਜਿਥੇ ਆਪੋ ਆਪਣੀ ਗਰਜ਼ ਦੇ ਹੀ ਸਭ ਬੰਦੇ ਨਜ਼ਰ ਆਉਣ, ਇਕ ਸੱਚ (ਸਤ) ਦੇ ਖੋਜੀ ਜਾਂ ਜਗਿਆਸੂ ਦੇ ਦਿਲ ਵਿਚ ਖ਼ਿਆਲ ਪੈਦਾ ਹੁੰਦਾ ਹੈ ਕਿ ਕੀ ਐਸੇ ਜਗਤ ਵਿਚ ਜੀਉਣਾ ਚਾਹੀਦਾ ਹੈ ? ਕੀ ਇਸ ਜਗਤ ਦੇ ਗਰਜ਼ੀ ਮਿਤਰਾਂ, ਸੰਬੰਧੀਆਂ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ ? ਕੀ ਇਸ ਜਗਤ ਵਿਚ ਕਿਸੇ ਨਾਲ ਪ੍ਰੀਤ ਕਰਨੀ ਚਾਹੀਦੀ ਹੈ ? ਕੀ ਇਸ ਜਗਤ ਅਤੇ ਜਗਤ ਦੇ ਖ਼ੁਦਗਰਜ਼ ਬੰਦਿਆਂ ਨੂੰ ਤਿਆਗ ਕੇ ਕਿਤੇ ਇਕਾਂਤ ਵਿਚ ਆਪਣਾ ਜੀਵਨ ਗੁਜ਼ਾਰਨਾ ਚਾਹੀਦਾ ਹੈ ? ਜਿਸ ਗੁਰਸਿਖ ਦੇ ਦਿਲ ਅੰਦਰ ਇਸ ਤਰ੍ਹਾਂ ਦਾ ਸਵਾਲ ਪੈਦਾ ਹੋਵੇ, ਉਸ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿਖਸ਼ਾ, ਜਗਤ ਨੂੰ ਛਡਣ ਅਤੇ ਜਗਤ ਤੋਂ ਕਿਤੇ ਅਲਹਿਦਾ ਇਕਾਂਤ ਵਿਚ ਜੀਵਨ ਬਤੀਤ ਕਰਨ ਤੋਂ ਵਰਜਦੀ ਹੈ। ਉਸ ਗੁਰਸਿਖ ਨੂੰ ਗੁਰਬਾਣੀ ਆਖਦੀ ਹੈ ਕਿ ਜਗਤ ਨੂੰ ਤਿਆਗ ਕੇ ਕਿਸੇ ਜੰਗਲ ਬੀਆਬਾਨ ਵਿਚ ਜਾ ਕੇ ਇਕਲਿਆਂ ਰਹਿਣ ਵੇਲੇ ਵੀ ਇਨਸਾਨ ਦਾ ਮਨ ਉਸ ਦੇ ਨਾਲ ਹੁੰਦਾ ਹੈ। ਜਿਥੇ ਮਨ ਹੋਵੇ ਉਥੇ ਉਹ ਕਿਸੇ ਨਾ ਕਿਸੇ ਤਰ੍ਹਾਂ ਦੀ ਆਪਣੀ ਨਵੀਂ ਦੁਨੀਆਂ ਬਣਾ ਹੀ ਲੈਂਦਾ ਹੈ। ਦੁਨੀਆਂ ਛਡ ਕੇ ਜੰਗਲਾਂ ਵਿਚ ਗਿਆਂ ਵੀ ਮਨ ਦੀਆਂ ਕਮਜ਼ੋਰੀਆਂ, ਮਨ ਦੀਆਂ ਬੁਰਿਆਈਆਂ, ਮਨ ਦੇ ਰੋਗ ਇਨਸਾਨ ਦੇ ਨਾਲ ਜਾਂਦੇ ਹਨ।

ਗ੍ਰਿਹੁ ਤਜਿ ਬਨ ਖੰਡ ਜਾਈਐ
ਚੁਨਿ ਖਾਈਐ ਕੰਦਾ।
ਅਜਹੁ ਬਿਕਾਰ ਨ ਛੋਡਈ
ਪਾਪੀ ਮਨੁ ਮੰਦਾ।

. . . .

ਬਿਖੈ ਬਿਖੈ ਕੀ ਬਾਸਨਾ
ਤਜੀਅ ਨਹ ਜਾਈ।
ਅਨਿਕ ਜਤ ਕਰਿ ਰਾਖੀਐ
ਫਿਰਿ ਫਿਰਿ ਲਪਟਾਈ।

ਗੁਰਮਤ ਗੁਰਸਿਖ ਨੂੰ ਜਗਤ ਦੇ ਤਿਆਗ ਦਾ ਉਪਦੇਸ਼ ਨਹੀਂ ਦਿੰਦੀ, ਕਿਉਂਕਿ ਜਗਤ ਦੇ ਤਿਆਗਣ ਨਾਲ ਵੀ ਅਨੇਕ ਜਗਤ ਪੈਦਾ ਕਰਨ ਵਾਲਾ

ਮਨ ਨਹੀਂ ਤਿਆਗਿਆ ਜਾਂਦਾ। ਇਸ ਲਈ ਗੁਰਮਤ ਗੁਰਸਿਖ ਜਾਂ ਜਗਿਆਸੂ ਨੂੰ ਜਗਤ ਵਿਚ ਰਹਿ ਕੇ, ਜਗਤ ਦੇ ਕਾਰ ਵਿਹਾਰ ਨੂੰ ਕਰਦਿਆਂ ਹੋਇਆਂ, ਆਪਣੇ ਸਭ ਫਰਜ਼ ਨਿਭਾਉਂਦਿਆਂ ਹੋਇਆਂ, ਆਪਣੇ ਜੀਵਨ ਨੂੰ ਆਰਾਮ ਵਾਲਾ ਬਣਾਂਦੇ ਹੋਇਆਂ ਜਗਤ ਦੀ ਕਿਸੇ ਚੀਜ਼ ਨੂੰ ਆਪਣੀ ਨਾ ਸਮਝਣ ਦੀ ਪਰੇਰਨਾ ਕਰਦੀ ਹੈ। ਗੁਰਮਤ ਸਿਖ ਨੂੰ ਆਖਦੀ ਹੈ ਕਿ ਤੂੰ ਜਗਤ ਵਿਚ ਗ੍ਰਿਹਸਤ ਕਰ, ਪਰਿਵਾਰ ਵਾਲਾ ਬਣ, ਦਸਾਂ ਨਵ੍ਹਾਂ ਦੀ ਕਮਾਈ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਨਿਰਬਾਹ ਕਰ, ਜਗਤ ਵਿਚ ਮਿਤਰ ਦੋਸਤ, ਸੰਬੰਧੀਆਂ ਨਾਲ ਚੰਗਾ ਸਲੂਕ ਕਰ, ਜਗਤ ਦੇ ਸੁਖ ਆਰਾਮ ਭੋਗ ਪਰ ਜਗਤ ਯਾਤਰਾ ਇਕ ਸਫਰ ਸਮਝ ਅਤੇ ਸਫਰ ਦੀ ਕਿਸੇ ਚੀਜ਼ ਨਾਲ ਪਿਆਰ ਨਾ ਪਾ, ਕਿਸੇ ਚੀਜ਼ ਨੂੰ ਆਪਣੀ ਮਲਕੀਅਤ ਨਾ ਸਮਝ। ਦੁਨੀਆਂ ਅੰਦਰ ਦੁਨੀਆਦਾਰੀ ਦੇ ਸਭ ਫਰਜ਼ ਪੂਰੇ ਕਰਦਾ ਹੋਇਆ ਆਪਣੀ ਅਸਲੀਅਤ ਨੂੰ ਸਮਝ, ਆਪਣੇ ਨਾਲ ਹਰ ਵੇਲੇ ਰਹਿਣ ਵਾਲੇ ਮਿੱਤਰ ਵਾਹਿਗੁਰੂ ਨਾਲ ਜਾਣ ਪਛਾਣ ਪੈਦਾ ਕਰ, ਉਸ ਨੂੰ ਸਮਝ ਅਤੇ ਉਸ ਦੇ ਸੁਭਾਅ ਅਨੁਸਾਰ ਜੀਵਨ ਬਤੀਤ ਕਰ ਅਤੇ ਉਸ ਤੋਂ ਆਪਣੇ ਸਾਰੇ ਦੁਨਿਆਵੀ ਅਤੇ ਆਤਮਕ ਕੰਮ ਰਾਸ ਕਰਵਾ। ਗੁਰਮਤ ਸਿਖ ਨੂੰ ਸਿਖਾਂਦੀ ਹੈ ਕਿ ਜਗਤ ਦੇ ਸਾਕ ਸੰਬੰਧੀਆਂ, ਮਿਤਰਾਂ ਦੋਸਤਾਂ ਨਾਲ ਤੂੰ ਉਪਰੋਂ ਉਪਰੋਂ ਮੇਲ ਮਿਲ-ਮਿਲਾਪ, ਰਖ, ਸਭ ਨਾਲ ਮਿਠਾ ਬੋਲ, ਪਰ ਦਿਲ ਵਿਚ ਆਪਣੇ ਸਦਾ ਅੰਗ ਸੰਗ ਰਹਿਣ ਵਾਲੇ ਵਾਹਿਗੁਰੂ ਜੀ ਨੂੰ ਯਾਦ ਕਰ, ਉਸਦਾ ਨਾਮ ਸਵਾਸ ਸਵਾਸ ਜਪ, ਉਸ ਨਾਲ ਪਿਆਰ ਪਾ :

ਸਾਚਿ ਨਾਮਿ ਮੇਰਾ ਮਨੁ ਲਾਗਾ।
ਲੋਗਨ ਸਿਉ ਮੇਰਾ ਠਾਠਾ ਬਾਗਾ।
ਬਾਹਰਿ ਸੂਤੁ ਸਗਲ ਸਿਉ ਮਉਲਾ।
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ।
ਮੁਖ ਕੀ ਬਾਤ ਸਗਲ ਸਿਉ ਕਰਤਾ।
ਜੀਅ ਸੰਗਿ ਪ੍ਰਭੁ ਆਪੁਨਾ ਧਰਤਾ।

(ਆਸਾ ਮਹਲਾ ੫)

* ਬਾਹਰੋਂ ਠੀਕ ਠਾਕ ਰਹਿ ਕੇ ਸਾਰਿਆਂ ਨਾਲ ਸਾਹਿਬ ਸਲਾਮ ਰਖੀ ਹੋਈ ਹੈ।

ਜੇਕਰ ਸਿਖ ਸ੍ਰੀ ਗੁਰੂ ਗਰੰਥ ਸਾਹਿਬ ਤੋਂ ਪੁਛੇ ਕਿ ਤੁਸੀਂ ਜਗਤ ਵਿਚ ਜੀਵਨ ਬਤੀਤ ਕਰਨ ਦਾ ਉਪਰ ਦਸਿਆ ਰਸਤਾ ਕਿਉਂ ਦਸਦੇ ਹੋ ? ਇਸ ਰਸਤੇ ਅਨੁਸਾਰ ਜੀਵਨ ਬਤੀਤ ਕੀਤਿਆਂ ਮੈਨੂੰ ਕੀ ਲਾਭ ਪਹੁੰਚੇਗਾ ? ਜਗਤ ਦੇ ਮਿੱਤਰ ਸੰਬੰਧੀਆਂ ਬਾਬਤ ਤਾਂ ਮੈਂ ਸਮਝ ਸਕਦਾ ਹਾਂ ਕਿ ਉਹ ਆਪਣੇ ਸੁਖ ਜਾਂ ਆਪਣੀਆਂ ਗਰਜ਼ਾਂ ਦੇ ਕਾਰਨ ਇਕ ਦੂਸਰੇ ਨਾਲ ਪਿਆਰ ਕਰਦੇ ਹਨ, ਪਰ ਵਾਹਿਗੁਰੂ ਦਾ ਵੀ ਮੈਨੂੰ ਕੋਈ ਪਤਾ ਨਹੀਂ। ਵਾਹਿਗੁਰੂ ਵਿਚ ਕੀ ਸਿਫਤਾਂ ਹਨ ? ਵਾਹਿਗੁਰੂ ਨੂੰ ਮਿੱਤਰ ਬਨਾਉਣ ਦੇ ਕੀ ਲਾਭ ਹਨ ?

ਉਪਰਲੇ ਸਵਾਲਾਂ ਦੇ ਜਵਾਬ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਿਖ ਨੂੰ ਦਸਦੇ ਹਨ ਕਿ ਤੈਨੂੰ ਵਾਹਿਗੁਰੂ ਜੀ ਨੂੰ ਆਪਣਾ ਮਿੱਤਰ ਬਨਾਉਣ ਦੇ ਅਨੇਕ ਲਾਭ ਹਨ। ਵਾਹਿਗੁਰੂ ਦੁਨੀਆਂ ਦੇ ਮਿੱਤਰਾਂ ਵਾਂਗਰ ਗਰਜ਼ੀ ਜਾਂ ਸਵਾਰਥੀ ਨਹੀਂ। ਉਸ ਨੂੰ ਮਿਤਰ ਬਣਾਇਆਂ ਤੈਨੂੰ ਲਾਭ ਹੀ ਲਾਭ ਹੈ। ਦੁਨੀਆਂ ਦੇ ਮਿਤਰ ਮਰ ਜਾਂਦੇ ਹਨ, ਵਿਛੋੜੇ ਦੀ ਸੱਟ ਲਾ ਜਾਂਦੇ ਹਨ, ਬੇਵਫਾਈ ਕਰਦੇ ਹਨ ਪਰ ਵਾਹਿਗੁਰੂ ਨੂੰ ਮੌਤ ਆਉਂਦੀ ਹੀ ਨਹੀਂ, ਉਹ ਅਕਾਲ ਹੈ ਅਤੇ ਤੇਰੇ ਨਾਲ ਸਰੀਰਕ ਜੀਵਨ ਵੇਲੇ ਅਤੇ ਮੌਤ ਮਗਰੋਂ ਸਰੀਰ ਰਹਿਤ ਜੀਵਨ ਵੇਲੇ ਹਰ ਹਾਲਤ ਵਿਚ ਤੇਰੇ ਅੰਗ ਸੰਗ ਰਹੇਗਾ। ਉਸ ਨੂੰ ਤੇਰੇ ਨਾਲੋਂ ਕੋਈ ਵਿਛੋੜ ਹੀ ਨਹੀਂ ਸਕਦਾ। ਵਾਹਿਗੁਰੂ ਗ਼ਰੀਬਾਂ, ਨਿਮਾਣਿਆਂ ਦਾ ਮਾਣ ਤੇ ਨਿਆਸਰਿਆਂ ਦਾ ਆਸਰਾ ਹੈ ਅਤੇ ਜਿਹੜਾ ਵਾਹਿਗੁਰੂ ਜੀ ਨੂੰ ਆਪਣਾ ਮਿਤਰ ਬਣਾਏ, ਉਸ ਦਾ ਸਦਾ ਸਤਕਾਰ ਕਰਦਾ ਹੈ, ਉਸ ਦੀ ਸਦਾ ਰਖਸ਼ਾ ਕਰਦਾ ਅਤੇ ਸਹਾਇਤਾ ਕਰਦਾ ਹੈ। ਵਾਹਿਗੁਰੂ ਬੜਾ ਦਾਨੀ ਹੈ, ਆਪਣੇ ਮਿਤਰ ਨੂੰ ਸਦਾ ਸੁਖੀ ਰਖਦਾ ਅਤੇ ਬੇਮੁਥਾਜ ਬਣਾਂਦਾ ਹੈ। ਵਾਹਿਗੁਰੂ ਦਾ ਮਿਤਰ ਜਦ ਉਸ ਦੇ ਦਰਸ਼ਨ ਕਰੇ, ਉਸ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ ਅਤੇ ਮਨ ਪਵਿਤਰ ਹੋ ਜਾਂਦਾ ਹੈ। ਵਾਹਿਗੁਰੂ ਸਦਾ ਨਵਾਂ ਨਰੋਆ ਅਤੇ ਜਵਾਨ ਅਵਸਥਾ ਵਿਚ ਰਹਿੰਦਾ ਹੈ ਅਤੇ ਸਿਫਤਾਂ ਦੀ ਖਾਣ ਹੈ। ਵਾਹਿਗੁਰੂ ਆਪਣੇ ਮਿੱਤਰ ਨੂੰ ਜੋ ਦਾਤਾਂ ਬਖਸ਼ਦਾ ਹੈ ਉਹ ਦਾਤਾਂ ਫਿਰ ਮੁਕਦੀਆਂ ਨਹੀਂ ਸਗੋਂ ਦਿਨੋਂ ਦਿਨ ਵਧਦੀਆਂ ਹਨ। ਵਾਹਿਗੁਰੂ ਆਪਣੇ ਮਿਤਰ ਦੇ ਹਰ ਵੇਲੇ ਅੰਗ ਸੰਗ ਰਹਿੰਦਾ ਹੈ ਅਤੇ ਉਸ ਦੇ ਦਿਲ ਦੀ ਜ਼ਰਾ ਜ਼ਰਾ ਜਿਤਨੀ ਖਾਹਸ਼ ਪੂਰੀ ਕਰਦਾ ਹੈ। ਗੁਰਬਾਣੀ ਵਾਹਿਗੁਰੂ ਜੀ

ਦੀਆਂ ਇਸ ਪ੍ਰਕਾਰ ਸਿਫਤਾਂ ਦਸ ਕੇ ਗੁਰਸਿਖ ਨੂੰ ਆਖਦੀ ਹੈ ਕਿ ਐਸਾ ਵਾਹਿਗੁਰੂ ਜੇ ਤੇਰਾ ਮਿਤਰ ਬਣ ਜਾਵੇ, ਤਾਂ ਤੇਰੇ ਇਸ ਤੋਂ ਵਧ ਚੰਗੇ ਭਾਗ ਹੋ ਹੀ ਨਹੀਂ ਸਕਦੇ। ਸ੍ਰੀ ਗੁਰੂ ਗਰੰਥ ਜੀ ਸਿਖ ਨੂੰ ਇਹ ਵੀ ਦਸਦੇ ਹਨ ਕਿ ਵਾਹਿਗੁਰੂ ਜੀ ਨੂੰ ਤੇਰਾ ਮਿਤਰ ਬਨਣ ਵਿਚ ਕੋਈ ਇਤਰਾਜ਼ ਨਹੀਂ। ਉਹ ਤਾਂ ਤੇਰਾ ਮਿਤਰ ਬਣ ਕੇ ਖ਼ੁਸ਼ ਹੁੰਦੇ ਹਨ। ਢਿਲ ਜਾਂ ਕਮੀ ਸਿਰਫ ਤੇਰੇ ਵਲੋਂ ਹੈ। ਅਖੀਰ ਸ੍ਰੀ ਗੁਰੂ ਗਰੰਥ ਸਾਹਿਬ ਗੁਰਸਿਖ ਨੂੰ ਦਸਦੇ ਹਨ ਕਿ ਵਾਹਿਗੁਰੂ ਜੀ ਨੂੰ ਸਵਾਸ ਸਵਾਸ ਯਾਦ ਕਰਨਾ, ਹਰ ਵੇਲੇ ਉਸ ਤੋਂ ਸਿਵਾ ਕਿਸੇ ਹੋਰ ਨੂੰ ਮਿਤਰ ਨਾ ਸਮਝਣਾ, ਹਰ ਹਾਲਤ ਵਿਚ ਉਸ ਉਤੇ ਸਿਦਕ, ਭਰੋਸਾ ਕਾਇਮ ਰਖਣਾ ਹੈ। ਇਸ ਤਰ੍ਹਾਂ ਜੀਵਨ ਬਤੀਤ ਕਰਨ ਵਾਲਾ ਬੇਵਫਾਈ ਅਤੇ ਸਵਾਰਥ ਨਾਲ ਭਰੀ ਦੁਨੀਆਂ ਅੰਦਰ ਵੀ ਆਪਣੇ ਨਾਲ ਸਦਾ ਸਲਾਮਤ, ਬੇਗਰਜ਼, ਸੱਚਾ, ਸ਼ੁਭਚਿੰਤਕ, ਆਪਣਾ ਪਰਮ ਮਿੱਤਰ ਸ੍ਰੀ ਵਾਹਿਗੁਰੂ ਜੀ ਨੂੰ ਬਣਾ ਸਕਦਾ ਹੈ ਅਤੇ ਉਸ ਦੇ ਆਸਰੇ ਤੇ ਆਪਣੀ ਜੀਵਨ ਯਾਤਰਾ ਨੂੰ ਹਰ ਪਰਕਾਰ, ਦੁਨੀਆਵੀ ਅਤੇ ਆਤਮਕ ਦਰਿਸ਼ਟੀਕੋਨ ਤੋਂ ਸਫਲ ਕਰ ਸਕਦਾ ਹੈ।

ਸਿਰੀ ਰਾਗ ਮਹੱਲਾ ੪

ਪ੍ਰੀਤਿ ਲਗੀ ਤਿਸੁ ਸਚ ਸਿਉ
ਮਰੈ ਨ ਆਵੈ ਜਾਇ।
ਨ ਵੇਛੋੜਿਆ ਵਿਛੁੜੈ
ਸਭ ਮਹਿ ਰਹਿਆ ਸਮਾਇ।
ਦੀਨ ਦਰਦ ਦੁਖ ਭੰਜਨਾ
ਸੇਵਕ ਕੈ ਸਤ ਭਾਇ।
ਅਚਰਜ ਰੂਪੁ ਨਿਰੰਜਨੋ
ਗੁਰ ਮੇਲਾਇਆ ਮਾਇ।
ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ।
ਮਾਇਆ ਮੋਹ ਪਰੀਤਿ ਧ੍ਰਿਗੁ
ਸੁਖੀ ਨਾ ਦੀਸੈ ਕੋਇ। ਰਹਾਉ।
ਦਾਨਾ ਦਾਤਾ ਸੀਲਵੰਤੁ

ਨਿਰਮਲੁ ਰੂਪੁ ਅਪਾਰੁ।
ਸਖਾ ਸਹਾਈ ਅਤਿ ਵਡਾ
ਊਚਾ ਵਡਾ ਅਪਾਰੁ।
ਬਾਲਕੁ ਬਿਰਧਿ ਨ ਜਾਣੀਐ
ਨਿਹਚਲੁ ਤਿਸੁ ਦਰਬਾਰੁ।
ਜੋ ਮੰਗੀਐ ਸੋਈ ਪਾਈਐ
ਨਿਧਾਰਾ ਆਧਾਰੁ।
ਜਿਸੁ ਪੇਖਤ ਕਿਲਵਿਖ ਹਿਰਹਿ
ਮਨਿ ਤਨਿ ਹੋਵੈ ਸਾਂਤਿ।
ਇਕ ਮਨਿ ਏਕੁ ਧਿਆਈਐ
ਮਨ ਕੀ ਲਾਹਿ ਭਰਾਂਤਿ।
ਗੁਣ ਨਿਧਾਨੁ ਨਵਤਨੁ ਸਦਾ
ਪੂਰਨ ਜਾ ਕੀ ਦਾਤਿ।
ਸਦਾ ਸਦਾ ਆਰਾਧੀਐ
ਦਿਨੁ ਵਿਸਰਹੁ ਨਹੀ ਰਾਤਿ।
ਜਿਨ ਕਉ ਪੂਰਬਿ ਲਿਖਿਆ
ਤਿਨ ਕਾ ਸਖਾ ਗੋਵਿੰਦੁ।
ਤਨੁ ਮਨੁ ਧਨੁ ਅਰਪੀ ਸਭੋ
ਸਗਲ ਵਾਰੀਐ ਇਹ ਜਿੰਦੁ।
ਦੇਖੈ ਸੁਣੈ ਹਦੂਰਿ ਸਦ
ਘਟਿ ਘਟਿ ਬ੍ਰਹਮੁ ਰਵਿੰਦੁ।
ਅਕਿਰਤਘਣਾ ਨੋ ਪਾਲਦਾ
ਪ੍ਰਭ ਨਾਨਕ ਸਦ ਬਖਸਿੰਦੁ।

□ □ □

ਖ਼ਤਰੇ ਵਿਚ ਗੁਰਸਿੱਖ ਦਾ ਫਰਜ਼

ਕਈ ਸਜਣ ਸਾਥੋਂ ਪੁਛ ਰਹੇ ਹਨ ਕਿ ਐਸੇ ਭਿਆਨਕ ਸਮਿਆਂ ਉਤੇ ਜਦ ਇਨਸਾਨ ਦਾ ਵਹਿਸ਼ੀਪਨ ਖ਼ਤਰਨਾਕ ਸ਼ਕਲ ਅਖਤਿਆਰ ਕਰ ਜਾਵੇ ਅਤੇ ਭਰਾ ਭਰਾ ਦਾ ਗਲ ਕਟਨਾ, ਭਰਾ ਭਰਾ ਦੇ ਬਾਲ ਬੱਚਿਆਂ ਨੂੰ ਕਤਲ ਕਰਨਾ, ਭਰਾ ਆਪਣੇ ਭਰਾ ਨੂੰ ਲੁਟਣਾ ਚੰਗਾ ਕੰਮ ਜਾਂ ਸਵਾਬ ਸਮਝਣ ਲਗ ਜਾਵੇ, ਉਸ ਵੇਲੇ ਗੁਰਸਿਖਾਂ ਦਾ ਕੀ ਫਰਜ਼ ਹੋਣਾ ਚਾਹੀਦਾ ਹੈ ? ਗੁਰਸਿਖ ਨੂੰ ਕੀ ਕਰਨਾ ਚਾਹੀਦਾ ਹੈ ?

ਇਸ ਸਵਾਲ ਦਾ ਜਵਾਬ, ਗੁਰੂ ਗਰੰਥ ਸਾਹਿਬ ਜੀ ਦੀ ਸਿਖਿਆ ਦੀ ਰੋਸ਼ਨੀ ਵਿਚ ਵਿਚਾਰਿਆਂ ਇਸ ਪਰਕਾਰ ਮਿਲਦਾ ਹੈ :

[1] ਗੁਰਸਿਖ ਨੂੰ ਆਪਣੇ ਅਕਾਲ ਪੁਰਖ ਵਾਹਿਗੁਰੂ ਨੂੰ ਦੁਨੀਆਂ ਦੀਆਂ ਸਭ ਸ਼ਕਤੀਆਂ ਤੋਂ ਵਡੀ ਮਹਾਂ ਸ਼ਕਤੀ ਸਮਝਣਾ ਚਾਹੀਦਾ ਹੈ। ਵਾਹਿਗੁਰੂ ਦੇ ਮੁਕਾਬਲੇ ਵਿਚ ਕਿਸੇ ਕੌਮ, ਕਿਸੇ ਦੇਸ਼ ਦੀ ਸ਼ਕਤੀ ਤੁਛ ਲਗਣੀ ਚਾਹੀਦੀ ਹੈ, ਕਿਉਂਕਿ ਸਭ ਨੂੰ ਸ਼ਕਤੀ ਵਾਹਿਗੁਰੂ ਜੀ ਪਾਸੋਂ ਮਿਲਦੀ ਹੈ ਜੋ ਆਪ ਸਰਬ ਸ਼ਕਤੀਮਾਨ ਹੈ।

[2] ਗੁਰਸਿਖ ਨੂੰ ਇਹ ਵੀ ਨਿਸਚਾ ਹੋਣਾ ਚਾਹੀਦਾ ਹੈ ਕਿ ਸ਼ਕਤੀ, ਮਹਾਂ ਸ਼ਕਤੀ ਵਾਹਿਗੁਰੂ ਅਕਾਲ ਪੁਰਖ ਗੁਰਸਿਖ ਦੇ ਹਰ ਸਮੇਂ ਅੰਗ ਸੰਗ ਹੈ ਅਤੇ ਜੋ ਉਸ ਦੀ ਸਚੇ ਦਿਲੋਂ ਨਿਰਮਾਣ ਹੋ ਕੇ ਸਹਾਇਤਾ ਚਾਹੇ, ਵਾਹਿਗੁਰੂ ਉਸ ਦੀ ਸਹਾਇਤਾ ਕਰਨ ਦੇ ਯੋਗ ਹੈ। ਸਚੇ ਤੇ ਨਿਰਮਾਣ ਦਿਲੋਂ ਸਹਾਇਤਾ ਮੰਗਣ ਵਾਲੇ ਦੇ ਵਾਹਿਗੁਰੂ ਗੁਣ ਔਗੁਣ ਨਹੀਂ ਵਿਚਾਰਦਾ, ਸਗੋਂ ਉਸ ਦੇ ਔਗੁਣਾਂ ਦਾ ਖ਼ਿਆਲ ਨਾ ਕਰਦਾ ਹੋਇਆ ਆਪਣੇ ਕਦੀਮੀ ਸੁਭਾਅ ਅਨੁਸਾਰ ਆਪਣੀ ਸ਼ਰਨ ਆਏ ਦੀ ਲਾਜ ਰਖਦਾ ਹੈ।

[3] ਜਿਸ ਗੁਰਸਿਖ ਦਾ ਇਹ ਨਿਸਚਾ ਹੋਵੇ ਕਿ ਵਾਹਿਗੁਰੂ ਸਰਬ ਸ਼ਕਤੀਮਾਨ ਅਤੇ ਉਸ ਦੇ ਅੰਗ ਸੰਗਿ ਉਸ ਦਾ ਰਾਖਾ ਹੈ, ਉਹ ਗੁਰਸਿਖ ਖ਼ਤਰੇ ਵੇਲੇ ਸਦਾ ਅਡੋਲ ਰਹੇਗਾ। ਉਸ ਦਾ ਮਨ ਆਮ ਦੁਨੀਆਂਦਾਰਾਂ ਦੀ ਤਰ੍ਹਾਂ ਖ਼ਤਰੇ ਵੇਲੇ ਡਾਵਾਂਡੋਲ, ਪਰੇਸ਼ਾਨ ਅਤੇ ਬੇ-ਬਸ ਨਹੀਂ ਹੋਵੇਗਾ। ਐਸਾ ਗੁਰਸਿਖ ਖ਼ਤਰੇ ਵੇਲੇ ਖ਼ਤਰੇ ਦੇ ਸਾਹਮਣੇ ਝੁਕਣ ਦੀ ਬਜਾਏ ਪਹਾੜ ਦੀ ਤਰ੍ਹਾਂ ਅਡੋਲ ਰਹੇਗਾ, ਕਿਉਂਕਿ ਉਸ ਨੂੰ ਆਪਣੇ ਅੰਗ ਸੰਗ ਸਰਬ ਸ਼ਕਤੀਮਾਨ ਵਾਹਿਗੁਰੂ ਅਕਾਲ ਪੁਰਖ ਆਪਣਾ ਰਾਖਾ, ਸਾਈਂ ਅਤੇ ਸਹਾਰਾ ਦਿਸਦਾ ਹੈ। ਖ਼ਤਰੇ ਵੇਲੇ ਡੋਲਦਾ ਉਹ ਪੁਰਸ਼ ਹੁੰਦਾ ਹੈ, ਜਿਹੜਾ ਖ਼ਤਰੇ ਨੂੰ ਵਾਹਿਗੁਰੂ ਨਾਲੋਂ ਨੇੜੇ, ਵਾਹਿਗੁਰੂ ਨਾਲੋਂ ਵਧਰੇ ਸ਼ਕਤੀਵਾਨ ਸਮਝੇ। ਖ਼ਤਰਾ ਉਸ ਆਦਮੀ ਲਈ ਹੁੰਦਾ ਹੈ ਜਿਹੜਾ ਸਮਝੇ ਕਿ ਇਸ ਖ਼ਤਰੇ ਦੇ ਸਾਹਮਣੇ ਤਾਂ ਵਾਹਿਗੁਰੂ ਵੀ ਮੇਰੀ ਕੁਝ ਸਹਾਇਤਾ ਨਹੀਂ ਕਰ ਸਕਦਾ। ਐਸਾ ਸਮਝਣਾ ਹੀ ਵਾਹਿਗੁਰੂ ਨੂੰ ਨਾ ਸਮਝਣਾ ਹੈ, ਐਸਾ ਸਮਝਣਾ ਵਾਹਿਗੁਰੂ ਜੀ ਤੇ ਨਿਰੀ ਬੇ-ਵਿਸ਼ਵਾਸੀ ਹੈ।

[4] ਵਾਹਿਗੁਰੂ ਨੂੰ ਸਰਬ ਸ਼ਕਤੀਵਾਨ, ਆਪਣੇ ਅੰਗ ਸੰਗ, ਆਪਣਾ ਰਾਖਾ ਤੇ ਸਹਾਰਾ ਸਮਝਣ ਵਾਲਾ ਗੁਰਸਿਖ ਖ਼ਤਰੇ ਵੇਲੇ ਅਡੋਲ ਹੋਣ ਦੇ ਕਾਰਣ ਖ਼ਤਰੇ ਦਾ ਸਭ ਤੋਂ ਚੰਗਾ ਮੁਕਾਬਲਾ ਕਰਨ ਦੇ ਯੋਗ ਹੋਵੇਗਾ। ਫਰਜ਼ ਕਰੋ ਇਕ ਗੁਰਸਿਖ ਦੇ ਮਹੱਲੇ ਵਿਚ ਇਕ ਕੌਮ ਨੇ ਦੂਸਰੀ ਕੌਮ ਦੇ ਘਰਾਂ ਨੂੰ ਅੱਗ ਲਾ ਦਿਤੀ ਹੈ। ਉਸ ਵੇਲੇ ਗੁਰਸਿਖ ਆਪਣੇ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਜਾਣਦਾ ਹੋਇਆ ਨਾ ਅੱਗ ਲਾਉਣ ਵਾਲੀ ਕੌਮ ਪਾਸੋਂ ਡਰੇਗਾ ਨਾ ਅੱਗ ਪਾਸੋਂ ਹੀ। ਉਹ ਆਪਣੇ ਮਹੱਲੇ ਦੇ ਦੂਸਰੇ ਆਦਮੀਆਂ ਨੂੰ ਹੌਂਸਲਾ ਦੇਵੇਗਾ ਅਤੇ ਉਹਨਾਂ ਨੂੰ ਨਾਲ ਲੈ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕਰੇਗਾ, ਸੜ ਰਹੇ ਮਕਾਨਾਂ ਵਿਚੋਂ ਵਾਹਿਗੁਰੂ ਦੇ ਬੰਦਿਆਂ ਨੂੰ ਕਢਣ ਦੀ ਕੋਸ਼ਿਸ਼ ਕਰੇਗਾ, ਅੱਗ ਨਾਲ ਤਬਾਹ ਹੋਏ ਪਰਿਵਾਰਾਂ ਨੂੰ ਦਿਲਬਰੀ ਤੇ ਹੌਂਸਲਾ ਦੇਵੇਗਾ। ਦੁਖ ਪੀੜਤ ਲੋਕਾਂ ਨੂੰ ਆਪਣੇ ਵਿਤ ਅਨੁਸਾਰ ਮੁੜ ਸੁਖੀ ਬਨਾਉਣ ਦੀ ਕੋਸ਼ਿਸ਼ ਕਰੇਗਾ। ਉਸ ਦੀਆਂ ਕੋਸ਼ਿਸ਼ਾਂ ਅਗਰ ਕਾਮਯਾਬ ਹੋ ਜਾਣ ਤਾਂ ਮਾਣ ਨਹੀਂ ਕਰੇਗਾ ਅਤੇ ਅਸਫਲ ਰਹਿਣ ਤੇ ਨਿਰਾਸ਼ ਨਹੀਂ ਹੋਵੇਗਾ। ਉਸ ਦੀ ਤਸੱਲੀ ਤੇ ਖੁਸ਼ੀ ਆਪਣੇ ਫਰਜ਼

ਨੂੰ ਗੁਰੂ ਗਰੰਥ ਸਾਹਿਬ ਜੀ ਦੀ ਸਿਖਸ਼ਾ ਅਨੁਸਾਰ ਨਿਭਾਉਣ ਵਿਚ ਪੂਰੀ ਹੋ ਜਾਵੇਗੀ।

[5] ਫਰਜ਼ ਕਰੋ ਗੁਰਸਿਖ ਦੇ ਆਪਣੇ ਘਰ ਉਤੇ ਕਿਸੇ ਗ਼ੈਰ ਕੌਮ ਦੇ ਲੋਕਾਂ ਵਲੋਂ ਹਮਲਾ ਹੁੰਦਾ ਹੈ। ਐਸੇ ਸਮੇਂ ਗੁਰਸਿਖ ਨੂੰ ਹਮਲਾ ਕਰਨ ਵਾਲਿਆਂ ਨੂੰ ਵਾਹਿਗੁਰੂ ਪਾਸੋਂ ਵਧੇਰੇ ਸ਼ਕਤੀਮਾਨ ਨਹੀਂ ਸਮਝਣਾ ਚਾਹੀਦਾ। ਗੁਰਸਿੱਖ ਦਾ ਵੱਡਾ ਆਤਮਕ ਇਮਤਿਹਾਨ ਉਸ ਵੇਲੇ ਹੁੰਦਾ ਹੈ ਜਦ ਉਸ ਦੇ ਸਾਹਮਣੇ ਬਦੀ ਭਿਆਨਕ ਸ਼ਕਲ ਬਣਾ ਕੇ ਖਲੋ ਜਾਵੇ ਅਤੇ ਆਖੇ ਦਸ ਤੇਰਾ ਵਾਹਿਗੁਰੂ ਹੁਣ ਕਿਥੇ ਹੈ ? ਐਸੇ ਸਮੇਂ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਜਾਨਣਾ ਅਤੇ ਬਦੀ ਨੂੰ ਵਾਹਿਗੁਰੂ ਦੇ ਮੁਕਾਬਲੇ ਵਿਚ ਤੁਛ ਤੇ ਹਕੀਰ ਸਮਝਣਾ ਗੁਰਸਿਖ ਦਾ ਬਦੀ ਉਤੇ ਫਤਹਿ ਦਾ ਪਹਿਲਾ ਕਦਮ ਹੁੰਦਾ ਹੈ। ਬਦੀ ਦਾ ਇਕ ਵਡਾ ਖਾਸਾ ਇਹ ਹੈ ਕਿ ਜਦ ਇਸ ਨੂੰ ਭਿਆਨਕ ਅਤੇ ਤਾਕਤਵਰ ਨਾ ਮੰਨਿਆ ਜਾਵੇ ਤਾਂ ਇਹ ਭਿਆਨਕ ਅਤੇ ਤਾਕਤਵਰ ਨਹੀਂ ਰਹਿੰਦੀ।

ਗੁਰਸਿਖ ਜਦ ਆਪਣੇ ਨਾਲ ਸਰਬ ਸ਼ਕਤੀਮਾਨ ਵਾਹਿਗੁਰੂ ਨੂੰ ਮਹਿਸੂਸ ਕਰੇਗਾ ਅਤੇ ਬਦੀ ਨੂੰ ਤੁਛ ਸਮਝੇਗਾ, ਤਾਂ ਉਹ ਦੇਖ ਕੇ ਹੈਰਾਨ ਹੋਵੇਗਾ ਕਿ ਬਦੀ ਧੂੰਏਂ ਦੇ ਪਹਾੜਾਂ ਵਾਂਗਰ ਪਤਲੀ ਤੇ ਨਿਰਬਲ ਹੋ ਗਈ ਹੈ।

ਆਪਣੇ ਨਾਲ ਵਾਹਿਗੁਰੂ ਨੂੰ ਦੇਖਣ ਵਾਲੇ ਗੁਰਸਿਖ ਦੋ ਤਰੀਕਿਆਂ ਵਿਚ ਮੁਕਾਬਲਾ ਕਰਦੇ ਆਏ ਹਨ। ਇਕ ਸ਼ਾਂਤਮਈ ਰਹਿ ਕੇ ਦੂਸਰਾ ਖੰਡਾ ਪਕੜ ਕੇ। ਇਹਨਾਂ ਦੋਹਾਂ ਤਰੀਕਿਆਂ ਦੀ ਬੁਨਿਆਦ ਵਿਚ ਅਸੂਲ ਇਕੋ ਹੀ ਕੰਮ ਕਰਦਾ ਹੈ ਅਤੇ ਉਹ ਸਰਬ ਸ਼ਕਤੀਮਾਨ ਵਾਹਿਗੁਰੂ ਨੂੰ ਅੰਗ ਸੰਗ, ਆਪਣਾ ਹਮਦਰਦ, ਖੈਰਖਾਹ, ਰਾਖਾ ਅਤੇ ਸਹਾਰਾ ਜਾਣਦਾ ਹੈ। ਸ਼ਾਂਤਮਈ ਰਹਿ ਕੇ ਬਦੀ ਦੀ ਕਸਵੱਟੀ ਵਿਚੋਂ ਲੰਘ ਜਾਣਾ ਅਤੇ ਲੰਘਦੇ ਲੰਘਦੇ ਨਿਰਭੈ ਅਤੇ ਨਿਰਵੈਰ ਰਹਿਣਾ, ਬਦੀ ਦੀ ਹਸਤੀ ਨੂੰ ਹਕੀਰ ਤੇ ਤੁਛ ਸਾਬਤ ਕਰਨ ਦਾ ਮੁਸ਼ਕਿਲ ਤਰੀਕਾ ਤਾਂ ਹੈ ਪਰ ਇਸ ਤਰੀਕੇ ਨੂੰ ਆਮ ਤੌਰ ਤੇ ਉਹਨਾਂ ਗੁਰਸਿਖਾਂ ਨੂੰ ਵਰਤਣਾ ਚਾਹੀਦਾ ਹੈ ਜਿਨ੍ਹਾਂ ਦਾ ਸਿਰਮਨ ਅਭਿਆਸ ਉੱਚੀ ਮੰਜ਼ਲ ਤੇ ਪਹੁੰਚਿਆ ਹੋਵੇ ਅਤੇ ਜਿਹਨਾਂ ਦਾ ਆਪਣੀਆਂ ਇੰਦਰੀਆਂ ਤੇ ਪੂਰਾ

ਕਾਬੂ ਹੋਵੇ। ਸ਼ਾਂਤਮਈ ਦੇ ਤਰੀਕੇ ਨਾਲ ਬਦੀ ਦੀ ਹਸਤੀ ਨੂੰ ਉਡ਼ਾਨ ਜਾਂ ਝੂਠੀ ਸਾਬਤ ਕਰਨ ਦੇ ਤਜਰਬੇ ਵਿਚ, ਸ਼ੁਰੂ ਤੋਂ ਅਖੀਰ ਤਕ ਗੁਰਸਿਖ ਨੂੰ ਇਕ ਰਸ, ਅਡੋਲ, ਨਿਰਭੈ ਤੇ ਨਿਰਵੈਰ ਰਹਿਣਾ ਜ਼ਰੂਰੀ ਹੈ। ਇਸ ਕਰਕੇ ਕਠਨ ਕੰਮ ਓਹੀ ਗੁਰਮੁਖ ਕਰ ਸਕਦੇ ਹਨ, ਜਿਹਨਾਂ ਦੀ ਸੁਰਤ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਪੂਰਨ ਲੀਨ ਹੋਣ ਦਾ ਅਭਿਆਸ ਹੋਵੇ ਅਤੇ ਜਿਹਨਾਂ ਦਾ ਆਪਣੇ ਆਪ ਉਤੇ ਪੂਰਨ ਜ਼ਬਤ ਜਾਂ ਕਾਬੂ ਹੋਵੇ। ਬਦੀ ਦਾ ਦੂਸਰੇ ਤਰੀਕੇ ਨਾਲ ਮੁਕਾਬਲਾ ਖੰਡਾ ਪਕੜ ਕੇ ਹੋ ਸਕਦਾ ਹੈ। ਇਹ ਤਰੀਕਾ ਸ਼ਾਂਤਮਈ ਵਾਲੇ ਤਰੀਕੇ ਨਾਲੋਂ ਆਸਾਨ ਹੈ ਪਰ ਇਸ ਦਾ ਅਸਰ ਜਾਂ ਨਤੀਜਾ ਸ਼ਾਂਤਮਈ ਤਰੀਕੇ ਨਾਲੋਂ ਦੇਰ ਨਾਲ ਨਿਕਲਦਾ ਹੈ। ਆਸਾਨ ਹੋਣ ਕਰਕੇ ਇਹ ਤਰੀਕਾ ਆਮ ਗੁਰਸਿਖ ਸਫਲਤਾ ਨਾਲ ਵਰਤਦੇ ਆਏ ਹਨ। ਇਸ ਤਰੀਕੇ ਵਿਚ ਵੀ ਮੁਢਲਾ ਅਸੂਲ ਸਰਬ ਸ਼ਕਤੀਮਾਨ ਵਾਹਿਗੁਰੂ ਨੂੰ ਆਪਣੇ ਅੰਗ ਸੰਗ, ਆਪਣਾ ਰਾਖਾ ਤੇ ਸਹਾਰਾ ਸਮਝਣਾ ਹੈ। ਗੁਰਸਿਖ ਜਦ ਹਾਲਾਤ ਤੋਂ ਮਜਬੂਰ ਹੋ ਜਾਵੇ ਜਾਂ ਜਦ ਉਸਦੀ ਜਾਂ ਉਸ ਦੇ ਬਾਲ ਬੱਚਿਆਂ ਦੀ ਇਜ਼ਤ, ਜਾਨ ਮਾਲ ਖ਼ਤਰੇ ਵਿਚ ਹੋਵੇ, ਜਾਂ ਜਦ ਪੰਥ ਜਾਂ ਦੇਸ਼ ਨੂੰ ਜ਼ਰੂਰਤ ਹੋਵੇ ਵਾਹਿਗੁਰੂ ਜੀ ਦਾ ਨਾਮ ਲੈ ਕੇ, ਆਪਣੇ ਆਪ ਨੂੰ 'ਵਾਹਿਗੁਰੂ ਜੀ ਕਾ ਖਾਲਸਾ' ਜਾਣਦਾ ਹੋਇਆ ਖੰਡਾ ਖੜਕਾਂਦਾ ਤੇ ਨਿਰਭੈ ਹੋ ਕੇ ਇਸਦਾ ਇਸਤੇਮਾਲ ਕਰਦਾ ਹੈ। ਅਸਲ ਗੁਰਸਿਖ ਉਹ ਹੈ ਜਿਹੜਾ ਖੰਡਾ ਕੇਵਲ ਜ਼ੁਲਮ ਤੇ ਅਤਿਆਚਾਰਾਂ ਦੇ ਖ਼ਿਲਾਫ ਉਠਾਵੇ ਅਤੇ ਖੰਡਾ ਖੜਕਾਂਦਾ ਹੋਇਆ ਵੀ ਨਿਰਵੈਰ ਰਹਿ ਸਕੇ।

[6] ਗੁਰਸਿਖ ਖੰਡੇ ਨੂੰ ਹਥ ਵਿਚ ਲੈ ਕੇ ਵਾਹਿਗੁਰੂ ਨੂੰ ਅੰਗ ਸੰਗ ਸਮਝਦਾ, ਵਾਹਿਗੁਰੂ ਦੇ ਸਹਾਰੇ ਉਤੇ ਆਪਣੀ ਜਿਤ ਨੂੰ ਸਦਾ ਅੱਖਾਂ ਅਗੇ ਰਖਦਾ ਹੈ। ਇਹ ਗਲ ਯਾਦ ਰਖਣ ਵਾਲੀ ਹੈ 'ਜਿਤ' ਹਮੇਸ਼ਾ ਪਹਿਲੋਂ ਮਨ ਵਿਚ ਆਉਂਦੀ ਹੈ ਤੇ ਪਿਛੋਂ ਦਰਿਸ਼ਟਮਾਨ ਦੁਨੀਆਂ ਵਿਚ। ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਕਾਲ ਪੁਰਖ ਜੀ ਪਾਸੋਂ ਇਹ ਵਰ ਮੰਗਿਆ ਸੀ ਕਿ ਜਦ ਸ਼ਤਰੂ ਦੇ ਸਾਹਮਣੇ ਮੈਦਾਨ ਵਿਚ ਜਾਵਾਂ ਤਾਂ ਹੇ ਅਕਾਲ ਪੁਰਖ ਮੈਨੂੰ ਇਹ ਸ਼ਕਤੀ ਦੇਵੀਂ ਕਿ ਮੈਂ ਸ਼ਤਰੂ ਤੋਂ ਡਰਾਂ ਨਾ ਅਤੇ ਨਿਸਚੇ ਕਰਕੇ ਯਕੀਨੀ ਤੌਰ ਤੇ ਸ਼ਤਰੂ ਉਤੇ

ਜਿੱਤ ਪ੍ਰਾਪਤ ਕਰਾਂ।

[7] ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਿਖਸ਼ਾ ਨੂੰ, ਗੁਰੂ ਸਮਝਣ ਵਾਲੇ ਗੁਰਸਿਖ ਨੂੰ ਪਤਾ ਹੁੰਦਾ ਹੈ ਕਿ ਸਦਾ ਸਲਾਮਤ ਵਾਹਿਗੁਰੂ ਦੀ ਰਚਨਾ ਵਿਚ ਅਗਰ ਕੋਈ ਚੀਜ਼ ਨਹੀਂ ਬਣੀ ਤਾਂ ਉਹ 'ਮੌਤ' ਹੈ। 'ਮੌਤ' ਦਾ ਨਾਮ ਕੇਵਲ ਇਨਸ਼ਾਨ ਦੀ ਆਪਣੀ ਘਾੜਤ ਹੈ ਦਰਅਸਲ 'ਮੌਤ' ਕੋਈ ਚੀਜ਼ ਨਹੀਂ। ਇਸੇ ਕਰਕੇ ਗੁਰੂ ਗਰੰਥ ਸਾਹਿਬ ਜੀ ਦੇ 'ਸਿਖ' ਆਪਣੇ ਆਪ ਨੂੰ 'ਅਕਾਲੀ' ਆਖਦੇ ਹਨ। 'ਅਕਾਲੀ' ਬੜਾ ਵਿਗਿਆਨਕ ਅਖਰ ਹੈ। 'ਅਕਾਲੀ' ਉਹ ਹੈ ਜੋ ਅਕਾਲ ਪੁਰਖ ਦਾ ਸਿਖ, ਉਪਾਸਕ ਅਤੇ ਨੁਮਾਇੰਦਾ ਹੈ। ਅਕਾਲੀ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਉਹ ਆਪ ਅਕਾਲ ਪੁਰਖ ਦਾ ਸਰੂਪ, ਮੌਤ ਤੇ ਕਾਲ ਤੋਂ ਰਹਿਤ ਹੈ। ਇਸ ਲਈ ਜਦ ਅਕਾਲੀ ਖੰਡਾ ਫੜ ਕੇ ਰਣ ਵਿਚ ਜੂਝਦਾ ਹੈ ਤਾਂ ਆਪਣਾ ਸਿਰ ਦੇਣ ਵਿਚ ਆਪਣੀ ਮੌਤ ਨਹੀਂ ਸਮਝਦਾ ਅਤੇ ਦੂਸਰੇ ਦਾ ਸਿਰ ਲੈਣ ਵਿਚ ਦੂਸਰੇ ਦੀ ਮੌਤ ਨਹੀਂ ਸਮਝਦਾ।

ਮਰਦਾ ਉਹ ਹੈ ਜੋ ਮੌਤ ਮਗਰੋਂ ਨਾ ਰਹੇ। ਇਸੇ ਤਰ੍ਹਾਂ ਜੰਮਦਾ ਉਹ ਹੈ ਜੋ ਜੰਮਣ ਤੋਂ ਪਹਿਲੋਂ ਨਾ ਹੋਵੇ ਪਰ ਗੁਰੂ ਗਰੰਥ ਸਾਹਿਬ ਦੇ ਸਿਖ ਨੂੰ ਪਤਾ ਹੁੰਦਾ ਹੈ ਕਿ ਉਹ ਆਦਿ ਜੁਗਾਦਿ ਤੋਂ ਅਕਾਲ ਪੁਰਖ ਨਾਲ ਖੇਡ ਰਿਹਾ ਹੈ, ਅਕਾਲ ਪੁਰਖ ਦਾ ਸਰੂਪ ਹੋਣ ਕਰਕੇ ਅਕਾਲ ਪੁਰਖ ਵਾਂਗ ਸਦਾ ਸਲਾਮਤ ਹੈ ਅਤੇ ਅਕਾਲ ਪੁਰਖ ਵਾਂਗਰ ਹੀ ਸਦਾ ਤੋਂ 'ਕਾਲ' ਜਾਂ 'ਮੌਤ' ਤੋਂ ਉਤੇ ਹੈ।

ਨਹ ਕਿਛੁ ਜਨਮੈ ਨਹ ਕਿਛੁ ਮਰੈ।
ਆਪਨ ਚਲਿਤੁ ਆਪ ਹੀ ਕਰੈ।

— — —

ਦੇਹ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ।
ਅਰ ਸਿਖ ਹੋਂ ਅਪਨੇ ਹੀ ਮਨ ਕੋ,

ਇਹ ਲਾਲਚ ਹਉ ਗੁਣ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਣ ਮੇਂ ਤਬ ਜੂਝ ਮਰੋਂ।

ਉਕਤ ਸਵੱਯੇ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਸਾਫ ਦਸਦੇ ਹਨ ਕਿ ਗੁਰਸਿਖਾਂ ਨੂੰ ਖ਼ਤਰੇ ਦੇ ਸਮਿਆਂ ਵਿਚ ਕੀ ਕਰਨਾ ਚਾਹੀਦਾ ਹੈ। ਸ਼ੁਭ ਕਰਮ ਕਰਨ ਤੋਂ ਕਦੀ ਨਾ ਟਲਣਾ, ਵੈਰੀ ਤੋਂ ਚਾਹੇ ਉਹ ਕਿਤਨਾ ਵਡਾ ਕਿਉਂ ਨਾ ਹੋਵੇ, ਕਦੀ ਨਾ ਡਰਨਾ, ਨਿਸਚੇ ਵਿਚ, ਮਨ ਵਿਚ ਫਤਹਿ ਨੂੰ ਨਿਵਾਸ ਦੇਣਾ, ਆਪਣੇ ਇਰਾਦੇ ਉਤੇ ਡਟੇ ਰਹਿਣਾ, ਵਾਹਿਗੁਰੂ ਦੇ ਜਸ ਗਾਉਣੇ ਅਤੇ ਉਹਨਾਂ ਦਾ ਰੰਗ ਆਪਣੇ ਮਨ ਉਤੇ ਚੜ੍ਹਨ ਦੇਣਾ, ਅੱਤ ਰਣ ਅੰਦਰ ਵਾਹਿਗੁਰੂ ਦੇ ਸਨਮੁਖ ਰਹਿ ਕੇ ਜੂਝਣਾ ਤੇ ਸਰੀਰ ਤਿਆਗਣਾ। ਇਹ ਹਨ ਗੁਰਸਿਖ ਦੇ ਕਰਤੱਬ ਜਾਂ ਫਰਜ਼ ਜਿਨ੍ਹਾਂ ਨੂੰ ਗੁਰਸਿਖ ਖ਼ਤਰਿਆਂ ਦੇ ਸਮੇਂ ਆਪਣੇ ਸਾਹਮਣੇ ਰਖਦਾ ਹੈ।

ਪ੍ਰਭਾਤ ਦਾ ਜਾਗਣਾ

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਪ੍ਰਭਾਤ ਵੇਲੇ ਜਾਗਣ ਅਤੇ ਉਸ ਸਮੇਂ ਗੁਰਬਾਣੀ ਦੇ ਪਾਠ ਅਤੇ ਸਿਮਰਨ ਅਭਿਆਸ ਕਰਨ ਦੀ ਬਹੁਤ ਜਗ੍ਹਾ ਜ਼ੋਰਦਾਰ ਸਿਫਾਰਸ਼ ਹੈ। ਪਰਭਾਤ ਵੇਲੇ ਨੂੰ ਅੰਮ੍ਰਿਤ ਵੇਲਾ ਵੀ ਕਿਹਾ ਗਿਆ ਹੈ।

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।

— — —

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭ ਕਿਲਵਿਖ ਪਾਪ ਦੋਖ ਲਹਿ ਜਾਵੈ।

ਇਸ ਸਮੇਂ ਮਨ ਦਾ ਵਧੇਰੇ ਟਿਕਾਉ ਹੁੰਦਾ ਹੈ ਅਤੇ ਮਨ ਸਿਮਰਨ ਵਿਚ ਵਧੇਰੇ ਆਸਾਨੀ ਨਾਲ ਜੁੜਦਾ ਹੈ। ਅੰਮ੍ਰਿਤ ਵੇਲੇ ਦੀ ਵਡਿਆਈ ਅਤੇ ਮਹਾਤਮ ਸਿਖ ਧਰਮ ਵਿਚ ਇਤਨੇ ਸਾਫ ਤਰੀਕੇ ਵਿਚ ਮੰਨੇ ਗਏ ਹਨ ਕਿ ਇਸ ਬਾਰੇ ਜ਼ਿਆਦਾ ਲਿਖਣ ਦੀ ਲੋੜ ਨਹੀਂ। ਪਰ ਇਹ ਗਲ ਅਫਸੋਸ ਨਾਲ ਮੰਨਣੀ ਪੈਂਦੀ ਹੈ ਕਿ ਸਿਖ ਕੌਮ ਵਿਚ ਪ੍ਰਭਾਤ ਵੇਲੇ ਉਠਣ ਦਾ ਰਿਵਾਜ ਦਿਨੋ ਦਿਨ ਘਟ ਰਿਹਾ ਹੈ। ਪੜ੍ਹੇ ਲਿਖੇ ਗੁਰਸਿਖਾਂ ਨੇ ਆਮ ਤੌਰ ਤੇ ਪਰਭਾਤ ਵੇਲੇ ਉਠ ਕੇ ਨਾਮ ਗੁਰਬਾਣੀ ਦਾ ਅਭਿਆਸ ਛਡ ਦਿਤਾ ਹੈ।

ਇਸ ਸੰਬੰਧੀ ਬਹੁਤ ਸਾਰੇ ਖ਼ਤ ਆਉਂਦੇ ਰਹਿੰਦੇ ਹਨ ਅਤੇ ਬਹੁਤ ਸਾਰੇ ਗੁਰਸਿਖਾਂ ਨੇ ਜ਼ਬਾਨੀ ਵੀ ਦਸਿਆ ਹੈ ਕਿ ਉਹ ਚਾਹੁੰਦੇ ਤਾਂ ਹਨ

ਕਿ ਉਹ ਪਰਭਾਤ ਵੇਲੇ ਜਾਗਣ ਪਰ ਅਜ ਕਲ੍ਹ ਦੀ ਜ਼ਿੰਦਗੀ ਐਸੀ ਰੁਝੇਵਿਆਂ ਵਾਲੀ ਹੋ ਗਈ ਹੈ ਕਿ ਰਾਤ ਨੂੰ ਦੇਰ ਨਾਲ ਸੌਣ ਕਰਕੇ ਪਰਭਾਤ ਵੇਲੇ ਨੀਂਦਰ ਨਹੀਂ ਖੁਲ੍ਹਦੀ।

ਵਿਚਾਰੀਏ ਤਾਂ ਪਤਾ ਲਗੇਗਾ ਕਿ ਸਿਵਾਏ ਉਹਨਾਂ ਮਿਤਰਾਂ ਦੇ ਜਿਨ੍ਹਾਂ ਦੀ ਨੌਕਰੀ ਇਸ ਕਿਸਮ ਦੀ ਹੈ ਕਿ ਉਹਨਾਂ ਨੂੰ ਰਾਤ ਵੇਲੇ ਜਾਗਣਾ ਪੈਂਦਾ ਹੈ ਅਤੇ ਕੇਵਲ ਸਵੇਰਸਾਰ ਹੀ ਸੌਣ ਦਾ ਸਮਾਂ ਮਿਲਦਾ ਹੈ, ਬਾਕੀ ਦੇ ਮਿਤਰ ਆਪਣਾ ਸਮਾਂ ਜਿਵੇਂ ਚਾਹੁਣ ਗੁਜ਼ਾਰ ਸਕਦੇ ਹਨ। ਅਗਰ ਉਹ ਮਿਤਰ ਆਪਣੇ ਸਮੇਂ ਨੂੰ ਇਸ ਤਰ੍ਹਾਂ ਨਾਲ ਵੰਡਣ ਕਿ ਰਾਤ ਨੂੰ ਨੌਂ ਦਸ ਵਜੇ ਸੌਂ ਸਕਣ ਤਾਂ ਛੇ ਸਤ ਘੰਟੇ ਦੀ ਨੀਂਦਰ ਬਾਅਦ ਸਵੇਰੇ ਚਾਰ ਵਜੇ ਆਸਾਨੀ ਨਾਲ ਜਾਗ ਸਕਦੇ ਹਨ।

ਸਵਖਤੇ ਸੌਣ ਦੀ ਆਦਤ ਪਾਇਆਂ ਸਵੇਰੇ ਜਾਗਣ ਦੀ ਆਦਤ ਖ਼ੁਦ ਬਖ਼ੁਦ ਹੀ ਪੈ ਜਾਂਦੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਘੜੀ ਨੂੰ ਅਲਾਰਮ ਲਗਾ ਕੇ ਕੁਝ ਦਿਨ ਹਠ ਨਾਲ ਸਵੇਰੇ ਜਾਗਿਆਂ ਰਾਤੀਂ ਸਵਖਤੇ ਹੀ ਨੀਂਦਰ ਆਉਣ ਲਗ ਜਾਂਦੀ ਹੈ ਤੇ ਰਾਤ ਨੂੰ ਜਲਦੀ ਸੌਂ ਜਾਵੀਏ ਤਾਂ ਸਵੇਰੇ ਪਰਭਾਤ ਵੇਲੇ ਆਪੇ ਨੀਂਦਰ ਖੁਲ੍ਹ ਜਾਂਦੀ ਹੈ।

ਕਈ ਮਿਤਰ ਐਸੇ ਹੋ ਸਕਦੇ ਹਨ ਜਿਨ੍ਹਾਂ ਵਾਸਤੇ ਕਈ ਕਾਰਨਾਂ ਕਰਕੇ ਰਾਤੀਂ ਜਲਦੀ ਸੌਂ ਸਕਣਾ ਮੁਸ਼ਕਿਲ ਹੋਵੇ, ਐਸੇ ਮਿਤਰ ਅਗਰ ਚਾਹੁਣ ਤਾਂ ਐਸੀ ਆਦਤ ਪਾ ਸਕਦੇ ਹਨ ਕਿ ਰਾਤੀਂ ਦੇਰ ਨਾਲ ਸੌਣ ਦੇ ਬਾਵਜੂਦ ਵੀ ਉਹਨਾਂ ਦੀ ਨੀਂਦਰ ਪਰਭਾਤ ਵੇਲੇ ਜ਼ਰੂਰ ਖੁਲ੍ਹੇ ਅਤੇ ਉਸ ਸਮੇਂ ਉਹ ਸਿਮਰਨ ਅਭਿਆਸ ਅਤੇ ਗੁਰਬਾਣੀ ਦਾ ਪਾਠ ਕਰਕੇ ਮੁੜ ਸੌਂ ਜਾਣ ਅਤੇ ਆਪਣੀ ਬਾਕੀ ਦੀ ਨੀਂਦਰ ਪੂਰੀ ਕਰ ਲੈਣ। ਐਸਾ ਕਰਨਾ ਪਹਿਲੇ ਪਹਿਲ ਭਾਵੇਂ ਮੁਸ਼ਕਿਲ ਲਗੇ ਪਰ ਕੁਝ ਅਰਸੇ ਦੇ ਅਭਿਆਸ ਨਾਲ ਆਸਾਨ ਹੋ ਜਾਂਦਾ ਹੈ।

ਕਈ ਸਾਲ ਤੋਂ ਮੇਰੀ ਆਪਣੀ ਆਦਤ ਕੁਝ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਮੈਂ ਰਾਤ ਨੂੰ ਜਲਦੀ ਨਹੀਂ ਸੌਂ ਸਕਦਾ। ਅਠ ਨੌਂ ਵਜੇ ਰਾਤ ਦਾ ਖਾਣਾ ਖਾਣ ਦਾ ਰਿਵਾਜ ਅੱਜ ਕਲ੍ਹ ਵਧੇਰੇ ਪ੍ਰਚਲਤ ਹੋ ਗਿਆ ਹੈ। ਮੇਰੇ ਪਰਿਵਾਰ ਵਿਚ ਸਾਢੇ ਅਠ ਜਾਂ ਨੌਂ ਵਜੇ ਰਾਤ ਨੂੰ ਖਾਣਾ ਖਾਧਾ ਜਾਂਦਾ ਹੈ। ਖਾਣਾ ਖਾਣ ਤੋਂ ਬਾਅਦ ਮੈਂ ਅਸਮਾਨ ਦੇ ਹੇਠਾਂ ਟਹਿਲਦਾ ਰਹਿੰਦਾ ਹਾਂ

ਅਤੇ ਸਤਾਰਿਆਂ ਭਰੀ ਰਾਤ ਇਤਨੀ ਚੰਗੀ ਲਗਦੀ ਹੈ ਕਿ ਮੇਰਾ ਸਉਣ ਨੂੰ ਚਿਤ ਹੀ ਨਹੀਂ ਕਰਦਾ। ਸਾਢੇ ਗਿਆਰਾਂ ਜਾਂ ਬਾਰਾਂ ਵਜੇ ਜਦ ਮੈਂ ਥਕ ਜਾਂਦਾ ਹਾਂ ਤਾਂ ਮਜਬੂਰਨ ਸਤਾਰਿਆਂ ਤੋਂ ਵਿਛੜ ਕੇ ਕਮਰੇ ਅੰਦਰ ਜਾ ਕੇ ਪਲੰਘ ਤੇ ਲ਼ੇਟ ਜਾਂਦਾ ਹਾਂ ਪਰ ਦੇਰ ਨਾਲ ਸੌਣ ਦੇ ਬਾਵਜੂਦ ਵੀ ਮੈਂ ਚਾਰ ਘੰਟੇ ਤੋਂ ਵਧ ਨਹੀਂ ਸੌਂ ਸਕਦਾ। ਆਦਤ ਐਸੀ ਪੱਕੀ ਹੋ ਗਈ ਹੈ ਕਿ ਤਿੰਨ ਚਾਰ ਵਜੇ ਦੇ ਦਰਮਿਆਨ ਫਿਰ ਨੀਂਦਰ ਖੁਲ੍ਹ ਜਾਂਦੀ ਹੈ। ਦੋ ਘੰਟੇ ਦੇ ਸਿਮਰਨ ਅਭਿਆਸ ਤੋਂ ਬਾਅਦ ਮੈਂ ਫਿਰ ਦੋ-ਤਿੰਨ ਘੰਟੇ ਸੌਂ ਜਾਂਦਾ ਹਾਂ। ਇਸ ਤਰ੍ਹਾਂ ਦੇਰ ਨਾਲ ਸੌਂ ਕੇ ਵੀ ਅੰਮ੍ਰਿਤ ਵੇਲੇ ਜਾਗਣ ਦਾ ਅਨੰਦ ਮਾਣਿਆ ਜਾ ਸਕਦਾ ਹੈ।

ਅੰਮ੍ਰਿਤ ਵੇਲੇ ਜਾਗਣ ਦੇ ਚਾਹਵਾਨ ਅਗਰ ਰਾਤ ਨੂੰ ਸੌਣ ਵੇਲੇ ਵਾਹਿਗੁਰੂ ਜੀ ਨੂੰ ਇਹ ਗਲ ਆਖ ਕੇ ਸੌਣ ਕਿ ਸਚੇ ਪਾਤਸ਼ਾਹ, ਅੰਮ੍ਰਿਤ ਵੇਲੇ ਜ਼ਰੂਰ ਜਗਾ ਦੇਣਾ, ਤਾਂ ਉਹ ਇਹ ਦੇਖ ਕੇ ਹੈਰਾਨ ਹੋਣਗੇ ਕਿ ਵਾਹਿਗੁਰੂ ਜੀ ਉਹਨਾਂ ਦੀ ਇਕ ਵਾਰੀ ਜ਼ਰੂਰ ਅੰਮ੍ਰਿਤ ਵੇਲੇ ਨੀਂਦਰ ਖੋਲ੍ਹ ਦੇਣਗੇ। ਮੈਂ ਅਜ ਤਕ ਕਦੀ ਰਾਤ ਨੂੰ ਘੜੀ ਦਾ ਅਲਾਰਮ ਨਹੀਂ ਲਗਾਇਆ ਪਰ ਵਾਹਿਗੁਰੂ ਜੀ ਮੈਨੂੰ ਸਦਾ ਉਸੇ ਵੇਲੇ ਜਗਾਂਦੇ ਹਨ ਜਿਸ ਵੇਲੇ ਜਾਗਣ ਦੀ ਮੈਂ ਪਰਾਰਥਨਾ ਕਰਕੇ ਸੌਂਦਾ ਸੀ। ਦ੍ਰਿੜ ਵਿਸ਼ਵਾਸ ਨਾਲ ਵਾਹਿਗੁਰੂ ਜੀ ਨੂੰ ਅੰਗ ਸੰਗ ਜਾਣ ਕੇ ਅੰਮ੍ਰਿਤ ਵੇਲੇ ਉਠਣ ਦੀ ਪਰਾਰਥਨਾ ਕਰਕੇ ਸੌਂ ਜਾਵੀਏ ਤਾਂ ਜ਼ਰੂਰ ਅੰਮ੍ਰਿਤ ਵੇਲੇ ਸਾਡੀ ਨੀਂਦਰ ਖੋਲ੍ਹੀ ਜਾਵੇਗੀ।

ਗਰਮੀ

ਕਲਕੱਤੇ ਵਿਚ ਪਿਛਲੇ ਪੰਝੀ ਵਰ੍ਹਿਆਂ ਅੰਦਰ ਇਤਨੀ ਗਰਮੀ ਕਦੀ ਨਹੀਂ ਪਈ ਜਿਤਨੀ ਕਿ ੧੯੫੩ ਦੇ ਅਪਰੈਲ ਮਹੀਨੇ ਵਿਚ ਪਈ। ਮਈ-ਜੂਨ ਦੇ ਮਹੀਨੇ ਕਲਕੱਤੇ ਵਿਚ ਆਮ ਕਰਕੇ ਗਰਮ ਮਹੀਨੇ ਗਿਣੇ ਜਾਂਦੇ ਹਨ ਐਪਰ ਉਦੋਂ ਵੀ ਗਰਮੀ ਸੌ ਦਰਜੇ ਤੋਂ ਨਹੀਂ ਵਧਦੀ। ਅਪਰੈਲ ਦੇ ਮਹੀਨੇ ਵਿਚ ੧੦੮ ਡਿਗਰੀ ਗਰਮੀ ਕਲਕੱਤੇ ਵਾਸਤੇ ਘਰ ਘਰ ਦਾ ਚਰਚਾ ਬਣਿਆ ਹੋਇਆ ਸੀ।

ਇਸ ਮੌਸਮ ਵਿਚ ਜਦ ਗੁਰੂ ਗਰੰਥ ਸਾਹਿਬ ਦਾ ਪਾਠ ਕਰਨ ਬੈਠਾ ਤਾਂ ਇਹ ਮਹਾਂਵਾਕ ਪੜ੍ਹ ਕੇ ਅਗੇ ਪੜ੍ਹਨ ਨੂੰ ਦਿਲ ਨਾ ਕੀਤਾ :

ਪਿਰੀ ਮਿਲਾਵਾ ਜਾ ਥੀਐ
ਸਾਈ ਸੁਹਾਵੀ ਰੁਤਿ।
ਘੜੀ ਮੁਹਤੁ ਨਹ ਵੀਸਰੈ
ਨਾਨਕ ਰਵੀਐ ਨਿਤ।।

ਸ੍ਰੀ ਗੁਰੂ ਅਰਜਨ ਸਾਹਿਬ ਦਸਦੇ ਹਨ, ਸਾਨੂੰ, ਜੋ ਇੰਦਰੀਆਂ (Senses) ਦੀ ਦੁਨੀਆਂ ਨੂੰ ਸਭ ਕੁਝ ਸਮਝਦੇ ਹਾਂ, ਕਿ ਭਾਵੇਂ ਗਰਮੀ ਦੀ ਰੁਤ ਹੋਵੇ, ਹਰ ਇਕ ਰੁਤ ਸੁਹਾਵਣੀ ਤੇ ਅਨੰਦ-ਦਾਇਕ ਬਣ ਸਕਦੀ ਹੈ ਜੇਕਰ ਗੁਰਸਿਖ ਨੂੰ ਆਪਣੇ ਪਿਰ (ਸਵਾਮੀ) ਵਾਹਿਗੁਰੂ ਨਾਲ ਸੁਰਤ ਜੋੜਨ ਦਾ ਵਲ ਆਉਂਦਾ ਹੋਵੇ। ਕਿਉਂਕਿ ਵਾਹਿਗੁਰੂ ਜੀ ਵਿਚ ਗਰਮੀ, ਸਰਦੀ, ਦੁਖ, ਪਾਪ, ਸੰਤਾਪ, ਬੀਮਾਰੀ ਨਹੀਂ, ਇਸ ਕਰਕੇ ਜੋ ਸੁਰਤ ਵਾਹਿਗੁਰੂ ਜੀ ਨਾਲ ਲਿਵਲੀਨ ਹੋ ਸਕੇ, ਉਸ ਨੂੰ ਵੀ ਬਾਹਰ ਦੀ ਗਰਮੀ, ਸਰਦੀ, ਪਾਪ, ਦੁਖ, ਬੀਮਾਰੀ ਆਦਿ ਨਹੀਂ ਪੋਂਹਦੇ, ਜਿਵੇਂ ਡਾਹਡੀ ਗਰਮੀ ਵੇਲੇ ਠੰਡੇ ਚਸ਼ਮੇ ਵਿਚ ਚੁਭੀ ਲਾਇਆਂ ਗਰਮੀ ਦੂਰ ਹੋ ਜਾਂਦੀ ਹੈ ਅਤੇ ਚਸ਼ਮੇ ਦੇ ਪਾਣੀ

ਸਗਲ ਬਿਨਾਸੇ ਦਰਦਾ ਜੀਉ।

— — —

ਰੋਗ ਸੋਗ ਸਭਿ ਦੋਖ ਬਿਨਸਹਿ
ਜਪਤ ਨਾਮੁ ਮੁਰਾਰੀ।

ਗੁਰੂ ਘਰ ਦਾ ਇਹ ਦਾਅਵਾ ਹੈ ਕਿ ਜਦ ਵਾਹਿਗੁਰੂ ਦਾ ਨਾਮ, ਸਾਡੀ ਸੁਰਤ ਵਿਚ ਵਸਣ ਲਗ ਜਾਵੇ ਤਾਂ ਸਾਡੀ ਸੁਰਤ ਬਾਹਰ-ਮੁਖੀ ਗਿਆਨ ਇੰਦਰਿਆਂ ਨਾਲੋਂ ਟੁਟ ਜਾਂਦੀ ਹੈ ਅਤੇ ਅੰਤਰ ਆਤਮਾ ਤੋਂ ਨਿਕਲ ਰਹੇ ਮਹਾਂ ਅਨੰਦ ਨੂੰ ਮਾਣਦੀ ਹੈ। ਇਹ ਇਕ ਐਸਾ ਦਾਅਵਾ ਹੈ ਜਿਸ ਨੂੰ ਜੇ ਕਰ ਅਜ ਕਲ ਦੇ ਸਾਇੰਸ ਜੁਗ ਵਿਚ ਸਾਬਤ ਕਰਕੇ ਦਿਖਾਇਆ ਜਾਵੇ ਤਾਂ ਚਿੰਤਾ, ਫਿਕਰ, ਡਰ, ਪਰੇਸ਼ਾਨੀ, ਵੈਰ ਵਿਰੋਧ, ਵਿਚ ਸੜ ਰਹੀ ਦੁਨੀਆਂ ਨੂੰ ਸਦੀਵੀ ਸੁਖ ਚੈਨ ਨਿਰਵੈਰਤਾ ਤੇ ਨਿਰਭੈਤਾ ਪ੍ਰਾਪਤ ਹੋ ਸਕਦੀ ਹੈ। ਅਗਰ ਇਹ ਠੀਕ ਹੈ ਕਿ ਸਾਡੀ ਸੁਰਤ ਜਾਂ ਮਨ ਦੇ ਅੰਤਰ-ਮੁਖੀ ਹੋਣ ਨਾਲ ਇਸ ਦੇ ਸਾਰੇ ਬਾਹਰ-ਮੁਖੀ ਰੋਗ ਨਵਿਰਤ ਹੋ ਜਾਂਦੇ ਹਨ ਅਤੇ ਇਸ ਨੂੰ ਸ਼ਾਂਤੀ ਤੇ ਸੀਤਲਤਾ ਪ੍ਰਾਪਤ ਹੁੰਦੀ ਹੈ, ਤਾਂ ਗੁਰੂ ਘਰ ਦਾ ਨਾਮ ਜਪ ਕੇ ਨਾਮੀ (ਵਾਹਿਗੁਰੂ) ਨਾਲ ਅਭੇਦ ਹੋਣ ਦਾ ਹੁਨਰ ਸਾਰੇ ਜਗਤ ਵਿਚ ਠੰਢ ਵਰਤਾ ਸਕਦਾ ਹੈ। ਇਸ ਦੇ ਮੁਕਾਬਲੇ ਵਿਚ ਅਜ ਤਕ ਸਾਇੰਸ ਦੀਆਂ ਸਭ ਕਾਢਾਂ, ਸਭ ਖੋਜਾਂ ਇਸ ਲਈ ਹੇਚ ਹਨ ਕਿ ਉਹ ਸਾਰੀਆਂ ਮਿਲ ਕੇ ਵੀ ਸਾਡੇ ਮਨ ਨੂੰ ਸੀਤਲ ਸ਼ਾਂਤ, ਨਿਰਭੈ ਨਿਰਵੈਰ ਨਹੀਂ ਬਣਾ ਸਕਦੀਆਂ।

ਇਹਨਾਂ ਵਿਚਾਰਾਂ ਵਿਚ ਗੁੰਮ ਹੋ ਕੇ ਮੇਰੀ ਸੁਰਤ ਨੂੰ ਨਾ ਸਮੇਂ ਦਾ ਅਹਿਸਾਸ ਰਿਹਾ, ਨਾ ਸ੍ਰੀ ਗੁਰੂ ਗਰੰਥ ਸਾਹਿਬ ਵਾਲੇ ਕਮਰੇ ਤੋਂ ਬਾਹਰ ਪੈ ਰਹੀ ਗਰਮੀ ਦਾ। ਪਤਾ ਨਹੀਂ ਇਸ ਅਵਸਥਾ ਵਿਚ ਕਿਤਨਾ ਚਿਰ ਗੁਜ਼ਰ ਗਿਆ। ਮੁੜ ਹੋਸ਼ ਆਉਣ ਉਤੇ ਸ੍ਰੀ ਗੁਰੂ ਗਰੰਥ ਸਾਹਿਬ ਅਗੇ ਮਥਾ ਟੇਕਦਿਆਂ ਦਿਲ ਦੀ ਅਗੰਮੀ ਗਹਿਰਾਈ ਵਿਚੋਂ ਇਹ ਅਰਦਾਸ ਨਿਕਲੀ:

'ਸਚੇ ਪਾਤਸ਼ਾਹ — ਜਗਤ ਜਲੰਦੇ ਨੂੰ ਆਪਣੇ ਨਾਮ ਦੀ ਦਾਤ ਬਖਸ਼, ਨਾਮ ਦੀ ਮਹੱਤਤਾ ਦੀ ਸਮਝ ਬਖਸ਼, ਨਾਮ ਜਪਣ ਦੀ ਅੰਦਰੋਂ ਪਰੇਰਨਾ ਬਖਸ਼, ਨਾਮ ਜਪ ਕੇ ਆਪਣੇ ਚਰਨਾਂ ਨਾਲ ਜੁੜਨ ਦਾ ਹੁਨਰ ਬਖਸ਼।'

❑ ❑ ❑

ਦੀ ਠੰਡਕ ਸਰੀਰ ਤੇ ਅਸਰ ਪਾ ਕੇ ਤਨ ਤੇ ਮਨ ਨੂੰ ਸੀਤਲ ਕਰ ਦਿੰਦੀ ਹੈ, ਉਸੇ ਤਰ੍ਹਾਂ ਸਾਡੇ ਸਭ ਦੇ ਅੰਦਰ ਇਕ ਐਸਾ ਠੰਡਾ ਤੇ ਅਨੰਦ-ਦਾਇਕ ਚਸ਼ਮਾ ਹੈ, ਜਿਸ ਵਿਚ ਜਦ ਸਾਡੀ ਸੁਰਤ ਚੁਭੀ ਲਾਵੇ ਤਾਂ ਬਾਹਰ ਦੁਨੀਆਂ ਵਿਚ ਪੈ ਰਹੀ ਗਰਮੀ, ਸਰਦੀ, ਬਾਹਰ ਦੁਨੀਆਂ ਵਿਚ ਮਹਿਸੂਸ ਹੋ ਰਹੇ ਦੁਖ ਕਲੇਸ਼, ਚਿੰਤਾ ਫਿਕਰ, ਦੂਰ ਹੋ ਜਾਂਦੇ ਹਨ। ਗੁਰਬਾਣੀ ਦਾ ਸਭ ਤੋਂ ਵਡਾ ਦਾਅਵਾ ਹੀ ਇਹ ਹੈ ਕਿ ਸਾਡੇ ਸਭ ਦੇ ਅੰਦਰ ਜੋ ਤੀਰਥਾਂ ਦਾ ਤੀਰਥ, ਆਤਮ-ਤੀਰਥ ਹੈ, ਉਸ ਵਿਚ ਜਦ ਵੀ ਸਾਡੀ ਸੁਰਤ ਚੁਭੀ ਲਾਵੇ, ਤਾਂ ਇਸ ਨੂੰ ਬਾਹਰ ਦੀ ਦੁਨੀਆਂ ਵਿਚ ਮਹਿਸੂਸ ਹੋ ਰਹੀ ਸਰਦੀ, ਗਰਮੀ ਦੁਖ ਕਲੇਸ਼, ਪਾਪ, ਸੰਤਾਪ ਅਲੋਪ ਹੋ ਜਾਂਦੇ ਹਨ ਅਤੇ ਅੰਦਰ ਆਤਮਾ ਵਿਚੋਂ ਨਿਕਲ ਰਿਹਾ ਮਹਾਂ ਅਨੰਦ, ਸੀਤਲ ਤੇ ਸ਼ਾਂਤ ਦਿੰਦਾ ਹੈ।

ਆਸਾੜੁ ਤਪੰਦਾ ਤਿਸੁ ਲਗੈ
ਹਰਿ ਨਾਹੁ ਨ ਜਿੰਨਾ ਪਾਸਿ।

ਹਾੜ ਦਾ "ਸਖਤ ਗਰਮ" ਮਹੀਨਾ ਤਿਸ ਨੂੰ ਤਪਿਆ ਹੋਇਆ ਲਗੇਗਾ ਜਿਸ ਪਾਸ ਹਰੀ ਰੂਪੀ (ਵਾਹਿਗੁਰੂ) ਨਾਹੁ (ਪਤੀ) ਨਾ ਹੋਵੇ ਜਾਂ ਜਿਸ ਗੁਰਸਿਖ ਨੂੰ ਆਪਣੇ ਅੰਦਰ ਬਿਰਾਜਨ ਵਾਲੇ ਵਾਹਿਗੁਰੂ ਜੀ ਨਾਲ ਸੁਰਤ ਜੋੜਨੀ ਨਾ ਆਵੇ।

ਪੋਖਿ ਤੁਖਾਰੁ ਨਾ ਵਿਆਪਈ
ਕੰਠਿ ਮਿਲਿਆ ਹਰਿ ਨਾਹੁ।

ਪੋਹ ਦੇ ਮਹੀਨੇ ਦੀ ਬਰਫ ਵਰਗੀ ਸਖ਼ਤ ਸਰਦੀ ਉਸ ਨੂੰ ਨਹੀਂ ਲਗੇਗੀ, ਜਿਸ ਨੂੰ ਹਰੀ ਰੂਪੀ (ਵਾਹਿਗੁਰੂ) ਪਤੀ (ਨਾਹੁ) ਨਾਲ ਗਲ ਲਗਣਾ ਆਉਂਦਾ ਹੈ, ਜਾਂ ਜਿਸ ਗੁਰਸਿਖ ਨੂੰ ਆਪਣੀ ਸੁਰਤ ਵਾਹਿਗੁਰੂ ਨਾਲ ਜੋੜਨੀ ਆਉਂਦੀ ਹੈ।

ਦੂਖੁ ਦਰਦੁ ਭਰਮੁ ਭਉ ਨਸਿਆ।
ਕਰਣਹਾਰੁ ਨਾਨਕ ਮਨਿ ਬਸਿਆ।

— — —

ਨਾਮੁ ਅਉਖਧੁ ਮੋ ਕਉ ਸਾਧੂ ਦੀਆ।
ਕਿਲਬਿਖ ਕਾਟੇ ਨਿਰਮਲੁ ਥੀਆ।
ਅਨਦੁ ਭਇਆ ਨਿਕਸੀ ਸਭ ਪੀਰਾ

ਕੀ ਆਪ ਇਸਤਰੀ ਹੋ ?

ਜੇ ਆਪ ਇਸਤਰੀ ਹੋ ਅਤੇ ਗਰਿਹਸਤੀ ਹੋ, ਆਪਣਾ ਬਾਗ ਪਰਿਵਾਰ ਹੈ, ਬਾਲ ਬੱਚੇ ਹਨ ਅਤੇ ਸਿਰ ਤੇ ਬਹੁਤ ਜ਼ਿੰਮੇਵਾਰੀਆਂ ਹਨ, ਸਵੇਰ ਤੋਂ ਰਾਤ ਤਕ ਬਹੁਤ ਕੰਮ ਕਰਨਾ ਪੈਂਦਾ ਹੈ ਅਤੇ ਇਸ ਕਰਕੇ ਗੁਰਦਵਾਰੇ ਜਾਣ ਦਾ, ਸਿਮਰਨ ਕਰਨ ਦਾ, ਸਾਧ ਸੰਗਤ ਕਰਨ ਦਾ ਮੌਕਾ ਨਹੀਂ ਮਿਲਦਾ, ਤਾਂ ਫਿਰ ਇਸ ਲੇਖ ਨੂੰ ਚੰਗੀ ਤਰ੍ਹਾਂ ਸਮਝ ਕੇ ਪੜ੍ਹੋ। ਤੁਹਾਨੂੰ ਘਰ ਬੈਠਿਆਂ ਹੀ ਸਭ ਤੀਰਥਾਂ ਦੇ ਫਲ, ਸਾਧ ਸੰਗਤ ਦੇ ਲਾਭ ਪਰਾਪਤ ਹੋ ਸਕਦੇ ਹਨ।

ਸਾਨੂੰ ਕਈ ਬੀਬੀਆਂ ਨੇ ਐਸਾ ਆਖਿਆ ਹੈ ਕਿ 'ਜੀਅ ਤਾਂ ਬਹੁਤ ਕਰਦਾ ਹੈ ਗੁਰਦਵਾਰੇ ਰੋਜ਼ ਜਾਣ ਨੂੰ, ਸਾਧ ਸੰਗਤ ਦੇ ਦਰਸ਼ਨ ਕਰਨ ਨੂੰ, ਸਤਸੰਗ ਦਾ ਲਾਭ ਉਠਾਉਣ ਨੂੰ ਪਰ ਕੀ ਕੀਤਾ ਜਾਵੇ, ਦਿਨ ਚੜ੍ਹਦਿਆਂ ਹੀ ਸਾਡੇ ਫਰਜ਼ ਸ਼ੁਰੂ ਹੋ ਜਾਂਦੇ ਹਨ ਅਤੇ ਰਾਤ ਸੌਣ ਤਕ ਗਰਿਹਸਤ ਦੇ ਧੰਦਿਆਂ ਤੋਂ ਵੇਹਲ ਨਹੀਂ ਮਿਲਦਾ। ਸਵੇਰੇ ਉਠ ਕੇ ਬੱਚਿਆਂ ਨੂੰ ਤਿਆਰ ਕਰੀਦਾ ਹੈ, ਉਹਨਾਂ ਨੂੰ ਚਾਹ-ਦੁਧ ਆਦਿ ਦੇਈਦਾ ਹੈ ਅਤੇ ਸਕੂਲ ਭੇਜੀਦਾ ਹੈ। ਫਿਰ ਸਰਦਾਰ ਸਾਹਿਬ ਦੇ ਦਫਤਰ, ਦੁਕਾਨ ਜਾਂ ਕੰਮ ਤੇ ਜਾਣ ਦਾ ਵਕਤ ਹੋ ਜਾਂਦਾ ਹੈ। ਚਾਹ ਜਾਂ ਖਾਣਾ ਆਦਿ ਤਿਆਰ ਕਰਨਾ ਪੈਂਦਾ ਹੈ। ਸਰਦਾਰ ਸਾਹਿਬ ਦੇ ਦਫਤਰ ਜਾਣ ਮਗਰੋਂ ਫਿਰ ਘਰ ਦਾ ਧਿਆਨ ਅਤੇ ਲੰਚ (ਦੁਪਹਿਰ ਦਾ ਖਾਣਾ) ਦੀ ਤਿਆਰੀ ਕਰਨੀ ਪੈਂਦੀ ਹੈ, ਬਾਜ਼ਾਰ ਤੋਂ ਚੀਜ਼ਾਂ ਆਦਿ ਖਰੀਦਣੀਆਂ ਹੁੰਦੀਆਂ ਹਨ। ਲੰਚ ਇਕ ਡੇਢ ਵਜੇ ਦੁਪਹਿਰ ਤੋਂ ਢਾਈ ਤਿੰਨ ਵਜੇ ਤਕ ਮਸਾਂ ਖ਼ਤਮ ਹੁੰਦਾ ਹੈ। ਸਿਲਾਈ ਕਸੀਦਾ, ਕਪੜੇ ਸਿਉਣੇ, ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਖ਼ਤ ਲਿਖਣੇ ਆਦਿ ਕੰਮਾਂ ਵਿਚ ਲੌਢਾ ਪਹਿਰ ਹੋ ਜਾਂਦਾ ਹੈ। ਉਸ ਵਕਤ ਬਚੇ ਸਕੂਲਾਂ ਕਾਲਜਾਂ ਤੋਂ ਵਾਪਸ ਆਉਂਦੇ ਹਨ ਅਤੇ ਸਰਦਾਰ ਸਾਹਿਬ ਦਫਤਰ ਜਾਂ ਕੰਮ ਤੋਂ ਮੁੜਦੇ ਹਨ। ਚਾਹ ਆਦਿ

ਤਿਆਰ ਕਰਵਾਣ ਤੇ ਪਰਿਵਾਰ ਵਿਚ ਬੈਠ ਕੇ ਪੀਣ ਪਿਲਾਣ ਵਿਚ ਦੋ ਘੰਟੇ ਲਗ ਜਾਂਦੇ ਹਨ। ਸ਼ਾਮ ਨੂੰ ਜਾਂ ਕੋਈ ਮਿਤਰ, ਜਾਂ ਰਿਸ਼ਤੇਦਾਰ ਘਰ ਮਿਲਣ ਆ ਜਾਂਦਾ ਹੈ, ਜਾਂ ਸਾਨੂੰ ਕਿਸੇ ਰਿਸ਼ਤੇਦਾਰ ਜਾਂ ਮਿੱਤਰ ਨੂੰ ਮਿਲਣ ਜਾਣਾ ਪੈਂਦਾ ਹੈ। ਕਦੀ ਸਿਨੇਮਾ ਤਮਾਸ਼ਾ ਵੀ ਦੇਖਣ ਚਲੇ ਜਾਈਦਾ ਹੈ ਉਪਰੰਤ ਰਾਤ ਦਾ ਖਾਣਾ ਖਾਂਦਿਆਂ ਨੌਂ ਦਸ ਵਜ ਜਾਂਦੇ ਹਨ ਅਤੇ ਸੌਣ ਦਾ ਵਕਤ ਹੋ ਜਾਂਦਾ ਹੈ। ਸਾਰੇ ਦਿਨ ਦੇ ਕੰਮ ਕਾਜ ਤੇ ਗਰਿਹਸਤ ਦੇ ਖਲਜਗਨ ਮਗਰੋਂ ਸਰੀਰ ਥਕ ਜਾਂਦਾ ਹੈ ਅਤੇ ਰਾਤ ਪਤਾ ਨਹੀਂ ਲਗਦਾ ਕਿ ਰਾਤ ਕਿਧਰ ਚਲੀ ਜਾਂਦੀ ਹੈ ਫੇਰ ਸਵੇਰਾ ਹੁੰਦੇ ਹੀ ਗਰਿਹਸਤ ਦਾ ਸਾਰਾ ਕੰਮ ਮੁਢੋਂ ਸ਼ੁਰੂ ਹੋ ਜਾਂਦਾ ਹੈ।

ਐਸੀਆਂ ਬੀਬੀਆਂ ਇਹ ਵੀ ਆਖਦੀਆਂ ਸੁਣੀਆਂ ਗਈਆਂ ਹਨ ਕਿ ਔਰਤ ਦਾ ਜਾਮਾ ਹੈ ਹੀ ਨਖਿਦ ਤੇ ਘਟੀਆ। ਇਸ ਦੀ ਸਾਰੀ ਉਮਰ ਬੱਚੇ ਪੈਦਾ ਕਰਕੇ ਉਹਨਾਂ ਨੂੰ ਵਡਿਆਂ ਕਰਨ ਵਿਚ ਹੀ ਲਗ ਜਾਂਦੀ ਹੈ। ਛੋਟੀ ਉਮਰ ਵਿਚ ਪਹਿਲੇ ਔਰਤ ਨੂੰ ਮਾਪਿਆਂ ਦੀ ਮੁਥਾਜੀ ਹੁੰਦੀ ਹੈ, ਜਵਾਨ ਹੋ ਕੇ ਪਤੀ ਦੀ ਤਾਬਿਆਦਾਰੀ ਵਿਚ ਜੀਵਨ ਬਤੀਤ ਕਰਨਾ ਪੈਂਦਾ ਹੈ ਅਤੇ ਬੁਢਾਪੇ ਵਿਚ ਪੁੱਤਰਾਂ ਦਾ ਮੂੰਹ ਤਕਣਾ ਪੈਂਦਾ ਹੈ। ਔਰਤ ਦਾ ਸਾਰਾ ਜੀਵਨ ਹੀ ਗੁਲਾਮੀ ਵਿਚ ਜਾਂ ਪਰਿਵਾਰ ਦੀ ਸੇਵਾ ਵਿਚ ਗੁਜ਼ਰਦਾ ਹੈ। ਇਸ ਨੂੰ ਕਦੀ ਆਜ਼ਾਦੀ ਤੇ ਸੁਖ ਦਾ ਸਾਹ ਨਹੀਂ ਮਿਲਦਾ। ਬੱਚੇ ਪੈਦਾ ਕਰਨ ਵੇਲੇ ਔਰਤ ਦਾ ਬਿਲਕੁਲ ਨਵਾਂ ਜਨਮ ਹੁੰਦਾ ਅਤੇ ਓਹ ਮਰ ਕੇ ਮਸਾਂ ਬਚਦੀ ਹੈ।

ਐਸੀਆਂ ਮਾਤਾਵਾਂ ਅਤੇ ਭੈਣਾਂ ਜਿਨ੍ਹਾਂ ਦਾ ਜੀਵਨ ਅਤੇ ਜੀਵਨ ਸੰਬੰਧੀ ਖ਼ਿਆਲ ਉਪਰ ਲਿਖੇ ਨਾਲ ਕੁਝ ਮਿਲਦੇ ਜੁਲਦੇ ਹਨ, ਉਹਨਾਂ ਦੀ ਸੇਵਾ ਵਿਚ ਅਜ ਅਸੀਂ ਇਸ ਲੇਖ ਰਾਹੀਂ ਬੜੀ ਹੀ ਜ਼ਰੂਰੀ ਬੇਨਤੀ ਕਰਨੀ ਹੈ। ਉਹਨਾਂ ਬੀਬੀਆਂ ਨੂੰ ਅਜ ਅਸੀਂ ਜੀਵਨ ਦਾ ਇਕ ਐਸਾ ਢੰਗ ਜਾਂ ਜੀਵਨ ਜਾਚ ਦਸਣੀ ਹੈ, ਜਿਸ ਤੇ ਅਮਲ ਕਰਕੇ ਉਹ ਬਗੈਰ ਕਿਸੇ ਖਾਸ ਖੇਚਲ ਦੇ ਤੇ ਖਾਸ ਉਪਰਾਲੇ ਦੇ ਐਸਾ ਉਚਾ ਜੀਵਨ ਬਤੀਤ ਕਰ ਸਕਣਗੀਆਂ, ਕਿ ਜਿਸ ਜੀਵਨ ਨੂੰ ਬੜੇ ਬੜੇ ਸੰਤ ਮਹਾਤਮਾ ਤਰਸਦੇ ਹਨ।

ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿਖਸ਼ਾ ਅਨੁਸਾਰ ਸਭ ਤੋਂ ਉਚੇ ਤੇ ਬੜੇ ਗੁਰਸਿਖ ਉਹ ਹਨ, ਜਿਨ੍ਹਾਂ ਨੂੰ ਉਠਦਿਆਂ ਬੈਠਦਿਆਂ, ਸੌਂਦਿਆਂ

ਜਾਗਦਿਆਂ ਸ੍ਰੀ ਵਾਹਿਗੁਰੂ ਜੀ ਨਹੀਂ ਭੁਲਦੇ। ਗੁਰਦਵਾਰਿਆਂ ਵਿਚ ਜਾ ਕੇ, ਸਾਧ ਸੰਗਤ ਵਿਚ ਕਥਾ ਕੀਰਤਨ ਸੁਣ ਕੇ, ਗੁਰਬਾਣੀ ਨੂੰ ਪੜ੍ਹ ਕੇ ਉਪਦੇਸ਼ ਇਕੋ ਮਿਲਦਾ ਹੈ ਕਿ ਸਭ ਤੋਂ ਉੱਚਾ ਜੀਵਨ ਉਹ ਹੈ ਜਿਹੜਾ ਕਰਤਾਰ ਦੀ ਯਾਦ ਵਿਚ, ਕਰਤਾਰ ਦੀ ਸੇਵਾ ਵਿਚ, ਕਰਤਾਰ ਦੇ ਵਾਸਤੇ ਕਰਤਾਰ ਦਾ ਬਣ ਕੇ ਗੁਜ਼ਰੇ।

ਅਗਰ ਬੀਬੀਆਂ ਕੇਵਲ ਇਕ ਆਦਤ ਪਾ ਲੈਣ ਕਿ ਉਹ ਹਰ ਚੀਜ਼ ਵਿਚ, ਹਰ ਥਾਂ ਤੇ ਹਰ ਵੇਲੇ ਸ੍ਰੀ ਵਾਹਿਗੁਰੂ ਜੀ ਨੂੰ ਵੇਖਣ ਤਾਂ ਉਹਨਾਂ ਦਾ ਸਾਰਾ ਜੀਵਨ ਖ਼ੁਦ ਬਖ਼ੁਦ ਉਚੇ ਤੋਂ ਉਚਾ ਹੋ ਜਾਵੇਗਾ। ਵਾਹਿਗੁਰੂ ਜੀ ਤਾਂ ਹਰ ਥਾਂ, ਹਰ ਚੀਜ਼ ਵਿਚ, ਹਰ ਵੇਲੇ ਅਗੇ ਹੀ ਹਨ। ਉਹਨਾਂ ਨੂੰ ਅਸਾਂ ਹਰ ਚੀਜ਼ ਵਿਚ ਕੇਵਲ ਵੇਖਣ ਦੀ ਆਦਤ ਪਾ ਲੈਣੀ ਹੈ। ਹਰ ਬੱਚੇ ਵਿਚ ਵਾਹਿਗੁਰੂ ਤਾਂ ਅਗੇ ਹੀ ਹੈ, ਜੇਕਰ ਮਾਤਾ ਬੱਚੇ ਨੂੰ ਪਿਆਰ ਕਰਦੀ, ਉਸ ਨਾਲ ਖੇਡਦੀ, ਉਸ ਨੂੰ ਖਿਡਾਂਦੀ, ਉਸ ਨੂੰ ਨਲ੍ਹਾਂਦੀ, ਕਪੜੇ ਪਾਂਦੀ ਤੇ ਸਵਾਂਦੀ, ਉਸ ਵਿਚ ਵਾਹਿਗੁਰੂ ਜੀ ਵੇਖੇ, ਉਸ ਮਾਤਾ ਦਾ ਬੱਚੇ ਨਾਲ ਬੀਤਿਆ ਸਾਰਾ ਸਮਾਂ ਸਫਲ ਹੋ ਜਾਂਦਾ ਹੈ। ਬੱਚੇ ਨਾਲ ਸਾਰਾ ਐਸਾ ਬੀਤਿਆ ਸਮਾਂ ਇਕ ਸਤਿਸੰਗ ਬਣ ਜਾਂਦਾ ਹੈ। ਜਦ ਮਾਤਾ ਨੂੰ ਆਪਣੇ ਬੱਚੇ ਵਿਚ, ਬੱਚੇ ਦੀ ਬਜਾਏ, ਵਾਹਿਗੁਰੂ ਵੇਖਣ ਦਾ ਵਲ ਆ ਜਾਵੇ ਅਤੇ ਉਸ ਦੀ ਐਸੀ ਮਸ਼ਕ ਪੱਕ ਜਾਵੇ ਤਾਂ ਉਸ ਨੂੰ ਆਪਣੇ ਬੱਚੇ ਦੀਆਂ ਅੱਖਾਂ ਵਿਚੋਂ, ਬੱਚੇ ਦੇ ਚਿਹਰੇ ਵਿਚੋਂ, ਬੱਚੇ ਦੇ ਹਸਣ ਵਿਚੋਂ ਸ੍ਰੀ ਵਾਹਿਗੁਰੂ ਜੀ ਦੇ ਦਰਸ਼ਨ ਹੋਣ ਲਗ ਪੈਣਗੇ।

ਐਸਾ ਕਰਨਾ ਕੋਈ ਮੁਸ਼ਕਿਲ ਨਹੀਂ, ਕੇਵਲ ਆਦਤ ਪਾਣ ਦੀ ਲੋੜ ਹੈ, ਬੱਚੇ ਵਿਚ ਵਾਹਿਗੁਰੂ ਵੇਖਣ ਦੀ ਰੋਜ਼ਾਨਾ ਮਸ਼ਕ ਦੀ ਲੋੜ ਹੈ। ਮੇਰੇ ਮਾਤਾ ਜੀ ਜਦ ਮੈਂ ਅਜੇ ਢਾਈ ਸਾਲ ਦਾ ਹੀ ਸੀ, ਤਾਂ ਅਕਾਲ ਪੁਰਖ ਦੇ ਚਰਨਾਂ ਵਿਚ ਸਮਾ ਗਏ ਸੀ। ਮੈਨੂੰ ਮੇਰੀ ਦਾਦੀ ਜੀ ਨੇ, ਜਿਨ੍ਹਾਂ ਨੂੰ ਮੈਂ 'ਮਾਂ ਜੀ' ਆਖਦਾ ਹੁੰਦਾ ਸੀ, ਪਾਲਿਆ ਤੇ ਵਡਾ ਕੀਤਾ। ਜਦ ਮੈਂ ਅੱਠ ਦਸ ਸਾਲ ਦਾ ਸੀ, ਤਦ ਮੇਰੀ ਮਾਂ ਜੀ (ਦਾਦੀ ਜੀ) ਆਖਦੇ ਹੁੰਦੇ ਸਨ ਕਿ ਮੈਂ ਜਿਸ ਦਿਨ ਤੋਂ ਪੈਦਾ ਹੋਇਆ ਸੀ, ਮੇਰੀ ਮਾਤਾ ਮੇਰੇ ਅੰਦਰ ਬਜਾਏ ਬੱਚਾ ਦੇਖਣ ਜਾਂ ਆਪਣਾ ਪੁੱਤਰ ਦੇਖਣ ਦੇ, ਸ੍ਰੀ ਵਾਹਿਗੁਰੂ ਜੀ ਨੂੰ ਦੇਖਦੀ ਹੁੰਦੀ ਸੀ। ਮਾਂ ਜੀ ਮੈਨੂੰ ਦਸਦੇ ਹੁੰਦੇ ਸਨ ਕਿ ਮੇਰੀ ਮਾਤਾ ਮੈਨੂੰ ਜਦ ਵੀ

ਪਿਆਰ ਕਰਦੀ, ਜਦ ਵੀ ਖਿਡਾਂਦੀ ਤਾਂ ਇਹ ਗੀਤ ਗਾਂਦੀ ਹੁੰਦੀ ਸੀ — "ਸਾਡੇ ਆਪ ਹਰੀ ਘਰ ਆਏ ਜੀ — ਸਾਡੇ ਭਾਗ ਭਲੇ। 'ਜਿਉਂ ਜਿਉਂ ਮੈਂ ਵਡਾ ਹੁੰਦਾ ਗਿਆ ਤਿਉਂ ਤਿਉਂ ਗੁਰਬਾਣੀ ਦੀ ਰੌਸ਼ਨੀ ਵਿਚ ਮੈਨੂੰ ਮਾਲੂਮ ਹੋਣ ਲਗ ਪਿਆ ਕਿ ਮੇਰੀ ਮਾਤਾ ਕੋਈ ਬੜੀ ਗੁਰਮੁਖ ਬੀਬੀ ਸੀ, ਜਿਸ ਨੂੰ ਗੁਰਦਵਾਰਿਆਂ ਵਿਚ ਬਹੁਤਾ ਨਾ ਜਾਣ ਦੇ ਬਾਵਜੂਦ ਵੀ, ਗੁਰਬਾਣੀ ਦੇ ਮੁਢਲੇ ਉਪਦੇਸ਼ ਦਾ ਸੁਤੇ ਸਿਧ ਗਿਆਨ ਸੀ ਅਤੇ ਉਹ ਆਪਣੇ ਪਰਿਵਾਰ ਵਿਚ ਆਪਣੇ ਬੱਚੇ ਵਿਚ, ਸ੍ਰੀ ਵਾਹਿਗੁਰੂ ਜੀ ਨੂੰ ਦੇਖਦੀ ਸੀ।

ਜਦ ਪਰਿਵਾਰ ਦੇ ਸਾਰੇ ਮੈਂਬਰਾਂ ਵਿਚ ਵਾਹਿਗੁਰੂ ਦਿਸਣ ਲਗ ਜਾਵੇ ਤਾਂ ਉਸ ਪਰਿਵਾਰ ਦੀ ਸੇਵਾ, ਸ੍ਰੀ ਵਾਹਿਗੁਰੂ ਜੀ ਦੀ ਸੇਵਾ ਬਣ ਜਾਂਦੀ ਹੈ। ਜੋ ਬੀਬੀ ਆਪਣੇ ਬੱਚਿਆਂ ਵਿਚ, ਆਪਣੇ ਪਤੀ ਵਿਚ, ਆਪਣੇ ਨੌਕਰਾਂ ਵਿਚ ਅਤੇ ਆਪਣੇ ਰਿਸ਼ਤੇਦਾਰਾਂ ਵਿਚ ਵਾਹਿਗੁਰੂ ਨੂੰ ਹਾਜ਼ਰਾ ਹਜ਼ੂਰ ਦੇਖਣ ਤੇ ਸਮਝਣ ਲਗ ਜਾਵੇ, ਉਸ ਦਾ ਸਾਰਾ ਦਿਨ, ਸਾਰੀ ਰਾਤ ਤੇ ਸਾਰਾ ਜੀਵਨ ਹੀ ਸਤਿਸੰਗ ਹੈ। ਉਸ ਬੀਬੀ ਦਾ ਕਿਚਨ (ਰਸੋਈ ਘਰ) ਇਕ ਪਵਿੱਤਰ ਮੰਦਰ ਹੈ, ਉਸ ਬੀਬੀ ਦਾ ਖਾਣੇ ਦਾ ਕਮਰਾ ਇਕ ਸਤਿਸੰਗ ਹੈ, ਉਸ ਬੀਬੀ ਦਾ ਘਰ ਇਕ ਸਵਰਗ ਹੈ। ਉਹ ਬੀਬੀ ਕਰਦੀ ਸਭ ਕੁਝ ਉਹੋ ਹੈ ਜੋ ਹੋਰ ਦੂਸਰੀਆਂ ਬੀਬੀਆਂ ਕਰਦੀਆਂ ਹਨ, ਪਰ ਉਸ ਦੀ ਦਰਿਸ਼ਟੀ ਹੋਰ ਹੁੰਦੀ ਹੈ। ਉਹ ਖਾਣਾ ਸ੍ਰੀ ਵਾਹਿਗੁਰੂ ਜੀ ਲਈ ਪਕਾਉਂਦੀ ਹੈ, ਉਹ ਕਪੜੇ ਸ੍ਰੀ ਵਾਹਿਗੁਰੂ ਜੀ ਦੇ ਸਿਉਂਦੀ ਹੈ, ਉਹ ਖਾਣਾ ਸ੍ਰੀ ਵਾਹਿਗੁਰੂ ਜੀ ਨੂੰ ਖਿਲਾਉਂਦੀ ਹੈ। ਉਸ ਦਾ ਜੀਵਨ ਸ੍ਰੀ ਵਾਹਿਗੁਰੂ ਜੀ ਦਾ ਇਕ ਅਦੁਤੀ ਤੇ ਅਮਲੀ ਕੀਰਤਨ ਬਣ ਜਾਂਦਾ ਹੈ, ਇਕ ਅਮਲੀ ਸਿਮਰਨ ਬਣ ਜਾਂਦਾ ਹੈ।

ਐਸੀ ਬੀਬੀ ਨੂੰ ਜੇਕਰ ਗੁਰਦਵਾਰੇ ਜਾਣ ਦਾ ਸਮਾਂ ਨਹੀਂ ਮਿਲਦਾ ਤਾਂ ਕੀ ਹੋਇਆ, ਉਸ ਨੇ ਆਪਣਾ ਘਰ ਹੀ ਗੁਰਦਵਾਰਾ ਬਣਾ ਲਿਆ ਹੈ। ਅਸਲ ਗੁਰਦਵਾਰਾ ਉਹ ਅਸਥਾਨ ਹੈ ਜਿਥੇ ਗੁਰੂ ਗਰੰਥ ਸਾਹਿਬ ਦੇ ਉਚ ਉਪਦੇਸ਼ਾਂ ਦੀ ਅਮਲੀ ਵਰਤੋਂ ਹੋਵੇ, ਜਿਥੇ ਗੁਰ ਉਪਦੇਸ਼ ਜੀਵਨ ਅਤੇ ਜੀਵਨ ਗੁਰ ਉਪਦੇਸ਼ ਬਣ ਜਾਵੇ।

ਮੈਨੂੰ ਕਈ ਐਸੀਆਂ ਬੀਬੀਆਂ ਨੇ, ਜੋ ਆਤਮ ਸਾਇੰਸ ਅਨੁਸਾਰ ਜੀਵਨ ਬਤੀਤ ਕਰ ਰਹੀਆਂ ਹਨ ਅਤੇ ਸ੍ਰੀ ਵਾਹਿਗੁਰੂ ਜੀ ਨੂੰ ਆਪਣੇ ਪਰਿਵਾਰ

ਵਿਚ ਦੇਖਦੀਆਂ ਹਨ, ਲਿਖਿਆ ਹੈ ਅਤੇ ਜ਼ਬਾਨੀ ਦਸਿਆ ਹੈ ਕਿ ਉਹਨਾਂ ਨੂੰ ਹੁਣ ਕਦੀ ਗੁੱਸਾ ਨਹੀਂ ਆਉਂਦਾ, ਕਦੀ ਥਕੇਵਾਂ ਨਹੀਂ ਚੜ੍ਹਦਾ, ਕਦੀ ਫਿਕਰ, ਚਿੰਤਾ ਤੇ ਡਰ ਨਹੀਂ ਆਉਂਦੇ। ਉਹਨਾਂ ਦੇ ਘਰ ਵਿਚ ਅਗੇ ਨਾਲੋਂ ਵਧੇਰੇ ਬਰਕਤਾਂ ਤੇ ਖੁਸ਼ਹਾਲੀ ਆ ਗਈ ਹੈ, ਉਹਨਾਂ ਦੇ ਘਰ ਤੋਂ ਚਿੰਤਾ, ਫਿਕਰ, ਪਾਪ ਤੇ ਬੀਮਾਰੀ ਦੂਰ ਹੋ ਗਏ ਹਨ। ਉਹਨਾਂ ਦੇ ਘਰ ਸਵਰਗ ਬਣ ਗਏ ਹਨ।

ਇਸ ਦਾ ਕਾਰਨ ਇਹ ਹੈ ਕਿ ਉਹ ਬੀਬੀਆਂ ਗੁਰਬਾਣੀ ਦੇ ਸਭ ਤੋਂ ਵਡੇ ਤੇ ਸਭ ਤੋਂ ਜ਼ਰੂਰੀ ਇਸ ਉਪਦੇਸ਼ ਉਤੇ ਅਮਲ ਕਰ ਰਹੀਆਂ ਹਨ :

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ।
ਹਰਿ ਬਿਨੁ ਅਵਰੁ ਨ ਦੇਖਹੁ ਕੋਈ।

. . . .

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ
ਪੇਖਿ ਪੇਖਿ ਨਾਨਕ ਬਿਗਸਾਈ।

ਹੈ ਤਉ ਸਹੀ ਲਖੈ ਜਉ ਕੋਈ

ਸਰੀਰ — ਇਹ ਸਰੀਰ ਸਾਨੂੰ ਬਖਸ਼ਿਆ ਗਿਆ ਹੈ, ਅਸੀਂ ਇਸ ਸਰੀਰ ਦੇ ਕਰਤਾ ਨਹੀਂ। ਅਸੀਂ ਤਾਂ ਆਪਣਾ ਇਕ ਵਾਲ ਜਾਂ ਇਕ ਨੌਂਹ ਵੀ ਨਹੀਂ ਬਣਾ ਸਕਦੇ। ਸਾਨੂੰ ਤਾਂ ਇੰਨਾ ਵੀ ਪਤਾ ਨਹੀਂ ਕਿ ਸਰੀਰ ਦੇ ਅੰਦਰ ਸਾਰਾ ਕਾਰਖਾਨਾ ਕਿਵੇਂ ਦਿਨ ਰਾਤ ਲਗਾਤਾਰ ਚਲਦਾ ਰਹਿੰਦਾ ਹੈ। ਸਾਨੂੰ ਅੰਦਰੋਂ ਭੁਖ ਲਗਦੀ ਹੈ ਤਾਂ ਉਸ ਭੁਖ ਦੀ ਪਰੇਰਨਾ ਨਾਲ ਅਸੀਂ ਰੋਟੀ, ਦੁਧ, ਫਲ ਆਦਿ ਮੂੰਹ ਵਿਚ ਖਾਂਦੇ ਤੇ ਉਸ ਦੇ ਸਵਾਦ ਨੂੰ ਮਾਣਦੇ ਹਾਂ। ਪਰ ਮੂੰਹ ਵਿਚ ਖ਼ੁਰਾਕ ਪਾਣ ਮਗਰੋਂ ਸਾਨੂੰ ਕੁਝ ਪਤਾ ਨਹੀਂ ਕਿ ਖ਼ੁਰਾਕ ਕਿਵੇਂ ਹਜ਼ਮ ਹੁੰਦੀ ਹੈ, ਕਿਵੇਂ ਉਸ ਦਾ ਖ਼ੂਨ ਬਣਦਾ ਹੈ, ਕਿਵੇਂ ਉਹ ਖ਼ੂਨ ਸਾਡੇ ਜਿਸਮ ਦੇ ਹਰ ਪਾਸੇ ਪਹੁੰਚ ਕੇ ਸਾਡੇ ਸਰੀਰ ਨੂੰ ਤਾਕਤ ਦਿੰਦਾ ਤੇ ਕਾਇਮ ਰਖਦਾ ਹੈ। ਅਸੀਂ ਤਾਂ ਰਾਤ ਨੂੰ ਬੇਹੋਸ਼ ਹੋ ਕੇ ਸੌਂ ਜਾਂਦੇ ਹਾਂ ਪਰ ਸਾਡੇ ਸਰੀਰ ਅੰਦਰ ਕਿਰਿਆ ਜਿਉਂ ਦੀ ਤਿਉਂ ਜਾਰੀ ਰਹਿੰਦੀ ਹੈ। ਸਾਡਾ ਦਿਲ ਲਗਾਤਾਰ ਚਲਦਾ ਰਹਿੰਦਾ ਹੈ ਸਾਡਾ ਮੇਅਦਾ, ਜਿਗਰ ਗੁਰਦੇ ਆਦਿ ਸਭ ਆਪਣਾ ਆਪਣਾ ਕੰਮ ਕਰਦੇ ਰਹਿੰਦੇ ਹਨ, ਸਾਡਾ ਖ਼ੂਨ ਆਪਣਾ ਦੌਰਾ ਕਾਇਮ ਰਖਦਾ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਸਾਡੇ ਅੰਦਰ ਸਾਡੇ ਨਾਲ ਹੀ ਸਾਡੇ ਤੋਂ ਕਿਤੇ ਵਧ ਸਿਆਣੀ ਤੇ ਸਾਡੀ ਸ਼ੁਭਚਿੰਤਕ ਇਕ ਹੋਰ ਮਹਾਨ ਸ਼ਕਤੀ ਹੈ ਜਿਸ ਦੇ ਆਸਰੇ ਸਾਡੇ ਸਰੀਰ ਦੀ ਕਿਰਿਆ ਦਿਨ ਰਾਤ ਲਗਾਤਾਰ ਜਾਰੀ ਰਹਿੰਦੀ ਹੈ।

ਮਨ — ਜਿਸ ਤਰ੍ਹਾਂ ਅਸੀਂ ਆਪਣੇ ਸਰੀਰ ਦੇ ਕਰਤਾ ਨਹੀਂ, ਇਸੇ ਤਰ੍ਹਾਂ ਸਰੀਰ ਵਿਚ ਜੋ ਸਾਡਾ ਮਨ ਹੈ, ਉਸ ਦੇ ਵੀ ਅਸੀਂ ਕਰਤਾ ਨਹੀਂ। ਜਿਵੇਂ ਸਰੀਰ ਸਾਨੂੰ ਬਖਸ਼ਿਆ ਗਿਆ ਹੈ ਉਸੇ ਤਰ੍ਹਾਂ ਸਰੀਰ ਦੇ ਅੰਦਰ ਮਨ ਵੀ ਸਾਨੂੰ ਬਖਸ਼ਿਆ ਗਿਆ ਹੈ। ਮਾਤਾ ਦੇ ਗਰਭ ਵਿਚ ਜਦ ਬੱਚੇ

ਦੇ ਨਿੱਕੇ ਨਿੱਕੇ ਹਥ ਪੈਰ ਬਣਦੇ ਹਨ, ਉਂਗਲਾਂ ਤੇ ਨੌਂਹ ਬਣਦੇ ਹਨ, ਅੱਖਾਂ ਦੇ ਭਰਵੱਟੇ ਬਣਦੇ ਹਨ, ਬਾਰੀਕ ਵਾਲ ਬਣਦੇ ਹਨ ਤਾਂ ਇਸ ਦਾ ਨਾ ਮਾਤਾ ਨੂੰ ਪਤਾ ਹੁੰਦਾ ਹੈ ਨਾ ਬੱਚੇ ਨੂੰ ਹੀ। ਇਹ ਸਭ ਕੁਝ ਕੌਣ ਬਣਾਉਂਦਾ ਹੈ? ਬੱਚੇ ਦੇ ਸਰੀਰ ਦੇ ਮੁਕੰਮਲ ਹੋ ਜਾਣ ਉਤੇ ਉਸ ਵਿਚ ਜਾਨ ਕੌਣ ਪਾਂਦਾ ਹੈ? ਉਸ ਸਰੀਰ ਵਿਚ ਮਨ ਕੌਣ ਬਣਾਂਦਾ ਹੈ? ਸਾਨੂੰ ਮੰਨਣਾ ਪਵੇਗਾ ਕਿ ਸਾਡੇ ਸਰੀਰ ਬਣਾਉਣ ਵਾਲਾ, ਸਾਡੇ ਸਰੀਰ ਵਿਚ ਮਨ ਬਨਾਉਣ ਵਾਲਾ, ਜਾਨ ਪਾਉਣ ਵਾਲਾ, ਸਾਡੇ ਤੋਂ ਅਲਹਿਦਾ ਕੋਈ ਹੋਰ ਹੈ ਜੋ ਸਾਡੇ ਤੋਂ ਬਹੁਤ ਹੀ ਸਿਆਣਾ ਕਾਰੀਗਰ ਹੈ, ਸਾਡਾ ਸ਼ੁਭਚਿੰਤਕ ਹੈ ਤੇ ਸਾਨੂੰ ਪੈਦਾ ਕਰਨ ਵਾਲਾ ਹੈ।

ਜੀਵ — ਜਿਵੇਂ ਸਰੀਰ ਵਿਚ ਮਤ (ਸੋਚਣ ਵਾਲਾ, ਵਿਚਾਰਨ ਵਾਲਾ ਇੰਦਰਾ) ਹੈ, ਉਵੇਂ ਮਨ ਦੇ ਪਿਛੇ ਜੀਵ ਹੈ। ਇਹ ਜੀਵ ਸਾਡਾ ਆਪਣਾ ਆਪ ਹੈ। ਅਸੀਂ ਸਰੀਰ ਵਿਚ ਰਹਿੰਦੇ ਹਾਂ, ਅਸੀਂ ਮਨ ਦਵਾਰਾ ਸੋਚਦੇ ਸਮਝਦੇ ਹਾਂ ਅਤੇ ਆਪਣੀ ਵਿਚਾਰ ਜਾਂ ਸਮਝ ਅਨੁਸਾਰ ਸਰੀਰ ਤੋਂ ਕੰਮ ਲੈਂਦੇ ਹਾਂ, ਪਰ ਕੀ ਅਸੀਂ ਆਪਣੇ ਆਪ ਨੂੰ ਬਣਾ ਸਕਦੇ ਹਾਂ? ਕੀ ਅਸੀਂ ਆਪਣੇ ਆਪ ਨੂੰ ਪੈਦਾ ਕਰ ਸਕਦੇ ਹਾਂ? ਨਹੀਂ, ਹਰਗਿਜ਼ ਨਹੀਂ। ਸਾਨੂੰ ਤਾਂ ਇਹ ਵੀ ਪਤਾ ਨਹੀਂ ਕਿ ਅਸੀਂ ਕੀ ਹਾਂ, ਕੌਣ ਹਾਂ, ਕਿਵੇਂ ਇਸ ਸਰੀਰ ਵਿਚ ਆ ਗਏ ਹਾਂ, ਕਦੋਂ ਤਕ ਇਸ ਸਰੀਰ ਵਿਚ ਰਹਿਣਾ ਹੈ, ਕਿਥੋਂ ਇਸ ਸਰੀਰ ਵਿਚ ਆਏ ਹਾਂ ਅਤੇ ਇਸ ਸਰੀਰ ਨੂੰ ਛਡਣ ਮਗਰੋਂ ਕਿਥੇ ਜਾਵਾਂਗੇ? ਇਸ ਲਈ ਜਿਵੇਂ ਸਾਡੇ ਸਰੀਰ ਨੂੰ, ਸਾਡੇ ਮਨ ਨੂੰ ਬਨਾਉਣ ਵਾਲਾ, ਪੈਦਾ ਕਰਨ ਵਾਲਾ, ਸਾਥੋਂ ਇਲਾਵਾ ਕੋਈ ਹੋਰ ਹੈ। ਇਸੇ ਤਰ੍ਹਾਂ ਸਾਡਾ ਕਰਤਾ, ਸਾਨੂੰ ਬਨਾਣ ਵਾਲਾ, ਸਾਨੂੰ ਸਰੀਰ ਵਿਚ ਪਾਣ ਵਾਲਾ ਵੀ ਕੋਈ ਹੋਰ ਹੈ। ਇਹ ਹੋਰ ਕੌਣ ਹੈ? ਇਸ ਨੂੰ ਸਿਖਾਂ ਦੀ ਧਾਰਮਿਕ ਬੋਲੀ ਵਿਚ ਸ੍ਰੀ ਵਾਹਿਗੁਰੂ ਆਖਦੇ ਹਨ। ਵਾਹਿਗੁਰੂ ਜੀ ਹੀ ਜੀਵ ਨੂੰ ਸਰੀਰ ਅਤੇ ਸਰੀਰ ਵਿਚ ਮਨ ਬਖਸ਼ਦੇ ਹਨ। ਵਾਹਿਗੁਰੂ ਜੀ ਵਲੋਂ ਹੀ ਸਰੀਰ ਵਿਚ ਜੀਵ ਨੂੰ ਪ੍ਰਵੇਸ਼ ਕਰਾਇਆ ਜਾਂਦਾ ਹੈ ਅਤੇ ਵਾਹਿਗੁਰੂ ਜੀ ਹੀ ਜੀਵ ਨੂੰ ਪੈਦਾ ਕਰਦੇ ਹਨ। ਤਾਂ ਫਿਰ ਇਹ ਜੀਵ, ਜੀਵ ਦਾ ਸਰੀਰ, ਸਰੀਰ ਵਿਚ ਜੀਵ ਦਾ ਮਨ, ਸਭ ਵਾਹਿਗੁਰੂ ਜੀ ਦੇ ਹਨ, ਨਾ ਕਿ ਜੀਵ ਦੇ। ਕੋਈ ਕਿਰਾਏਦਾਰ ਤਾਂ ਮਕਾਨ ਦਾ ਮਾਲਿਕ ਨਹੀਂ ਬਣ ਸਕਦਾ। ਪਰ ਜੀਵ ਤਾਂ ਕਿਰਾਇਆ ਵੀ ਨਹੀਂ ਦੇਂਦਾ। ਕਿਰਾਇਆ

ਦੇਣ ਜੋਗਾ ਇਸ ਦੇ ਆਪਣੇ ਪਾਸ ਹੈ ਵੀ ਕੀ ? ਇਸ ਦਾ ਆਪਣਾ ਆਪ, ਇਸ ਦਾ ਮਨ, ਇਸ ਨਦਾ ਸਰੀਰ, ਸਭ ਕੁਝ ਵਾਹਿਗੁਰੂ ਜੀ ਦਾ ਹੈ।

ਧਨ ਦੌਲਤ — ਜਦ ਸਰੀਰ ਤੇ ਮਨ ਜੀਵ ਦੇ ਆਪਣੇ ਨਹੀਂ ਤਾਂ ਫਿਰ ਸਰੀਰ ਅਤੇ ਮਨ ਦੇ ਆਸਰੇ ਜੀਵ ਜੋ ਕੁਝ ਇਕਤਰ ਕਰਦਾ ਹੈ — ਇਲਮ, ਦੌਲਤ, ਮਕਾਨ, ਮੋਟਰਾਂ, ਪਰਿਵਾਰ ਮਿਤਰ ਤੇ ਜਗਤ ਦੇ ਹੋਰ ਸਭ ਰਿਸ਼ਤੇ ਨਾਤੇ, ਸਭ ਵਾਹਿਗੁਰੂ ਜੀ ਦੇ ਬਖਸ਼ੇ ਹੋਏ ਹਨ। ਸਰੀਰ ਵਿਚ ਸ਼ਕਤੀ, ਮਨ ਵਿਚ ਵਿਚਾਰ, ਅਕਲ, ਦਾਨਾਈ, ਹਿੰਮਤ, ਚਾਲਾਕੀ ਸਭ ਕੁਝ ਵਾਹਿਗੁਰੂ ਜੀ ਦੀ ਦਾਤ ਹੈ।

ਆਓ, ਹੁਣ ਦੇਖੀਏ ਕਿ ਗੁਰਬਾਣੀ ਦਾ ਫੁਰਮਾਨ ਕਿਤਨਾ ਸੱਚਾ ਤੇ ਵਿਗਿਆਨਕ ਹੈ।

ਮਨੁ ਤਨੁ ਤੇਰਾ ਧਨੁ ਭੀ ਤੇਰਾ।
ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ।
ਜੀਉ ਪਿੰਡੁ ਸਭੁ ਰਾਸਿ ਤੁਮਾਰੀ।
ਤੇਰਾ ਜੋਰੁ ਗੋਪਾਲਾ ਜੀਉ।
ਸਦਾ ਸਦਾ ਤੂੰਹੈ ਸੁਖਦਾਈ।
ਨਿਵਿ ਨਿਵਿ ਲਾਗਾ ਤੇਰੀ ਪਾਈ। (ਮਾਝ ਮਹਲਾ ੫)

ਗੁਰਮਤ ਅਨੁਸਾਰ ਜਿਸ ਵਾਹਿਗੁਰੂ ਦਾ ਤਨ ਮਨ ਧਨ ਜੀਉ ਪਿੰਡ ਸਭ ਕੁਝ ਹੈ, ਉਹ ਆਪ ਸੁਖ ਸਾਗਰ ਜਾਂ ਚੰਗਿਆਈ ਹੀ ਚੰਗਿਆਈ ਹੈ। ਜਿਸ ਗੁਰਸਿਖ ਨੂੰ ਆਪਣੀ ਅਸਲੀਅਤ ਦਾ ਪਤਾ ਲਗ ਜਾਵੇ, ਜਾਂ ਜੋ ਗੁਰਸਿਖ ਆਪਣਾ ਸਭ ਕੁਝ ਵਾਹਿਗੁਰੂ ਜੀ ਦਾ ਸਮਝੇ ਅਤੇ ਵਾਹਿਗੁਰੂ ਜੀ ਨੂੰ ਹਰ ਵੇਲੇ ਯਾਦ ਰਖੇ, ਉਸ ਦਾ ਸਿਮਰਨ ਕਰੇ, ਉਸ ਗੁਰਸਿਖ ਨੂੰ ਸੁਖ ਹੀ ਸੁਖ ਮਿਲੇਗਾ। ਉਸ ਦੇ ਸਾਰੇ ਮਨੋਰਥ ਪੂਰੇ ਹੋਣਗੇ। ਉਸ ਨੂੰ ਹਉਮੈ ਦਾ ਰੋਗ ਕਦੀ ਤੰਗ ਨਹੀਂ ਕਰੇਗਾ ਅਤੇ ਹੌਲੀ ਹੌਲੀ ਉਸ ਦੀ ਹਉਮੈ ਮਿਟ ਜਾਵੇਗੀ।

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ।
ਆਠ ਪਹਰ ਤੇਰੇ ਗੁਣ ਗਾਇਆ।
ਸਗਲ ਮਨੋਰਥ ਪੂਰਨ ਹੋਏ।
ਕਦੇ ਨ ਹੋਇ ਦੁਖਾਲਾ ਜੀਉ।

ਐਸਾ ਇਨਸਾਨ ਜਾਂ ਗੁਰਸਿਖ ਆਪਣੇ ਆਪ ਨੂੰ ਵਾਹਿਗੁਰੂ ਜੀ ਦਾ ਮਹਿਮਾਨ ਸਮਝਦਾ ਹੈ ਅਤੇ ਵਾਹਿਗੁਰੂ ਜੀ ਦੇ ਜਗਤ ਦੀ, ਵਾਹਿਗੁਰੂ ਜੀ ਦੇ ਆਸਰੇ ਸੈਰ ਕਰਦਾ ਹੈ ਅਤੇ ਇਸ ਸੈਰ ਦੇ ਤਜਰਬਿਆਂ ਤੋਂ ਗਿਆਨ ਪਰਾਪਤ ਕਰਦਾ ਹੈ। ਜਦ ਗੁਰਸਿਖ ਆਪਣੇ ਆਪ ਨੂੰ ਵਾਹਿਗੁਰੂ ਜੀ ਦਾ ਸੱਚੇ ਦਿਲੋਂ ਮਹਿਮਾਨ ਸਮਝੇ ਤਾਂ ਉਸ ਦੀਆਂ ਸਭ ਜ਼ਰੂਰਤਾਂ ਦੀ ਪੂਰਤੀ ਦਾ ਫਰਜ਼ ਫਿਰ ਵਾਹਿਗੁਰੂ ਜੀ ਆਪਣੇ ਜ਼ਿੰਮੇ ਲੈ ਲੈਂਦੇ ਹਨ। ਇਹ ਯਾਦ ਰਹੇ ਕਿ ਵਾਹਿਗੁਰੂ ਜੀ ਕਰਨ ਕਾਰਨ ਜਾਂ ਸਬੱਬਾਂ ਦੇ ਪੈਦਾ ਕਰਨ ਵਾਲੇ (Creator of Causes) ਹਨ। ਇਸ ਕਰ ਕੇ ਵਾਹਿਗੁਰੂ ਜੀ ਦਾ ਮਹਿਮਾਨ, ਵਾਹਿਗੁਰੂ ਜੀ ਦਾ ਪਿਆਰਾ ਜਿਹੜਾ ਕੰਮ ਕਾਰ ਵੀ ਕਰਦਾ ਹੋਵੇ, ਜਿਸ ਕਿਸਮ ਦਾ ਜੀਵਨ ਬਤੀਤ ਕਰਦਾ ਹੋਵੇ, ਉਸ ਵਿਚ ਵਾਹਿਗੁਰੂ ਜੀ ਐਸੇ ਹਾਲਾਤ ਪੈਦਾ ਕਰ ਦਿੰਦੇ ਹਨ, ਜਿਨ੍ਹਾਂ ਤੋਂ ਵਾਹਿਗੁਰੂ ਜੀ ਦੇ ਮਹਿਮਾਨ ਦੀ ਕਿਰਤ ਵਿਚ ਬਰਕਤ, ਪਰਿਵਾਰ ਵਿਚ ਅਰੋਗਤਾ, ਸੁਖ ਤੇ ਸ਼ਾਂਤੀ ਅਤੇ ਸੁਸਾਇਟੀ ਵਿਚ ਸਤਿਕਾਰ ਹੋਣ ਲਗ ਜਾਂਦਾ ਹੈ।

ਅਪੁਨੇ ਸੇਵਕ ਕੀ ਆਪੇ ਰਾਖੈ
ਆਪੇ ਨਾਮੁ ਜਪਾਵੈ।
ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ।

— — —

ਜਿਨਾ ਅੰਦਰਿ ਨਾਮੁ ਨਿਧਾਨੁ ਹਰਿ
ਤਿਨ ਕੇ ਕਾਜ ਦਯਿ ਆਦੇ ਰਾਸਿ।
ਤਿਨ ਚੂਕੀ ਮੁਹਤਾਜੀ ਲੋਕਨ ਕੀ
ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ।
ਜਾਂ ਕਰਤਾ ਵਲਿ ਤਾ ਸਭੁ ਕੋ ਵਲਿ
ਸਭਿ ਦਰਸਨੁ ਦੇਖਿ ਕਰਹਿ ਸਾਬਾਸਿ।
ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ
ਸਭਿ ਜਨ ਕਉ ਆਇ ਕਰਹਿ ਰਹਰਾਸਿ।

(ਗਉੜੀ ਕੀ ਵਾਰ ਮਹਲਾ ੪)

□ □ □

ਦੁਖ ਵਿਚ ਸੂਖ ਮਨਾਈ

ਦੁਖ ਵਿਚ ਸੁਖ ਮਨਾ ਸਕਣਾ ਇਕ ਹੁਨਰ ਹੈ, ਇਕ ਜੀਵਨ ਜਾਚ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੇ ਉਪਦੇਸ਼ ਨੂੰ ਸਮਝ ਕੇ ਕਮਾਉਣ ਵਾਲੇ ਪੁਰਸ਼ ਨੂੰ ਆਪੇ ਹੀ ਆ ਜਾਂਦੀ ਹੈ। ਗੁਰਸਿਖ ਦੁਖ ਵਿਚ ਸੁਖ ਪਿਛੇ ਮਨਾਂਦੇ ਰਹੇ ਹਨ ਅਤੇ ਅਗੇ ਨੂੰ ਸਦਾ ਮਨਾਂਦੇ ਰਹਿਣਗੇ। ਜਦ ਤਕ ਸ੍ਰੀ ਗੁਰੂ ਗਰੰਥ ਸਾਹਿਬ ਦਾ ਸਰਿਸ਼ਟੀ ਉਤੇ ਉਪਦੇਸ਼ ਕਾਇਮ ਹੈ ਤਦ ਤਕ ਇਸ ਉਪਦੇਸ਼ ਨੂੰ ਸਮਝ ਕੇ ਕਮਾਉਣ ਵਾਲੇ ਵੀ ਕਾਇਮ ਰਹਿਣਗੇ।

ਦੁਖ ਵਿਚ ਸੁਖ ਮਨਾਉਣ ਦੀ ਖੇਡ ਜਾਰੀ ਰਹੇਗੀ। ਦੁਖ ਵਿਚ ਸੁਖ ਮਨਾਉਣ ਦੇ ਗੁਰਮਤ ਅੰਦਰ ਤਿੰਨ ਤਰੀਕੇ ਹਨ ਅਤੇ ਆਪਣੀ ਆਪਣੀ ਆਤਮਕ ਅਵਸਥਾ ਅਨੁਸਾਰ ਗੁਰਸਿਖ ਇਹਨਾਂ ਤਿੰਨਾਂ ਤਰੀਕਿਆਂ ਵਿਚੋਂ ਕਿਸੇ ਨੂੰ ਵਰਤ ਕੇ, ਦੁਖ ਵਿਚ ਸੁਖ ਮਨਾ ਸਕਦਾ ਹੈ।

ਪਹਿਲੀ ਅਵਸਥਾ ਦਾ ਗੁਰਸਿਖ, ਜਗਤ ਅੰਦਰ ਬਦੀ ਦੀ ਹਸਤੀ ਨੂੰ ਮੰਨਦਾ ਹੈ ਪਰ ਇਸ ਦੀ ਹੋਂਦ ਨੂੰ ਕੇਵਲ ਜੀਵ ਦੇ ਸੁਧਾਰ ਲਈ ਅਤੇ ਜੀਵ ਦੀ ਪਰਖ ਲਈ ਮੰਨਦਾ ਹੈ। ਉਹ ਦੁਖ, ਤਕਲੀਫ਼ਾਂ, ਮੁਸੀਬਤਾਂ, ਪਰੇਸ਼ਾਨੀ ਨੂੰ ਵਾਹਿਗੁਰੂ ਜੀ ਤੋਂ ਬੇਮੁਖ ਹੋਣ ਦਾ ਨਤੀਜਾ ਸਮਝਦਾ ਹੈ ਅਤੇ ਇਹਨਾਂ ਨੂੰ ਆਪਣੀਆਂ ਗ਼ਲਤੀਆਂ, ਕਮਜ਼ੋਰੀਆਂ, ਆਪਣੇ ਆਪ ਦੀ ਸਜ਼ਾ ਮੰਨਦਾ ਹੈ ਅਤੇ ਜਦ ਦੁਖ, ਮੁਸੀਬਤਾਂ, ਬੀਮਾਰੀ ਆਦਿ ਆਵਣ ਤਾਂ ਆਪਣੀਆਂ ਕਮਜ਼ੋਰੀਆਂ ਤੇ ਗਲਤੀਆਂ ਵਿਚਾਰਦਾ, ਉਹਨਾਂ ਤੋਂ ਅਗੇ ਲਈ ਛੁਟਕਾਰਾ ਪਾਣ ਦਾ ਪੱਕਾ ਇਰਾਦਾ ਧਾਰਦਾ ਅਤੇ ਵਾਹਿਗੁਰੂ ਜੀ ਪਾਸੋਂ ਇਸ ਇਰਾਦੇ ਵਿਚ ਕਾਮਯਾਬ ਹੋਣ ਦੀ ਸ਼ਕਤੀ ਮੰਗਦਾ ਹੈ।

ਇਨਸਾਨ ਦੇ ਸੁਧਾਰ ਲਈ, ਇਨਸਾਨ ਦੀ ਤਰੱਕੀ ਲਈ ਅਤੇ ਇਨਸਾਨ ਦੀ ਆਤਮਕ ਸ਼ਕਤੀ ਦੀ ਪਰਖ ਲਈ ਬਦੀ — (ਦੁਖ, ਪਾਪ, ਬੀਮਾਰੀ

ਅਤੇ ਮੌਤ) ਦੀ ਹਸਤੀ ਨੂੰ ਜ਼ਰੂਰੀ ਸਮਝਣ ਵਾਲਾ ਗੁਰਸਿਖ ਬਦੀ ਨੂੰ ਮਾੜਾ ਨਹੀਂ ਆਖਦਾ, ਸਗੋਂ ਆਪਣੀ ਆਤਮਕ ਤਰੱਕੀ ਲਈ ਇਸ ਨੂੰ ਵਾਹਿਗੁਰੂ ਜੀ ਵਲੋਂ ਭੇਜੀ ਗਈ ਇਕ ਦਾਤ ਮੰਨਦਾ ਹੈ।

ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ।

— — —

ਕੇਤਿਆ ਦੂਖ ਭੂਖ ਸਦ ਮਾਰ।
ਏਹਿ ਭਿ ਦਾਤਿ ਤੇਰੀ ਦਾਤਾਰ।

. . . .

ਜਦ ਗੁਰਸਿਖ ਦੀ ਗੁਰਬਾਣੀ ਸੰਬੰਧੀ ਸੂਝ ਵਧੇ ਅਤੇ ਸਿਮਰਨ ਦਵਾਰਾ ਅੰਦਰਲੀ ਆਤਮਕ ਅਵਸਥਾ ਉਚੇਰੀ ਹੋ ਜਾਵੇ, ਉਹ ਆਪਣੇ ਅੰਦਰ ਬਿਰਾਜਨ ਵਾਲੀ ਮਹਾਨ ਚੇਤਨ ਸ਼ਕਤੀ (ਵਾਹਿਗੁਰੂ ਜੀ) ਵਿਚ ਬਦੀ ਨੂੰ ਕਿਤੇ ਦੇਖਦੀ ਹੀ ਨਹੀਂ। ਉਸ ਨੂੰ ਵਾਹਿਗੁਰੂ ਜੀ ਅਤੇ ਬਦੀ ਦੋ ਐਸੀਆਂ ਵਿਰੋਧੀ ਹਸਤੀਆਂ ਨਜ਼ਰ ਆਉਂਦੀਆਂ ਹਨ ਜੋ ਕਦੀ ਇਕੱਠੀਆਂ ਰਹਿ ਹੀ ਨਹੀਂ ਸਕਦੀਆਂ। ਐਸਾ ਗੁਰਸਿਖ ਬਦੀ ਤੋਂ ਸਦਾ ਲਈ ਛੁਟਕਾਰਾ ਪਾਣ ਵਾਸਤੇ ਵਾਹਿਗੁਰੂ ਜੀ ਨੂੰ ਆਪਣੇ ਮਨ ਵਿਚ ਵਸਾਂਦਾ ਹੈ।

ਜਿਸ ਮਨ ਵਿਚ, ਜਿਸ ਹਿਰਦੇ ਵਿਚ ਵਾਹਿਗੁਰੂ ਜੀ ਦੀ ਯਾਦ ਵਸੇ, ਉਸ ਹਿਰਦੇ ਵਿਚ ਜਾਂ ਮਨ ਵਿਚ ਵਾਹਿਗੁਰੂ ਜੀ ਦੀਆਂ ਸਿਫਤਾਂ-(ਸੁਖ, ਸ਼ਾਂਤੀ, ਨਿਰਵੈਰਤਾ, ਪ੍ਰੇਮ, ਦਇਆ, ਸਦੀਵੀ ਜੀਵਨ ਆਦਿ) ਵਸਣ ਲਗ ਜਾਂਦੀਆਂ ਹਨ। ਕਿਉਂਕਿ ਇਨਸਾਨ ਦੇ ਮਨ ਵਿਚ ਦੋ ਖ਼ਿਆਲ ਇਕੋ ਵੇਰੀ ਨਹੀਂ ਟਿਕ ਸਕਦੇ ਇਸ ਕਰਕੇ ਜਿਸ ਹਿਰਦੇ ਵਿਚ ਵਾਹਿਗੁਰੂ ਜੀ ਦੇ ਗੁਣ ਨਿਵਾਸ ਕਰਨ, ਉਸ ਹਿਰਦੇ ਵਿਚ ਬਦੀ ਅਤੇ ਬਦੀ ਦੇ ਖ਼ਿਆਲਾਂ ਦੇ ਟਿਕਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਜਿਸ ਗੁਰਸਿਖ ਦੇ ਹਿਰਦੇ ਵਿਚ ਬਦੀ ਦਾ ਖ਼ਿਆਲ ਤਕ ਨਾ ਰਹੇ, ਉਸ ਗੁਰਸਿਖ ਦੀ ਦੁਨੀਆਂ ਵਿਚੋਂ ਪਾਪ, ਗ਼ਲਤੀਆਂ ਤੇ ਭੁਲਾਂ ਅਲੋਪ ਹੋ ਜਾਂਦੀਆਂ ਹਨ ਅਤੇ ਜਦ ਪਾਪ ਤੇ ਭੁਲਾਂ ਹੀ ਨਾ ਰਹਿਣ ਤਾਂ ਉਹਨਾਂ ਦੀ ਸਜ਼ਾ ਜਾਂ ਉਹਨਾਂ ਨੂੰ ਸੁਧਾਰਨ ਦੀ ਜ਼ਰੂਰਤ ਹੀ ਨਹੀਂ ਰਹਿੰਦੀ।

ਕਿਉਂਕਿ ਐਸੇ ਗੁਰਸਿਖ ਦੇ ਮਨ ਵਿਚ ਵਾਹਿਗੁਰੂ ਜੀ ਅਤੇ ਉਹਨਾਂ

ਦੇ ਗੁਣ ਪਰਵੇਸ਼ ਕਰਦੇ ਹਨ, ਇਸ ਕਰਕੇ ਉਸ ਗੁਰਸਿਖ ਦੀ ਦੁਨੀਆਂ ਜਿਥੇ ਦੁਖਾਂ ਤੋਂ ਸੱਖਣੀ ਹੋ ਜਾਂਦੀ ਹੈ ਉਥੇ ਸੁਖਾਂ ਥੀਂ ਭਰਪੂਰ ਵੀ ਹੋ ਜਾਂਦੀ ਹੈ।

ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ।
ਹਰਿ ਹਰਿ ਜਪਤ ਢਹੈ ਦੁਖ ਡੇਰਾ।

— — —

ਦੂਖ ਦਰਦੁ ਭਰਮੁ ਭਉ ਨਸਿਆ।
ਕਰਣਹਾਰੁ ਨਾਨਕ ਮਨਿ ਬਸਿਆ।

— — —

ਹਰਿ ਬਿਸਰਤ ਸਹਸਾ ਦੁਖੁ ਬਿਆਪੈ
ਸਿਮਰਤ ਨਾਮੁ ਭਰਮੁ ਭਉ ਭਾਗੈ

— — —

ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ।
ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ।

— — —

ਐਸਾ ਗੁਰਸਿਖ, ਇਸੇ ਦੁਨੀਆਂ ਵਿਚ ਜਿਥੇ ਕਿ ਅਗਿਆਨੀ ਪੁਰਸ਼ ਗ਼ਲਤੀਆਂ ਜਾਂ ਪਾਪ ਕਰਕੇ ਅਨੇਕ ਪ੍ਰਕਾਰ ਦੇ ਦੁਖ ਭੋਗਦੇ ਹਨ, ਆਪਣੇ ਜੀਵਨ ਨੂੰ ਦੁਖਾਂ ਤੋਂ ਆਜ਼ਾਦ ਤੇ ਸੁਖਾਂ ਥੀਂ ਭਰਪੂਰ ਦੇਖਦਾ ਹੈ।

ਇਸ ਤੋਂ ਅਗਲੀ ਆਤਮਕ ਉਚਾਈ ਉਤੇ ਜਦ ਗੁਰਸਿੱਖ ਦੀ ਸੁਰਤ ਚੜ੍ਹੇ ਤਾਂ ਉਸ ਨੂੰ ਆਪਣੇ ਅੰਦਰ ਤੇ ਬਾਹਰ ਹਰ ਪਾਸੇ ਸਿਵਾਏ ਵਾਹਿਗੁਰੂ ਜੀ ਦੇ ਹੋਰ ਕੁਝ ਦਿਸਦਾ ਹੀ ਨਹੀਂ। ਵਾਹਿਗੁਰੂ ਜੀ ਹਰ ਚੀਜ਼ ਵਿਚ ਤੇ ਹਰ ਪਾਸੇ ਦਿਸਣ ਨਾਲ ਬਦੀ ਕਿਸੇ ਥਾਂ ਤੇ ਵੀ ਨਜ਼ਰ ਨਹੀਂ ਆਉਂਦੀ। ਉਹ ਜਦ ਦੁਸ਼ਮਣ ਵਿਚ ਵਾਹਿਗੁਰੂ ਜੀ ਨੂੰ ਤੱਕਦਾ ਹੈ ਤਾਂ ਉਸ ਦਾ ਦੁਸ਼ਮਣ ਭਾਵ ਮਿਤਰ ਭਾਵ ਵਿਚ ਬਦਲ ਜਾਂਦਾ ਹੈ। ਉਸ ਲਈ ਦੁਸ਼ਮਣ ਰਹਿੰਦਾ ਹੀ ਕੋਈ ਨਹੀਂ। ਜਦ ਉਹ ਕਿਸੇ ਬੀਮਾਰ ਵਲ ਤੱਕਦਾ ਹੈ ਤਾਂ ਉਸ ਨੂੰ ਬੀਮਾਰ ਵਿਚ ਸਿਵਾਏ ਵਾਹਿਗੁਰੂ ਜੀ ਦੇ ਹੋਰ ਕੁਝ ਨਹੀਂ ਦਿਸਦਾ। ਜਦ ਉਹ ਬੀਮਾਰ ਵਿਚ ਬੀਮਾਰੀ ਦਾਂ ਥਾਂ ਵਾਹਿਗੁਰੂ ਜੀ ਨੂੰ ਦੇਖਦਾ ਹੈ ਤਾਂ ਬੀਮਾਰ ਰਾਜ਼ੀ ਹੋ ਕੇ ਉਸ ਨੂੰ ਤੰਦਰੁਸਤ ਸ਼ਕਲ ਵਿਚ ਨਜ਼ਰ ਆਉਂਦਾ

ਹੈ। ਜਦ ਉਹ ਕਿਸੇ ਚੋਰ ਜਾਂ ਠਗ ਵਲ ਤੱਕਦਾ ਹੈ ਤਾਂ ਉਥੇ ਵੀ ਉਸ ਦੀ ਸਾਧੀ ਹੋਈ ਨਜ਼ਰ ਨੂੰ ਵਾਹਿਗੁਰੂ ਹੀ ਵਾਹਿਗੁਰੂ ਨਜ਼ਰ ਆਉਂਦਾ ਹੈ। ਉਸ ਦਾ ਚੋਰ ਜਾਂ ਠਗ ਵਿਚ ਵਾਹਿਗੁਰੂ ਜੀ ਤੋਂ ਸਿਵਾ ਹੋਰ ਕੁਝ ਨਾ ਵੇਖਣਾ ਹੀ, ਠਗ ਜਾਂ ਚੋਰ ਵਿਚੋਂ ਠਗੀ ਤੇ ਚੋਰੀ ਦੀ ਬੁਰਿਆਈ ਨੂੰ ਦੂਰ ਕਰ ਦੇਂਦਾ ਹੈ।

ਇਸ ਉਚੀ ਆਤਮਕ ਅਵਸਥਾ ਦੇ ਗੁਰਮੁਖ ਦੀ ਨਜ਼ਰ ਜਾਂ ਤੱਕਣੀ ਵਿਚ ਐਸੀ ਸ਼ਕਤੀ ਆ ਜਾਂਦੀ ਹੈ ਕਿ ਹਰ ਥਾਂ ਹਰ ਪਾਸੇ, ਉਸ ਦੀ ਦ੍ਰਿਸ਼ਟੀ ਵਾਹਿਗੁਰੂ ਜੀ ਨੂੰ ਗੁਪਤ ਤੋਂ ਪ੍ਰਗਟ ਰੂਪ ਵਿਚ ਲੈ ਆਉਂਦੀ ਹੈ। ਉਸ ਨੂੰ ਜਦ ਸਪ ਵਿਚ ਜ਼ਹਿਰ ਦੀ ਥਾਂ ਅਕਾਲ ਪੁਰਖ ਦਿਸਦਾ ਹੈ, ਤਾਂ ਸਪ ਨੂੰ ਵੀ ਉਸ ਗੁਰਮੁਖਿ ਵਿਚ ਦੁਸ਼ਮਣ ਦੀ ਥਾਂ ਆਪਣਾ ਮਿੱਤਰ ਭਾਸਣ ਲਗ ਜਾਂਦਾ ਹੈ। ਇਸ ਅਵਸਥਾ ਦਾ ਗੁਰਸਿਖ ਅਸਲ ਅਰਥਾਂ ਵਿਚ ਬਦੀ ਨੂੰ ਜਿਤਦਾ ਹੈ। ਹੁਣ ਉਹ ਉਸ 'ਬੇਗਮਪੁਰੇ ਵਿਚ ਰਹਿੰਦਾ ਹੈ ਜਿਥੇ ਪਾਪ, ਦੁਖ, ਬੀਮਾਰੀ ਤੇ ਮੌਤ ਦਾ ਨਾਮ ਨਹੀਂ, ਨਿਸ਼ਾਨ ਨਹੀਂ, ਜਿਥੇ ਸਭ ਮਿਤਰ ਅਤੇ ਆਪਣਾ ਰੂਪ ਨਜ਼ਰ ਆਉਂਦੇ ਹਨ। ਜਿਥੇ 'ਆਪੇ ਆਪ' ਤੋਂ ਸਿਵਾ ਹੋਰ ਕੁਝ ਨਹੀਂ।

ਨਾਨਕ ਕਾ ਪ੍ਰਭੁ ਆਪੇ ਆਪਿ।

ਗੁਰਮਤ ਦੀ ਵਡਿਆਈ

ਭਾਰਤ ਵਰਸ਼ ਦੇ ਪੁਰਾਤਨ ਰਿਸ਼ੀਆਂ ਨੇ ਆਤਮਾ ਦੀ ਖੋਜ ਕਰਦਿਆਂ ਕਰਦਿਆਂ ਅਨੇਕ ਦੇਵੀ ਦੇਵਤਿਆਂ ਵਿਚੋਂ ਹੌਲੀ ਹੌਲੀ ਕੇਵਲ ਇਕੋ ਮਹਾਨ ਦੇਵ "ਬ੍ਰਹਮ" ਜਾਂ ਵਾਹਿਗੁਰੂ ਜੀ ਦੀ ਵੱਡਮੁਲੀ ਕਾਢ ਕਢੀ ਅਤੇ ਦਸਿਆ ਕਿ "ਇਕ ਬ੍ਰਹਮ ਦੁਤੀਆ ਨਾਸਤੀ" ਸਤ ਹੈ।

ਪਾਰਬ੍ਰਹਮ ਦੇ ਪ੍ਰਾਪਤ ਕਰਨ ਲਈ ਸਭ ਕੁਝ ਦੁਨਿਆਵੀ ਤਿਆਗਣਾ, ਸਭ ਇੰਦਰੀਆਂ ਦੇ ਸੁਖਾਂ ਤੋਂ ਮੂੰਹ ਮੋੜਨਾ, ਗਰਿਹਸਤ ਦਾ ਤਿਆਗ ਅਤੇ ਸਿਵਾਏ ਜੰਗਲਾਂ ਬਨਾਂ ਦਾ ਵਾਸਾ, ਮੰਗ ਕੇ ਭਿਖਿਆ ਖਾਣੀ ਅਤੇ ਸਿਵਾਏ ਬ੍ਰਹਮ ਦੀ ਤਲਾਸ਼ ਤੇ ਪ੍ਰਾਪਤੀ ਦੇ ਹੋਰ ਕੁਝ ਨਾ ਕਰਨਾ ਦਸਿਆ।

ਪੁਰਾਤਨ ਰਿਸ਼ੀਆਂ ਨੇ ਇਹ ਵੀ ਸ਼ਰਤ ਲਗਾਈ ਕਿ ਬ੍ਰਹਮ ਦਾ ਗਿਆਨ ਕੇਵਲ ਬ੍ਰਾਹਮਣਾਂ ਨੂੰ ਹੀ ਹੋਣਾ ਚਾਹੀਦਾ ਹੈ ਅਤੇ ਇਸ ਗਿਆਨ ਨੂੰ ਦੂਸਰੀਆਂ ਜਾਤਾਂ ਜੈਸਾ ਕਿ ਕਸ਼ਤਰੀ, ਵੈਸ਼ ਅਤੇ ਸ਼ੂਦਰ ਵਾਸਤੇ ਵਿਵਰਜਤ ਹੈ।

ਸ਼ਾਸ਼ਤਰਾਂ ਵਿਚ ਬ੍ਰਹਮ ਦੇ ਗਿਆਨ ਦੇ ਅਧਿਕਾਰ ਸੰਬੰਧੀ ਲਿਖਿਆ ਹੈ ਕਿ —

> *Knowledge of Braham should be imparted again and again to a pure Brahaman who is indifferent to everything that is transitory and achievable through certain means, who has given up the desire for a son and family, for wealty and for this world and the next, who has adopted the life of a wandering monk and has endowed with control over the minds enses as well as other qualities of a disciple well known in the Scriptures.*
>
> *-- A Thousand Teachings of Sri Shankracharya.*

ਉਲਥਾ :

ਬ੍ਰਹਮ ਦਾ ਗਿਆਨ ਬਾਰ ਬਾਰ ਕੇਵਲ ਬ੍ਰਾਹਮਣ ਨੂੰ ਹੀ ਕਰਾਇਆ ਜਾਣਾ ਚਾਹੀਦਾ ਹੈ, ਜਿਸ ਨੇ ਨਾਸ਼ਵੰਦ ਸਭ ਪਦਾਰਥਾਂ ਦਾ ਤਿਆਗ ਕਰ ਦਿਤਾ ਹੋਵੇ ਅਤੇ ਜਿਸ ਨੇ ਗ੍ਰਹਿਸਤ, ਸੰਤਾਨ ਦੀ ਖਾਹਿਸ਼ ਅਤੇ ਦੌਲਤ ਦਾ ਤਿਆਗ ਕਰ ਦਿਤਾ ਹੋਵੇ ਅਤੇ ਜਿਸ ਨੇ ਇਸ ਦੁਨੀਆਂ ਅਤੇ ਅਗਲੀ ਦੁਨੀਆਂ ਦਾ ਵੀ ਤਿਆਗ ਕੀਤਾ ਹੋਵੇ ਤੇ ਜਿਸ ਨੇ ਥਾਂ ਥਾਂ ਫਿਰਨ ਅਤੇ ਮੰਗ ਕੇ ਖਾਣ ਦਾ ਜੀਵਨ ਧਾਰਨ ਕੀਤਾ ਹੋਵੇ ਅਤੇ ਜਿਸ ਨੇ ਆਪਣੇ ਮਨ ਤੇ ਇੰਦਰਿਆਂ ਨੂੰ ਕਾਬੂ ਨਾ ਕੀਤਾ ਹੋਵੇ ਅਤੇ ਜਿਸ ਵਿਚ ਸ਼ਾਸ਼ਤ੍ਰਾਂ ਦੇ ਅੰਦਰ ਲਿਖੀਆਂ ਹੋਰ ਸਾਰੀਆਂ ਸਿਫਤਾਂ ਵੀ ਹੋਣ।

— *'ਸ੍ਰੀ ਸ਼ੰਕਰਾਚਾਰੀਆ ਦੇ ਹਜ਼ਾਰ ਉਪਦੇਸ਼' ਪੁਸਤਕ ਵਿਚੋਂ।*

ਇਸ ਮਰਿਆਦਾ ਅਨੁਸਾਰ 'ਬ੍ਰਹਮ' ਜਾਂ ਵਾਹਿਗੁਰੂ ਜੀ ਦਾ ਗਿਆਨ ਤੇ ਪ੍ਰਾਪਤੀ ਕੇਵਲ ਕਿਸੇ ਐਸੇ ਵਿਰਲੇ ਬ੍ਰਾਹਮਣ ਨੂੰ ਹੀ ਹੋ ਸਕਦੀ ਸੀ, ਜਿਸ ਨੇ ਜਗਤ ਦੇ ਸਾਰੇ ਸੁਖਾਂ ਨੂੰ ਤਿਆਗ ਦਿਤਾ ਹੋਵੇ।

ਪਰ ਇਸ ਤੋਂ ਸਦੀਆਂ ਬਾਅਦ ਦੇ ਮਹਾਂ ਪੁਰਸ਼ਾਂ ਨੇ ਭਗਤੀ ਦੀ ਲਹਿਰ ਦਾ ਪ੍ਰਚਾਰ ਕੀਤਾ ਅਤੇ ਦਸਿਆ ਕਿ 'ਬ੍ਰਹਮ' ਜਾਂ ਵਾਹਿਗੁਰੂ ਕਿਉਂਕਿ ਸਰਬ ਵਿਆਪਕ ਹੈ, ਇਸ ਲਈ ਹਰ ਜਗ੍ਹਾ ਹੈ। ਇਸ ਲਈ ਉਸਨੂੰ ਪ੍ਰਾਪਤ ਕਰਨ ਲਈ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਅਤੇ ਜਗਤ ਦੇ ਗ੍ਰਹਿਸਤ ਦੇ ਸੁਖਾਂ ਨੂੰ ਤਿਆਗਣ ਦੀ ਲੋੜ ਨਹੀਂ। ਇਹਨਾਂ ਮਹਾਂਪੁਰਸ਼ਾਂ ਨੇ ਇਹ ਵੀ ਦਸਿਆ ਕਿ ਕਿਉਂਕਿ 'ਬ੍ਰਹਮ' ਸਭ ਜੀਵਾਂ ਦਾ ਮਾਤਾ ਪਿਤਾ ਹੈ, ਜਿਸ ਕਰ ਕੇ ਸਭ ਮਨੁੱਖ ਇਕੋ ਜਿਹੇ ਅਤੇ ਆਪਸ ਵਿਚ ਭਰਾ ਹਨ ਅਤੇ ਹਰ ਇਕ ਮਨੁੱਖ ਨੂੰ ਪਰਮਾਤਮਾ ਦੀ ਪਰਾਪਤੀ ਦਾ ਅਧਿਕਾਰ ਹੈ।

ਇਸ ਭਗਤੀ ਲਹਿਰ ਦੇ ਸਭ ਤੋਂ ਵਡੇ ਪਰਚਾਰਕ ਗੁਰੂ ਨਾਨਕ ਸਾਹਿਬ ਅਤੇ ਸਿਖਾਂ ਦੇ ਹੋਰ ਗੁਰੂ ਸਨ ਅਤੇ ਇਹਨਾਂ ਨੇ ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ ਆਦਿ ਭਗਤਾਂ ਵਾਂਗਰ ਦਸਿਆ ਕਿ ਵਾਹਿਗੁਰੂ ਜੀ ਜਾਂ ਬ੍ਰਹਮ ਹਰ ਇਨਸਾਨ ਦੇ ਅੰਦਰ ਹੈ ਅਤੇ ਉਸ ਦੀ ਪਰਾਪਤੀ ਹਰ ਇਨਸਾਨ ਗ੍ਰਹਿਸਤ ਕਰਦਾ ਹੋਇਆ ਦੁਨੀਆਂ ਵਿਚ ਰਹਿ ਕੇ ਕਰ ਸਕਦਾ ਹੈ ਅਤੇ ਸਭ ਇਨਸਾਨ ਬਰਾਬਰ ਹਨ ਅਤੇ ਵਾਹਿਗੁਰੂ ਜੀ ਦੇ ਪੁਤਰ ਹਨ।

ਗੁਰੂ ਘਰ ਵਿਚ ਉਕਤ ਅਸੂਲਾਂ ਨੂੰ ਡਾਹਢਾ ਅਮਲੀ ਤੌਰ ਤੇ ਪਰਚਲਤ ਕੀਤਾ ਗਿਆ। ਗੁਰੂ ਸਾਹਿਬ ਤੇ ਭਗਤਾਂ ਨੇ ਗ੍ਰਿਹਸਤ ਆਸ਼ਰਮ ਨੂੰ ਅਪਨਾਇਆ ਅਤੇ ਖੁਦ ਗ੍ਰਿਹਸਤ ਕੀਤਾ, ਇਕੋ ਜਗ੍ਹਾ ਬੈਠ ਕੇ ਸਭ ਦੇ ਲੰਗਰ ਛਕਣ, ਜਾਤ ਪਾਤ ਦੇ ਭੇਦ ਨੂੰ ਮਿਟਾ ਕੇ, ਇਕੋ ਬਾਟੇ ਵਿਚੋਂ ਅੰਮ੍ਰਿਤ ਛਕਣ ਅਤੇ ਇਕੋ ਅਸਥਾਨ ਉਤੇ ਬੈਠ ਕੇ ਦੀਵਾਨ ਸਜਾਉਣ ਦੀਆਂ ਰਸਮਾਂ ਕਾਇਮ ਕੀਤੀਆਂ। ਦੀਵਾਨ ਵਿਚ ਇੱਕਠੇ ਬੈਠਣ, ਕੀਰਤਨ ਕਰਨ ਅਤੇ ਨਾਮ ਸਿਮਰਨ ਦਾ ਅਧਿਕਾਰ ਹਰ ਪ੍ਰਾਣੀ ਇਸਤ੍ਰੀ ਪੁਰਸ਼ ਨੂੰ ਇਕੋ ਜਿਹਾ ਦਿਤਾ ਗਿਆ ਅਤੇ ਵਾਹਿਗੁਰੂ ਪ੍ਰਾਪਤੀ ਲਈ ਕੀਰਤਨ, ਨਾਮ ਅਤੇ ਸੇਵਾ ਸੁਖ ਸਾਧਨ ਕਾਇਮ ਕੀਤੇ।

ਇਸ ਪ੍ਰਚਾਰ ਨੇ ਆਮ ਲੋਕਾਂ ਦੇ ਦਿਲਾਂ ਉਤੇ ਬੜਾ ਅਸਰ ਕੀਤਾ ਅਤੇ ਆਮ ਲੋਕ ਭਗਤੀ ਲਹਿਰ ਵਿਚ ਸ਼ਾਮਲ ਹੋਣ ਲਗ ਪਏ। ਗ੍ਰਿਹਸਤ ਵਿਚ ਰਹਿੰਦੇ ਹੋਏ, ਦੁਨੀਆਂਦਾਰੀ ਦੇ ਸਾਰੇ ਫਰਜ਼ ਨਿਭਾਂਦੇ ਤੇ ਸੁਖ ਭੋਗਦੇ ਹੋਏ ਆਪਣੀ ਕ੍ਰਿਤ ਕਮਾਈ ਕਰਦੇ ਹੋਏ, ਸੇਵਾ ਉਪਕਾਰ ਭਗਤੀ ਦਾ ਜੀਵਨ ਬਤੀਤ ਕਰ ਕੇ ਵਾਹਿਗੁਰੂ ਜੀ ਤਕ ਪਹੁੰਚ ਸਕਣਾ, ਇਕ ਐਸਾ ਦਿਲਖਿਚਵਾਂ ਤੇ ਆਸਾਨ ਮਾਰਗ ਸੀ ਜਿਸ ਤੇ ਚਲਣ ਲਈ, ਲੋਕਾਂ ਨੇ ਡਾਹਢਾ ਉਤਸ਼ਾਹ ਦਸਿਆ ਅਤੇ ਭਗਤੀ ਲਹਿਰ ਡਾਹਢੀ ਕਾਮਯਾਬ ਹੋਈ।

ਇਸ ਲਹਿਰ ਅਤੇ ਇਸਦੀ ਸਫਲਤਾ ਨੇ ਉਹਨਾਂ ਲੋਕਾਂ ਉਤੇ ਵੀ ਪਰਭਾਵ ਪਾਇਆ ਜਿਹਨਾਂ ਦੇ ਖ਼ਿਆਲ ਵਿਚ ਵਾਹਿਗੁਰੂ ਨੂੰ ਮਿਲਣ ਲਈ ਕੇਵਲ ਇਕੋ ਰਸਤਾ ਜਗਤ ਤੇ ਜਗਤ ਦੇ ਸੁਖਾਂ ਨੂੰ ਤਿਆਗ ਕੇ ਜੰਗਲਾਂ ਵਿਚ ਜਾਣਾ ਸੀ। ਐਸੇ ਲੋਕਾਂ ਵਿਚੋਂ ਸਿਆਣੇ ਤੇ ਸੋਚੇ ਪਰਚਾਰਕਾਂ ਨੇ ਆਪਣੇ ਪ੍ਰਚਾਰ ਵਿਚ ਤਬਦੀਲੀ ਲਿਆਣੀ ਮੁਨਾਸਿਬ ਸਮਝੀ ਅਤੇ ਸਾਨੂੰ ਇਸ ਵੇਲੇ ਬਹੁਤ ਹਿੰਦੂ ਧਾਰਮਕ ਪ੍ਰਚਾਰਕਾਂ ਨੂੰ ਖੁਲ੍ਹਮ ਖੁਲ੍ਹਾ ਭਗਤੀ ਮਾਰਗ ਅਤੇ ਗੁਰਮਤ ਦੇ ਸਿਧਾਂਤਾਂ ਦਾ ਪਰਚਾਰ ਕਰਦਾ ਦੇਖ ਕੇ ਬੜੀ ਪ੍ਰਸੰਨਤਾ ਹੁੰਦੀ ਹੈ। ਗੁਰਮਤ ਦੀ ਵਡਿਆਈ ਅਤੇ ਉੱਚਤਾ ਦਾ ਇਹ ਇਕ ਬੜਾ ਭਾਰਾ ਸਬੂਤ ਹੈ, ਜਿਸ ਉਤੇ ਸਭ ਗੁਰਸਿਖਾਂ ਅਤੇ ਸਚ ਦੇ ਪਿਆਰਿਆਂ ਨੂੰ ਮਾਣ ਹੋਣਾ ਚਾਹੀਦਾ ਹੈ।

ਸ੍ਰੀ ਮਾਨ ਸਵਾਮੀ ਚਿਨਮਇਆ ਨੰਦ, ਜੋ ਕਿ ਆਪ ਤਿਆਗੀ ਸੰਨਿਆਸੀ ਸਾਧੂ ਹਨ ਅਤੇ ਵੈਦਿਕ ਧਰਮ ਦਾ ਸ਼ਹਿਰਾਂ ਵਿਚ ਬਹੁਤ ਅੱਛਾ ਪ੍ਰਚਾਰ ਕਰ

ਰਹੇ ਹਨ ਅਤੇ ਜਿਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਵੈਦਿਕ ਧਰਮ ਉਤੇ ਲਿਖੀਆਂ ਹਨ, ਆਪਣੀ ਇਕ ਪੁਸਤਕ 'ਮੈਡੀਟੇਸ਼ਨ ਐਂਡ ਲਾਈਫ' ਵਿਚ ਲਿਖਦੇ ਹਨ।

Live the Divine LIFE wherever you are, you need not to give up your station in Life, your business family or possession. A slight change in thy outlook is all that is required : instead of the attitude that "I" Mr. so & so desire or plan to execute" which will naturally fortify you in the feeling of 'I' -- ness have a spirit of dedication into the Lord and roam happily through Life in the safe and true belief that "He is the Truth; His Will Alone Be Done; May I be ever an instrument in his hand and through the body may His plans be fulfilled". To such a Nishkam Grahasthi, even sages will bow in reverence. Such a pure man in action, when he has effected in himself such a total ellemination of his ego-centric dross, becomes a God upon his earth ! He is all love, success, all joy, His is Wisdom Absolute.

ਉਲਥਾ :

ਜਿਥੇ ਵੀ ਹੋਵੇ, ਉਥੇ ਹੀ ਆਤਮਕ ਜੀਵਨ ਬਤੀਤ ਕਰੋ। ਤੁਹਾਨੂੰ ਜਗਤ ਜਾਂ ਜਗਤ ਵਿਚ ਜੋ ਕੁਝ ਵੀ ਤੁਸੀਂ ਕਰ ਰਹੇ ਹੋ, ਆਪਣੀ ਨੌਕਰੀ, ਆਪਣਾ ਪੇਸ਼ਾ, ਆਪਣਾ ਪਰਿਵਾਰ, ਆਪਣੀ ਜਾਇਦਾਦ ਤਿਆਗਣ ਦੀ ਲੋੜ ਨਹੀਂ। ਆਪਣੇ ਵਿਚ ਸਿਰਫ ਇਕ ਛੋਟੀ ਜਿਹੀ ਇਹ ਤਬਦੀਲੀ ਲਿਆਵੋ ਕਿ 'ਮੈਂ' 'ਮੇਰੀ' ਦੇ ਜੀਵਨ ਦੀ ਬਜਾਏ, ਜਿਸ ਨਾਲ ਕਿ ਹਉਮੈ ਹੋਰ ਮਜਬੂਤ ਹੋ ਜਾਂਦੀ ਹੈ, ਆਪਣੇ ਅੰਦਰ ਇਹ ਸਪ੍ਰਿਟ ਪੈਦਾ ਕਰੋ ਕਿ ਸਾਡਾ ਸਭ ਕੁਝ ਵਾਹਿਗੁਰੂ ਜੀ ਦਾ ਬਖਸ਼ਿਆ ਹੋਇਆ ਹੈ ਅਤੇ ਅਸੀਂ ਉਸ ਦੇ ਬਣ ਕੇ ਉਸ ਲਈ ਜੀਵਨ ਬਤੀਤ ਕਰ ਰਹੇ ਹਾਂ। ਇਸ ਨਿਸਚੇ ਅਨੁਸਾਰ ਜਗਤ ਵਿਚ ਰਹਿ ਕੇ ਸੁਖ ਭੋਗੋ। ਵਾਹਿਗੁਰੂ ਜੀ ਨੂੰ 'ਸੱਤ' ਤੇ ਅਬਿਨਾਸ਼ੀ ਸਮਝੋ

ਅਤੇ ਉਸ ਦੇ ਹੁਕਮ ਅਤੇ ਭਾਣੇ ਵਿਚ ਚਲੋ। ਆਪਣੇ ਸਰੀਰ ਅਤੇ ਮਨ ਨੂੰ ਵਾਹਿਗੁਰੂ ਜੀ ਦੀ ਦਾਤ ਸਮਝੋ ਅਤੇ ਇਹਨਾਂ ਵਿਚੋਂ ਉਸ ਦੀ ਵਿਉਂਤ ਤੇ ਮਰਜ਼ੀ ਨੂੰ ਪੂਰੀਆਂ ਹੋਣ ਦੇਵੋ।

ਇਸ ਤਰ੍ਹਾਂ ਦੇ ਨਿਸ਼ਕਾਮ ਜੀਵਨ ਬਤੀਤ ਕਰਨ ਵਾਲੇ ਗ੍ਰਿਹਸਤੀ ਅਤੇ ਤਿਆਗੀ ਸਾਧੂ ਤੇ ਮਹਾਤਮਾ ਸਤਿਕਾਰ ਵਜੋਂ ਝੁਕਦੇ ਹਨ। ਐਸੇ ਪੁਰਸ਼ਾਂ ਵਿਚੋਂ ਹਉਮੈ ਦਾ ਨਾਸ਼ ਹੋ ਜਾਂਦਾ ਹੈ ਅਤੇ ਉਹ ਧਰਤੀ ਤੇ ਪਰਮਾਤਮਾ ਰੂਪ ਬਣ ਕੇ ਵਿਚਰਦਾ ਹੈ। ਉਹ ਫਿਰ ਪਰੇਮ ਸਫਲਤਾ ਅਤੇ ਅਨੰਦ ਰੂਪ ਹੋ ਜਾਂਦਾ ਹੈ 'ਉਸ ਨੂੰ ਅਸਲ ਤੇ ਪੂਰਨ ਗਿਆਨ ਹੁੰਦਾ ਹੈ।'

ਇਕ ਤਿਆਗੀ ਵਿਦਾਂਤਕ ਸੰਨਿਆਸੀ ਦੀ ਕਲਮ ਤੋਂ ਉਕਤ ਲਿਖਤ ਪੜ੍ਹ ਕੇ ਸਾਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਹ ਮਹਾਂ ਵਾਕ —

ਨਾਨਕੁ ਨੀਚੁ ਕਹੈ ਵੀਚਾਰੁ।
ਵਾਰਿਆ ਨ ਜਾਵਾ ਏਕ ਵਾਰ।
ਜੋ ਤੁਧੁ ਭਾਵੈ ਸਾਈ ਭਲੀ ਕਾਰ।
ਤੂ ਸਦਾ ਸਲਾਮਤਿ ਨਿਰੰਕਾਰ।

— — —

ਹਉਮੈ ਜਾਈ ਤਾ ਕੰਤ ਸਮਾਈ।

— — —

ਯਾਦ ਆਏ ਅਤੇ ਸੁਆਮੀ ਜੀ ਦੇ ਪ੍ਰਚਾਰ ਦੇ ਤਰੀਕੇ ਨੂੰ ਦੇਖ ਕੇ ਜੋ ਕਿ ਬਿਲਕੁਲ ਗੁਰਮਤ ਦੇ ਅਨੁਕੂਲ ਹੈ ਬੜੀ ਪ੍ਰਸੰਨਤਾ ਹੋਈ।

ਸਵਾਮੀ ਚਿਨਮਇਆ ਨੰਦ ਜੀ ਆਪ ਨੌਜਵਾਨ ਹਨ ਅਤੇ ਪੱਛਮੀ ਦੇਸ਼ਾਂ ਤੋਂ ਆਏ ਹਨ, ਇਸ ਕਰਕੇ ਆਪ ਦੇ ਪ੍ਰਚਾਰ ਦਾ ਤਰੀਕਾ ਵਿਗਿਆਨਕ ਅਤੇ ਵਰਤਮਾਨ ਜੀਵਨ ਦੇ ਅਨੁਕੂਲ ਹੈ। ਇਹਨਾਂ ਸੰਬੰਧੀ ਸਾਡੀ ਪ੍ਰਸੰਨਤਾ ਨੇ ਸਾਨੂੰ ਮਜਬੂਰ ਕੀਤਾ ਕਿ ਅਸੀਂ ਇਹਨਾਂ ਦੇ ਬਿਰਧ ਅਤੇ ਸੰਨਿਆਸੀ ਤਿਆਗੀ ਗੁਰੂ ਮਹਾਰਾਜ ਦੇ ਵਿਚਾਰਾਂ ਸੰਬੰਧੀ ਕੁਝ ਜਾਣੀਏ। ਇਸ ਲਈ ਇਹਨਾਂ ਦੀਆਂ ਲਿਖਤ ਪੁਸਤਕਾਂ ਵਿਚੋਂ ਮੰਡੂਕ ਉਪਨਿਸ਼ਦ ਬਾਬਤ ਛਪੇ ਇਹਨਾਂ ਦੇ ਦਿੱਲੀ ਵਿਖੇ ਦਿਤੇ ਲੈਕਚਰਾਂ ਦੀ ਭੂਮਕਾ ਵਿਚੋਂ ਇਹਨਾਂ ਦੇ ਗੁਰੂ ਮਹਾਰਾਜ ਹਿਜ਼ ਹੋਲੀਨੈਸ ਸ੍ਰੀ ਥਮੋਵੱਜੀ ਜੋ ਕਿ ਉਤਰਕਾਸ਼ੀ (ਹਿਮਾਲੀਆ) ਵਿਚ ਨਿਵਾਸ ਕਰਦੇ ਹਨ, ਦੀ ਆਸ਼ੀਰਵਾਦ ਅਤੇ ਸੰਦੇਸ਼ ਨੂੰ ਪੜ੍ਹ ਕੇ ਹੋਰ ਵੀ ਖੁਸ਼ੀ ਹੋਈ।

ਆਪ ਲਿਖਦੇ ਹਨ :

"... Perhaps by attending the lectures you may understand intellectually, the non-creation theory. Your may feel intellectually convinced that the Turiya Brahman alone is real and that the world of the other three state (awaking, dream and sound sleep) is not realy created and hence it is a long long dream. But to realise the reality as "I am Turia Brahman" and to experience it and to get established in it, quite far, far away, from a mere academic understanding of vedantta. Therefore dont's forget God. By God's grace alone can His real Nature, the Turiya state be realised. Practice the love and devotion to God, chant his name, Praise His glory and always meditate upon His greatness. Do all the works as a worship into Him. In course of time, by practice, after acquiring the purity and concentration of this impure and wavering mind, you will be able to see face to face and realise the Eternal Blissful Turiya Brahman.

ਉਲਥਾ :

ਸ਼ਾਇਦ ਇਹਨਾਂ ਲੈਕਚਰਾਂ ਨੂੰ ਸੁਣ ਕੇ ਤੁਹਾਨੂੰ ਇਹ ਸਮਝ ਆ ਜਾਵੇ ਕਿ ਵਾਸਤਵ ਵਿਚ ਕੁਝ ਵੀ ਰਚਿਆ ਨਹੀਂ ਗਿਆ। ਤੁਹਾਨੂੰ ਦਿਮਾਗੀ ਤੌਰ ਤੇ ਯਕੀਨ ਆ ਜਾਵੇ ਕਿ ਬ੍ਰਹਮ ਦੀ ਤੁਰੀਆ ਅਵਸਥਾ ਹੀ ਸਤਿ ਹੈ ਅਤੇ ਬਾਕੀ ਦੀਆਂ ਤਿੰਨੇ ਅਵਸਥਾ — (ਜਾਗਰਤ, ਸੁਫਨ ਤੇ ਘੂਕ ਨੀਂਦਰ) ਸਤਿ ਨਹੀਂ, ਮਿਥਿਆ ਹਨ ਅਤੇ ਜਗਤ ਰਚਨਾ ਕੇਵਲ ਇਕ ਬੜਾ ਲੰਬਾ ਸੁਫਨਾ ਹੈ। ਪਰ ਸਤ ਤੁਰੀਆ ਪਦ ਦੀ ਪਰਾਪਤੀ ਜਿਸ ਵਿਚ "ਮੈਂ ਹੀ ਤੁਰੀਆ ਬ੍ਰਹਮ ਹਾਂ" ਦਾ ਆਤਮਕ ਤਜਰਬਾ ਹੁੰਦਾ ਹੈ ਅਤੇ ਇਸ ਅਵਸਥਾ ਵਿਚ ਅਭੇਦ ਹੋਣਾ ਬੜਾ ਮੁਸ਼ਕਲ ਅਤੇ ਤੁਹਾਥੋਂ ਅਜੇ ਬੜਾ ਦੂਰ ਹੈ। ਦਿਮਾਗੀ ਤੌਰ ਤੇ ਸਮਝ ਆਉਣੀ ਕਿ ਮੈਂ ਬ੍ਰਹਮ ਹਾਂ ਅਤੇ ਇਸ ਅਵਸਥਾ ਦੀ ਸਚੀ

ਮੁਚੀ ਪਰਾਪਤੀ ਵਿਚ ਬੜਾ ਫਰਕ ਹੈ।

ਇਸ ਕਰਕੇ ਵਾਹਿਗੁਰੂ ਜੀ ਨੂੰ ਨਾ ਭੁਲੋ। ਵਾਹਿਗੁਰੂ ਜੀ ਦੀ ਕਿਰਪਾ ਨਾਲ ਹੀ ਤੁਸੀਂ ਉਸ ਦੀ ਅਸਲ ਫਿਤਰਤ ਜਿਸ ਨੂੰ ਤੁਰੀਆ ਪਦ ਆਖਦੇ ਹਨ, ਪ੍ਰਾਪਤ ਕਰ ਸਕਦੇ ਹੋ। ਵਾਹਿਗੁਰੂ ਜੀ ਨਾਲ ਪਰੇਮ ਕਰੋ ਅਤੇ ਉਸੇ ਦੀ ਉਪਾਸਨਾ ਕਰੋ। ਉਸ ਦਾ ਨਾਮ ਜਪੋ ਅਤੇ ਉਸ ਦੇ ਜਸ ਗਾਵੋ ਅਤੇ ਸਦਾ ਉਸਦੀ ਸਿਫਤ ਸਲਾਹ ਦਾ ਜੀਵਨ ਬਤੀਤ ਕਰੋ। ਸਤ ਕਰਮ ਵਾਹਿਗੁਰੂ ਜੀ ਦੇ ਨਵਿਤ ਕਰੋ। ਹੌਲੀ ਹੌਲੀ ਉਹ ਸਮਾਂ ਵੀ ਆ ਜਾਏਗਾ ਜਦ ਕਿ ਭਟਕਣ ਵਾਲਾ ਮਲੀਨ ਮਨ ਸ਼ੁਧ ਅਤੇ ਇਕਾਗਰ ਹੋ ਜਾਏਗਾ ਅਤੇ ਤੁਸੀਂ ਆਪਣੇ ਵਾਹਿਗੁਰੂ ਜੀ ਦੇ ਸਾਖਸ਼ਾਤ ਦਰਸ਼ਨ ਕਰ ਸਕੋਗੇ ਅਤੇ ਉਸਦੇ ਸਦੀਵੀ ਤੁਰੀਆ ਪਦ ਦੇ ਆਨੰਦ ਨੂੰ ਮਾਣ ਸਕੋਗੇ।

ਸ੍ਰੀ ਸਵਾਮੀ ਚਿਨਮਯਾ ਨੰਦ ਜੀ ਅਤੇ ਉਹਨਾਂ ਦੇ ਗੁਰੂ ਥਮੋਵੱਜੀ ਮਹਾਰਾਜ ਦਾ ਉਪਦੇਸ਼ ਗੁਰਮਤ ਦੇ ਬਿਲਕੁਲ ਅਨੁਕੂਲ ਹੈ, ਹਿੰਦੂ ਧਰਮਾਂ ਦੇ ਹੋਰ ਮਹਾਤਮਾ ਵੀ ਸੰਸਾਰ ਦੇ ਆਮ ਲੋਕਾਂ ਲਈ ਇਸ ਕਿਸਮ ਦੇ ਪਰਚਾਰ ਦੀ ਸਖ਼ਤ ਲੋੜ ਨੂੰ ਮਹਿਸੂਸ ਕਰਣ ਲਗ ਪਏ ਹਨ ਅਤੇ ਉਹ ਸਮਾਂ ਦੂਰ ਨਹੀਂ ਜਦ ਕਿ ਭਾਰਤਵਰਸ਼ ਵਿਚ ਇਸ ਕਿਸਮ ਦਾ ਪਰਚਾਰ ਜੋ ਕਿ ਗੁਰਮਤ ਦਾ ਪਰਚਾਰ ਹੈ, ਪ੍ਰਚਲਤ ਹੋ ਜਾਵੇਗਾ। ਇਕ ਦਿਨ ਐਸਾ ਹੋਣਾ ਜ਼ਰੂਰੀ ਹੈ, ਕਿਉਂਕਿ ਇਹ ਮਹਾਂ ਵਾਕ ਸਚ ਹੋ ਕੇ ਰਹਿਣੇ ਹਨ।

ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ॥

ਦੋ ਗੁਰਸਿੱਖਾਂ ਦੀ ਮੁਲਾਕਾਤ

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਰਾਗ ਸੂਹੀ ਵਿਚ ਇਕ ਸ਼ਬਦ ਉਚਾਰਨ ਕੀਤਾ ਹੈ, ਜਿਸ ਵਿਚ ਦਸਿਆ ਹੈ ਕਿ ਗੁਰਸਿਖ ਆਪਸ ਵਿਚ ਜਦ ਮਿਲਿਆ ਕਰਨਗੇ ਤਾਂ ਕਿਸ ਭਾਵਨੀ ਨਾਲ ਮਿਲਣਗੇ, ਮਿਲ ਕੇ ਇਕ ਦੂਸਰੇ ਤੋਂ ਕੀ ਪੁਛਣਗੇ ਤੇ ਕੀ ਦਸਣਗੇ। ਇਸ ਸ਼ਬਦ ਵਿਚ ਇਕ ਗੁਰਸਿੱਖ ਦੂਸਰੇ ਗੁਰਸਿੱਖ ਨੂੰ ਮਿਲਦਾ ਹੈ ਅਤੇ ਅਤਿਅੰਤ ਸਤਿਕਾਰ ਨਾਲ, ਅਤਿਅੰਤ ਸ਼ਰਧਾ ਨਾਲ ਦੂਸਰੇ ਗੁਰਸਿੱਖ ਤੋਂ ਪੁਛਦਾ ਹੈ — ਹੇ ਗੁਰਸਿੱਖ ! ਮੈਂ ਤੇਰੇ ਸਰੀਰ ਨੂੰ ਨਮਸਕਾਰ ਨਹੀਂ ਕਰਦਾ ਪਰ ਇਸ ਸਰੀਰ ਵਿਚ ਰਹਿ ਕੇ ਜੋ ਤੂੰ ਗੁਰਸਿਖੀ ਦੀ ਕਮਾਈ ਕੀਤੀ ਹੈ, ਮੈਂ ਉਸ ਕਮਾਈ ਨੂੰ ਨਮਸਕਾਰ ਕਰਦਾ ਹਾਂ। ਮੈਂ ਤੇਰੇ ਅਗੇ ਆਪਣੇ ਦਿਲ ਦੀ ਲੁਕੀ ਪੀੜ ਪਰਗਟ ਕਰਦਾ ਹਾਂ, ਕਿ ਮੈਨੂੰ ਅਜੇ ਤਕ ਗੁਰੂ ਸਜਣ ਨਹੀਂ ਮਿਲੇ। ਗੁਰੂ ਸਜਣ ਤੋਂ ਮੇਰਾ ਮਤਲਬ ਗੁਰ-ਉਪਦੇਸ਼ ਦਾ ਹੈ। ਮੈਨੂੰ ਅਜੇ ਤਕ ਗੁਰ-ਉਪਦੇਸ਼ ਦੀ ਸਮਝ ਨਹੀਂ ਆਈ, ਜਿਸ ਕਰਕੇ ਮੇਰਾ ਮਨ ਅਜੇ ਵੀ ਭਟਕਦਾ ਰਹਿੰਦਾ ਹੈ। ਜਦ ਤਕ ਮਨ ਦੀ ਭਟਕਣਾ ਬੰਦ ਨਾ ਹੋਵੇ, ਤਦ ਤਕ ਮਨ ਦੇ ਪਿਛੇ ਰਹਿਣ ਵਾਲੀ ਮਹਾਨ ਸਚਾਈ, ਸ੍ਰੀ ਵਾਹਿਗੁਰੂ ਜੀ ਦੇ ਦੀਦਾਰ ਨਹੀਂ ਹੋ ਸਕਦੇ। ਇਸ ਕਰਕੇ ਮੈਂ ਇਹ ਮਨ ਤੇਰੇ ਪੇਸ਼ ਕਰਦਾ ਹਾਂ। ਤੂੰ ਇਸ ਵਿਚੋਂ ਜੋ ਜੋ ਮੇਰੇ ਗ਼ਲਤ ਨਿਸਚੇ ਹਨ ਉਹਨਾਂ ਨੂੰ ਕਢ ਦੇ ਅਤੇ ਜੋ ਜੋ ਗੁਰਮਤ ਦੇ ਵਿਗਿਆਨਕ, ਸਦੀਵੀ ਸਚੇ ਅਤੇ ਸੁਚੇ ਨਿਸਚੇ ਹਨ, ਉਹ ਭਰ ਦੇ, ਮੈਂ ਤੇਰੇ ਦਸੇ ਅਨੁਸਾਰ ਅਗੇ ਤੋਂ ਜੀਵਨ ਬਤੀਤ ਕਰਨ ਦਾ ਪ੍ਰਣ ਕਰਦਾ ਹਾਂ। ਮੈਨੂੰ ਗੁਰੂ ਮਾਰਗ ਦਸ ਦੇ ਅਤੇ ਉਸ ਤੇ ਤੁਰਨਾ ਸਿਖਾ ਦੇ। ਮੈਂ ਇਸ ਮਨ ਦੇ ਹਥੋਂ ਅਨੇਕ ਜਨਮ ਭਟਕ ਚੁਕਿਆ ਹਾਂ। ਹੁਣ ਮੈਂ ਤੇਰੀ ਸ਼ਰਨ ਵਿਚ ਇਸ ਭਰੋਸੇ ਤੇ ਉਤਸ਼ਾਹ ਨਾਲ ਆਇਆ ਹਾਂ ਕਿ ਤੂੰ ਮੇਰੀ ਸਹਾਇਤਾ ਕਰੇਂਗਾ, ਗੁਰਮਤ ਦਾ ਅਸਲੀ ਭੇਦ ਸਮਝਾਵੇਂਗਾ, ਜਿਸ ਭੇਦ ਨੂੰ ਸਮਝ ਕੇ

ਮੈਂ ਵੀ ਗੁਰਸਿਖ ਬਨਣ ਦੇ ਯੋਗ ਹੋ ਜਾਵਾਂਗਾ ਅਤੇ ਗੁਰਸਿਖ ਬਨਣ ਨਾਲ ਮੇਰੇ ਸਰਬ ਪਰਕਾਰ ਦੇ ਦੁਖ ਨਵਿਰਤ ਹੋ ਜਾਣਗੇ। ਮੈਨੂੰ ਵਾਹਿਗੁਰੂ ਜੀ ਦੇ ਦਰਸ਼ਨ ਹੋਣਗੇ ਅਤੇ ਉਹਨਾਂ ਦੀ ਸੰਗਤ ਵਿਚ ਰਹਿ ਕੇ ਉਹਨਾਂ ਦਾ ਰੂਪ ਬਨਣ ਦਾ ਸੁਭਾਗ ਪਰਾਪਤ ਹੋਵੇਗਾ।'

ਇਹ ਪੁਛਣ ਵਾਲੇ ਗੁਰਸਿਖ ਦੀ ਸਾਰੀ ਗੱਲ ਸੁਣ ਕੇ ਦੂਸਰਾ ਗੁਰਸਿਖ ਪੂਰੇ ਪਿਆਰ, ਸਤਿਕਾਰ, ਨਿਮ੍ਰਤਾ ਤੇ ਸ਼ੁਭ ਇਛਿਆ ਨਾਲ ਇਸ ਪ੍ਰਕਾਰ ਜਵਾਬ ਦਿੰਦਾ ਹੈ — ਐ ਮੇਰੇ ਗੁਰੂ ਦੇ ਪਿਆਰੇ ਗੁਰਸਿਖ, ਮੈਂ ਜੋ ਕੁਛ ਦਸਣ ਲੱਗਾ ਹਾਂ, ਇਹ ਆਪਣੇਂ ਵਲੋਂ ਨਹੀਂ ਸਗੋਂ ਸਤਿਗੁਰ ਜੀ ਦੇ ਦਸੇ ਰਸਤੇ ਨੂੰ, ਜਿਵੇਂ ਸਤਿਗੁਰ ਦੀ ਬਖਸ਼ੀ ਸਮਝ ਅਨੁਸਾਰ ਸਮਝ ਸਕਿਆ ਹਾਂ ਉਹ ਬਿਆਨ ਕਰਦਾ ਹਾਂ। ਹੇ ਵੀਰ, ਗੁਰੂ ਦਾ ਮਾਰਗ ਪਹਿਲੇ ਸਮਝ ਵਿਚ ਆਉਂਦਾ ਹੈ, ਫੇਰ ਇਸ ਤੇ ਚਲੀਦਾ ਹੈ ਅਤੇ ਚਲਣ ਤੋਂ ਬਾਅਦ ਗੁਰੂ ਦੀ ਕਿਰਪਾ ਨਾਲ ਵਾਹਿਗੁਰੂ ਜੀ ਤਕ ਪਹੁੰਚੀਦਾ ਹੈ। ਗੁਰੂ ਮਾਰਗ ਤੇ ਚਲਣ ਲਈ ਮਨ ਦੇ ਗ਼ਲਤ ਨਿਸਚੇ ਤਿਆਗਣੇ, ਗੁਰੂ ਦੇ ਵਿਗਿਆਨਕ ਤੇ ਸਚੇ ਨਿਸਚੇ ਧਾਰਨ ਕਰਨੇ ਅਤਿਅੰਤ ਜ਼ਰੂਰੀ ਸ਼ਰਤ ਹੈ। ਜੋ ਗੁਰਸਿਖ ਮਨ ਦੇ ਗ਼ਲਤ ਨਿਸਚੇ ਕਾਇਮ ਰਖ ਕੇ ਗੁਰੂ ਮਾਰਗ ਤੇ ਚਲਣਾ ਚਾਹੇ, ਉਹ ਕਦੀ ਚਲ ਨਹੀਂ ਸਕੇਗਾ। ਨਿਸਚੇ ਇਕ ਬੁਨਿਆਦ ਹਨ ਜਿਨ੍ਹਾਂ ਉਤੇ ਗੁਰਸਿਖੀ ਦਾ ਮਹਿਲ ਉਸਾਰਿਆ ਜਾਂਦਾ ਹੈ। ਜੇਕਰ ਮਨ ਦੇ ਗ਼ਲਤ ਨਿਸਚੇ ਕਾਇਮ ਰਖ ਕੇ ਗੁਰਸਿਖ ਬਨਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣ ਤਾਂ ਉਸੇ ਤਰ੍ਹਾਂ ਅਸਫਲ ਹੁੰਦੀਆਂ ਹਨ ਜਿਸ ਤਰ੍ਹਾਂ ਕਿ ਗ਼ਲਤ ਤੇ ਵਿੰਗੀ ਬੁਨਿਆਦ ਉਤੇ ਉਸਾਰਿਆ ਮਕਾਨ ਹਮੇਸ਼ਾਂ ਗ਼ਲਤ ਤੇ ਵਿੰਗਾ ਉਸਰਦਾ ਹੈ। ਜਦ ਤਕ ਮਨ ਦੀਆਂ ਗ਼ਲਤ ਮਤਾਂ ਦਾ ਤਿਆਗ ਨਾ ਹੋਵੇ, ਗੁਰੂ ਦੀ ਵਿਗਿਆਨਕ ਮਤ ਜਾਂ ਉਪਦੇਸ਼ ਦਾ ਮਨ ਵਿਚ ਨਿਵਾਸ ਨਹੀਂ ਹੋ ਸਕਦਾ। ਇਸ ਲਈ ਜੇ ਤੂੰ ਗੁਰੂ ਮਾਰਗ ਤੇ ਚਲ ਕੇ ਕਿਤੇ ਪਹੁੰਚਣਾ ਚਾਹੁੰਦਾ ਹੈਂ ਤਾਂ ਮਨਮਤ ਯਾ ਮਨ ਦੇ ਗ਼ਲਤ ਨਿਸਚਿਆਂ ਦਾ ਪੂਰਨ ਤਿਆਗ ਕਰ ਤੇ ਗੁਰੂ ਦੀ ਮਤ ਯਾ ਗੁਰੂ ਦੇ ਸਚੇ ਨਿਸਚਿਆਂ ਨੂੰ ਪੂਰਨ ਤੌਰ ਤੇ ਧਾਰਨ ਕਰ। ਤਦ ਅਤੇ ਕੇਵਲ ਤਦ ਤੂੰ ਗੁਰੂ ਮਾਰਗ ਤੇ ਅਸਲ ਅਰਥਾਂ ਵਿਚ ਚਲ ਸਕੇਂਗਾ ਅਤੇ ਤਦ ਹੀ ਕੇਵਲ ਤੇਰੇ ਅੰਦਰ ਵਾਹਿਗੁਰੂ ਜੀ ਦੇ ਦਰਸ਼ਨ ਤੇ ਮਿਲਾਪ ਦੀ ਯੋਗਤਾ ਪੈਦਾ ਹੋਵੇਗੀ।'

ਹੁਣ ਪੁਛਣ ਵਾਲਾ ਗੁਰਸਿਖ ਡਾਢੇ ਸਤਿਕਾਰ ਤੇ ਨਿਮਰਤਾ ਨਾਲ ਪੁਛਦਾ ਹੈ — 'ਹੇ ਗੁਰਸਿਖ, ਤੂੰ ਇਹ ਬੜੀ ਅਜੀਬ ਬਾਤ ਦਸੀ ਹੈ। ਮੈਂ ਤੇ ਮਨ ਦੇ ਨਿਸਚਿਆਂ ਦੀ ਬੁਨਿਆਦ ਉਤੇ ਅਜ ਤਕ ਗੁਰਸਿਖ ਯਾ ਗੁਰਮਤ ਦਾ ਮਹਿਲ ਉਸਾਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੇਰਾ ਖ਼ਿਆਲ ਸੀ ਕਿ ਮਨ ਦੇ ਨਿਸਚੇ ਭਾਵੇਂ ਕਾਇਮ ਰਹਿਣ ਫਿਰ ਵੀ ਮੈਂ ਪੂਰਨ ਗੁਰਸਿਖ ਬਣ ਸਕਾਂਗਾ, ਪਰ ਹੁਣ ਮੈਨੂੰ ਸਮਝ ਆ ਗਈ ਹੈ ਕਿ ਮਨ ਦੇ ਨਿਸਚਿਆਂ ਨੂੰ ਕਾਇਮ ਰਖ ਕੇ ਅਸਲ ਅਰਥਾਂ ਵਿਚ ਗੁਰਸਿਖ ਬਣ ਸਕਣਾ ਯਾ ਵਾਹਿਗੁਰੂ ਜੀ ਦੀ ਪਵਿਤ੍ਰ ਹਜ਼ੂਰੀ ਵਿਚ ਪਹੁੰਚ ਸਕਣਾ ਅਸੰਭਵ ਹੈ। ਐ ਗੁਰਸਿਖ, ਹੁਣ ਮੇਰੇ ਤੇ ਕਿਰਪਾ ਕਰ ਅਤੇ ਖੋਲ੍ਹ ਕੇ ਸਮਝਾ ਕਿ ਮਨ ਦੇ ਗ਼ਲਤ ਨਿਸਚੇ ਕੀ ਕੀ ਹਨ ਅਤੇ ਗੁਰੂ ਦੇ ਸਚੇ ਤੇ ਸੁਚੇ ਨਿਸਚੇ ਕਿਹੜੇ ਹਨ ? ਮਨ ਦੇ ਗ਼ਲਤ ਨਿਸਚਿਆਂ ਨੂੰ ਕਿਵੇਂ ਤਿਆਗਾਂ ਤੇ ਗੁਰੂ ਦੇ ਦਰੁਸਤ ਨਿਸਚਿਆਂ ਨੂੰ ਕਿਵੇਂ ਧਾਰਨ ਕਰਾਂ ?

ਦੱਸਣ ਵਾਲੇ ਗੁਰਸਿਖ ਨੇ ਹੱਥ ਜੋੜ ਕੇ ਇਸ ਤਰ੍ਹਾਂ ਆਖਿਆ— 'ਗੁਰੂ ਦੇ ਪਿਆਰੇ, ਹੇ ਮੇਰੇ ਵੀਰ, ਵੈਸੇ ਤਾਂ ਮਨ ਦੇ ਸਾਰੇ ਹੀ ਨਿਸਚੇ ਗ਼ਲਤ ਹਨ ਪਰ ਮਨ ਦੇ ਇਹ ਛੇ ਨਿਸਚੇ ਜੋ ਮੈਂ ਤੈਨੂੰ ਦਸਦਾ ਹਾਂ, ਇਹ ਮਨ ਦੇ ਮੁਢਲੇ ਗ਼ਲਤ ਨਿਸਚੇ ਕਹੇ ਜਾ ਸਕਦੇ ਹਨ। ਮਨ ਦੇ ਇਹਨਾਂ ਛੇਆਂ ਨਿਸਚਿਆਂ ਦੇ ਮੁਕਾਬਲੇ ਤੇ ਸਤਿਗੁਰੂ ਜੀ ਦੇ ਬਖਸ਼ੇ ਹੋਏ ਛੇ ਦਰੁਸਤ ਤੇ ਵਿਗਿਆਨਕ, ਸਚੇ ਤੇ ਸੁਚੇ ਨਿਸਚੇ ਹਨ, ਮਨ ਦੇ ਗ਼ਲਤ ਨਿਸਚੇ ਜਦ ਸਮਝ ਤੇ ਵਿਚਾਰ ਦੀ ਕਸਵੱਟੀ ਤੇ ਗ਼ਲਤ ਨਿਕਲਣ ਅਤੇ ਇਹਨਾਂ ਦੇ ਗ਼ਲਤ ਹੋਣ ਸੰਬੰਧੀ ਯਕੀਨ ਆ ਜਾਵੇ ਤਦ ਇਹਨਾਂ ਦਾ ਤਿਆਗ ਹੋ ਸਕਦਾ ਹੈ। ਗੁਰੂ ਦੇ ਦਰੁਸਤ ਤੇ ਵਿਗਿਆਨਕ ਨਿਸਚਿਆਂ ਦੀ ਸਚਾਈ ਜਦ ਵੀਚਾਰ ਦੀ ਕਸਵੱਟੀ ਤੇ ਦਰੁਸਤ ਨਿਕਲੇ ਅਤੇ ਗੁਰੂ ਦੇ ਨਿਸਚਿਆਂ ਦੇ ਦਰੁਸਤ ਹੋਣ ਦਾ ਯਕੀਨ ਆ ਜਾਵੇ ਤਦ ਉਹਨਾਂ ਨੂੰ ਕਰ ਸਕੀਦਾ ਹੈ, ਮਨ ਦੇ ਗ਼ਲਤ ਨਿਸਚਿਆਂ ਨੂੰ ਗ਼ਲਤ ਸਮਝਣਾ ਹੋਰ ਗੱਲ ਹੈ ਅਤੇ ਇਹਨਾਂ ਦਾ ਤਿਆਗ ਕਰਨਾ ਹੋਰ ਗੱਲ ਹੈ। ਇਸੇ ਤਰ੍ਹਾਂ ਗੁਰੂ ਦੇ ਸੱਚੇ ਅਤੇ ਸੁਚੇ ਨਿਸ਼ਚਿਆਂ ਨੂੰ ਦਰੁਸਤ ਸਮਝਣਾ ਯਾ ਆਖਣਾ ਹੋਰ ਗੱਲ ਹੈ ਅਤੇ ਉਹਨਾਂ ਨੂੰ ਧਾਰਨ ਕਰਨਾ ਹੋਰ ਗੱਲ ਹੈ। ਮਨ ਦੇ ਮੁਢਲੇ 6 ਨਿਸਚੇ ਅਤੇ ਉਹਨਾਂ ਦੇ ਮੁਕਾਬਲੇ ਵਿਚ ਗੁਰੂ ਦੇ ਦਰੁਸਤ ਤੇ ਵਿਗਿਆਨਕ ਸਚੇ ਸੁਚੇ 6 ਨਿਸਚੇ ਇਸ ਪ੍ਰਕਾਰ ਹਨ :

ਮਨਮਤ ਯਾ ਮਨ ਦੇ ਗ਼ਲਤ ਨਿਸਚੇ	ਗੁਰਮਤ ਯਾ ਗੁਰੂ ਦੇ ਸੱਚੇ ਤੇ ਸੁਚੇ ਨਿਸਚੇ
1. ਮੈਂ ਸਰੀਰ ਹਾਂ।	1. ਤੂੰ ਸਰੀਰ ਨਹੀਂ ਜੋਤ ਹੈਂ, ਆਤਮਾ ਹੈਂ ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣ।
2. ਮੈਂ ਸਰੀਰ ਦਾ ਪੁਤਰ ਹਾਂ, ਮੇਰੇ ਮਾਤਾ ਪਿਤਾ ਵੀ ਸਰੀਰ ਹਨ।	2. ਤੇਰੇ ਮਾਤਾ ਪਿਤਾ ਸ੍ਰੀ ਵਾਹਿਗੁਰੂ ਜੀ ਹਨ। ਤੂੰ ਸ੍ਰੀ ਵਾਹਿਗੁਰੂ ਜੀ ਦਾ ਪੁਤਰ ਹੈਂ। 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' 'ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।'
3. ਇਹ ਸਰੀਰ ਮੇਰਾ ਹੈ। ਇਸ ਵਿਚ ਅਕਲ, ਸੋਚ ਵਿਚਾਰ ਮੇਰੀ ਹੈ। ਅਕਲ ਨਾਲ ਜੋ ਦੌਲਤ ਕਮਾਈ ਹੈ, ਉਹ ਮੇਰੀ ਹੈ ਅਤੇ ਦੌਲਤ ਨਾਲ ਜੋ ਜਾਇਦਾਦ ਕੋਠੀਆਂ ਮੋਟਰਾਂ ਆਦਿ ਬਣਾਈਆਂ ਹਨ ਉਹ ਸਭ ਮੇਰੀਆਂ ਹਨ। ਪਰਿਵਾਰ ਮੇਰਾ ਹੈ, ਰਸੂਖ ਮੇਰਾ।	3. ਇਹ ਸਰੀਰ ਅਕਲ ਅਤੇ ਦੌਲਤ ਸਭ ਵਾਹਿਗੁਰੂ ਜੀ ਦੀਆਂ ਹੀ ਦਾਤਾਂ ਹਨ ਜੋ ਕੁਝ ਸਮੇਂ ਲਈ ਵਰਤਨ ਵਾਸਤੇ ਤੈਨੂੰ ਮਿਲੀਆਂ ਹਨ। ਦੌਲਤ ਨਾਲ ਜੋ ਤੂੰ ਜਾਇਦਾਦ ਪੈਦਾ ਕੀਤੀ ਹੈ, ਮੰਦਰ ਤੇ ਮਾੜੀਆਂ ਉਸਾਰੀਆਂ ਹਨ, ਉਹ ਸਭ ਵਾਹਿਗੁਰੂ ਜੀ ਦੇ ਹਨ ਤੇ ਤੈਨੂੰ ਕੁਝ ਸਮੇਂ ਲਈ ਰਹਿਣ ਵਰਤਣ ਲਈ ਸ੍ਰੀ ਵਾਹਿਗੁਰੂ ਜੀ ਵਲੋਂ ਮਿਲੀਆਂ ਹਨ। 'ਮਨੁ ਤਨੁ ਤੇਰਾ ਧਨੁ ਵੀ ਤੇਰਾ ਤੂੰ ਠਾਕੁਰ ਸੁਆਮੀ ਪ੍ਰਭੁ ਮੇਰਾ' 'ਜੀਉ ਪਿੰਡੁ ਸਭੁ ਰਾਸਿ ਤੁਮਾਰੀ

ਤੇਰਾ ਜੋਰੁ ਗੋਪਾਲਾ ਜੀਉ।'
'ਸਿਖ ਮਤ ਸਭ ਬੁਧ ਤੁਮਾਰੀ ਮੰਦਰ ਛਾਵਾਂ ਤੇਰੇ।
ਤੁਝ ਬਿਨ ਅਵਰ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾਂ ਨਿਤ ਤੇਰੇ।'

4. ਆਪਣੇ ਕਾਇਮ ਰਖਣ ਦੀ, ਰੋਜ਼ੀ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਮੇਰੇ ਸਿਰ ਤੇ ਹੈ। ਜੇ ਮੈਂ ਫਿਕਰ ਚਿੰਤਾ ਨਾ ਕਰਾਂ ਤਾਂ ਮੈਨੂੰ ਰੋਜ਼ੀ ਨਹੀਂ ਮਿਲੇਗੀ ਅਤੇ ਮੈਂ ਤੇ ਮੇਰਾ ਪਰਿਵਾਰ ਭੁਖੇ ਮਰ ਜਾਵਾਂਗੇ।

4. ਤੇਰੇ ਜਨਮ ਤੋਂ ਪਹਿਲੋਂ ਤੇਰਾ ਰਿਜ਼ਕ ਅਤੇ ਤੇਰੇ ਕਾਇਮ ਰਖਣ ਦੇ ਹੋਰ ਸਾਮਾਨ ਵਾਹਿਗੁਰੂ ਜੀ ਨੇ ਪੂਰੇ ਕੀਤੇ ਹਨ। ਤੂੰ ਉਦਮ ਕਰ ਪਰ ਤੈਨੂੰ ਚਿੰਤਾ ਅਤੇ ਫਿਕਰ ਕਰਨ ਦੀ ਲੋੜ ਨਹੀਂ।
'ਪਹਿਲੋ ਦੇ ਤੈਂ ਰਿਜਕੁ ਸਮਾਹਾ। ਪਿਛੋ ਦੇ ਤੈਂ ਜੰਤੁ ਉਪਾਹਾ।'
'ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ। ਜਲ ਮਹਿ ਜੰਤ ਉਪਾਇਅਨ ਤਿਨਾ ਭਿ ਰੋਜੀ ਦੇਇ।'
'ਚੌਰਾਸੀ ਲਖ ਜੂਨ ਉਪਾਈ ਰਿਜਕ ਦੀਆਂ ਸਭਹੂੰ ਕੋ ਤਦ ਕਾ।
'ਸਾਹਿਬ ਮੇਰਾ ਮਿਹਰਵਾਨੁ ਜੀਆ ਸਗਲ ਕੋ ਦੇਇ ਦਾਨ।
ਤੂ ਕਾਹੇ ਡੋਲਹਿ ਪਰਾਣੀਆ ਤੁਧ ਰਾਖੈਗਾ ਸਿਰਜਨਹਾਰ
ਜਿਨ ਪੈਦਾਇਸ਼ ਤੂ ਕੀਆ ਸੋਈ ਦੇਹਿ ਅਧਾਰ।'

5. ਸੰਸਾਰਕ ਜੀਵਨ ਸਦਾ ਕਾਇਮ ਰਹੇਗਾ, ਮੈਂ ਸਦਾ ਸੰਸਾਰ ਤੇ

5. ਸੰਸਾਰਕ ਜੀਵਨ ਇਕ ਸਫਰ ਹੈ ਅਤੇ ਤੂੰ ਮੁਸਾਫਰ ਹੈਂ, ਤੂੰ ਕਿਤੋਂ

ਕਾਇਮ ਰਹਾਂਗਾ।	ਚਲਿਆ ਅਤੇ ਕਿਤੇ ਪਹੁੰਚਣਾ ਹੈ ਅਤੇ ਇਹ ਸੰਸਾਰ ਤੇਰੇ ਸਫਰ ਵਿਚਕਾਰ ਇਕ ਪੜਾਅ ਹੈ। 'ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੇ ਹੈ ਸੰਸਾਰੋਵਾ।' 'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀ ਐ।'
6. ਕਿਉਂਕਿ ਮੈਂ ਸਰੀਰ ਹਾਂ ਇਸ ਕਰਕੇ ਮੇਰੇ ਤੇ ਬੁਢੇਪਾ ਅਤੇ ਮੌਤ ਆਉਣੀ ਜ਼ਰੂਰੀ ਹੈ।	6. ਸਰੀਰ ਨੂੰ ਜ਼ਰੂਰ ਮੌਤ ਆਵੇਗੀ ਪਰ ਤੂੰ ਸਰੀਰ ਨਹੀਂ ਜੋਤਿ ਹੈਂ। ਜੋ ਮਰ ਨਹੀਂ ਸਕਦੀ, ਅਮਰ ਹੈ। 'ਮਰਣਹਾਰੁ ਇਹੁ ਜੀਅਰਾ ਨਾਹੀ।' 'ਮੂਈ ਸੁਰਤਿ ਬਾਦੁ ਅਹੰਕਾਰੁ। ਓਹੁ ਨ ਮੂਆ ਜੋ ਦੇਖਣਹਾਰੁ।'

— — —

ਪੁਛਣ ਵਾਲੇ ਗੁਰਸਿਖ ਨੇ ਹੱਥ ਜੋੜ ਕੇ ਆਖਿਆ — 'ਐ ਮੇਰੇ ਪਰਮ ਮਿਤ੍ਰ, ਮੈਨੂੰ ਯਕੀਨ ਹੋ ਗਿਆ ਹੈ ਕਿ ਮਨ ਦੇ ਗ਼ਲਤ ਨਿਸਚੇ ਤਿਆਗ ਕੇ ਗੁਰੂ ਦੇ ਨਿਸਚੇ ਧਾਰਨ ਕਰਨ ਨਾਲ ਜੀਵਨ ਦਾ ਸਾਰਾ ਦ੍ਰਿਸ਼ਟੀਕੋਨ ਹੀ ਬਦਲ ਜਾਵੇਗਾ, ਜੀਵਨ ਇਕ ਲਗਾਤਾਰ ਬਹਾਰ ਅਤੇ ਸਦੀਵੀ ਖੇੜਾ ਬਣ ਜਾਵੇਗਾ। ਹੁਣ ਮੈਨੂੰ ਇਹ ਦੱਸ ਕਿ ਮਨ ਦੇ ਗ਼ਲਤ ਨਿਸਚੇ ਤਿਆਗਣ ਅਤੇ ਗੁਰੂ ਦੇ ਦਰੁਸਤ ਨਿਸਚੇ ਧਾਰਨ ਕਰਨ ਮਗਰੋਂ ਮੈਂ ਕੀ ਕਰਾਂ ?'

ਦੱਸਣ ਵਾਲੇ ਗੁਰਸਿਖ ਨੇ ਗਲ ਵਿਚ ਪੱਲਾ ਪਾ ਕੇ ਅਤੇ ਹੱਥ ਜੋੜ ਕੇ ਆਖਿਆ — ਹੇ ਗੁਰੂ ਦੇ ਸਵਾਰੇ ਗੁਰਸਿਖ, ਮਨ ਦੇ ਗ਼ਲਤ ਨਿਸਚੇ ਤਿਆਗ ਕੇ ਤੇ ਗੁਰੂ ਦੇ ਵਿਗਿਆਨਕ ਨਿਸਚੇ ਧਾਰਨ ਕਰਨ ਤੋਂ ਬਾਅਦ ਗੁਰਮਤ ਅਨੁਸਾਰ ਨਾਮ ਜਪਣਾ ਹੋਵੇਗਾ। ਉਸ ਅਵਸਥਾ ਵਿਚ ਜਪਿਆ ਨਾਮ ਮਨ ਵਿਚ ਨਿਵਾਸ ਕਰੇਗਾ, ਮਨ ਵਿਚ ਗਿਆਨ ਦਾ ਪ੍ਰਕਾਸ਼ ਕਰੇਗਾ ਅਤੇ ਮਨ ਦੇ ਪਿਛੇ ਲੁਕੀ ਮਹਾਨ ਚੇਤਨ ਕਲਾ ਸ੍ਰੀ ਵਾਹਿਗੁਰੂ ਜੀ ਦੇ ਦਰਸ਼ਨ ਕਰਾਵੇਗਾ।'

ਪੁਛਣ ਵਾਲਾ ਗੁਰਸਿਖ — 'ਗੁਰਮਤ ਅਨੁਸਾਰ ਨਾਮ ਕਿਵੇਂ ਜਪੀਦਾ ਹੈ ?'

ਦੱਸਣ ਵਾਲਾ ਗੁਰਸਿਖ — 'ਨਾਮ ਜਪਣ ਤੋਂ ਪਹਿਲੇ ਨਾਮੀ ਵਾਹਿਗੁਰੂ ਜੀ ਦੇ ਗੁਣਾਂ ਜਾਂ ਸਿਫਤਾਂ ਦਾ ਪਤਾ ਹੋਣਾ ਚਾਹੀਦਾ ਹੈ। ਗੁਰੂ ਗਰੰਥ ਸਾਹਿਬ ਜੀ ਵਿਚ ਸਿਫਤ-ਸਲਾਹ ਦੇ ਬਹੁਤ ਸ਼ਬਦ ਹਨ ਜਿਨ੍ਹਾਂ ਤੋਂ ਵਾਹਿਗੁਰੂ ਜੀ ਦੇ ਅਸਲ ਸੁਭਾਵ ਤੇ ਸਿਫਤਾਂ ਦਾ ਪਤਾ ਲਗ ਜਾਂਦਾ ਹੈ। ਸਰਬ ਗੁਣ ਨਿਧਾਨ, ਅਕਾਲ, ਨਿਰਭਉ, ਨਿਰਵੈਰ, ਅਜੂਨੀ, ਮਾਤ ਪਿਤਾ, ਸੰਗੀ, ਦਿਆਲੂ, ਅਤੇ ਕਿਰਪਾਲੂ ਵਾਹਿਗੁਰੂ ਜੀ ਨੂੰ ਜਦੋਂ ਉਕਤ ਸਿਫਤਾਂ ਸਾਹਮਣੇ ਰਖਕੇ ਯਾਦ ਕਰੀਏ ਜਾਂ ਨਾਮ ਜਪੀਏ ਤਾਂ ਨਾਮ ਜਪਣ ਵਾਲਾ ਨਾਮੀ ਦਾ ਰੂਪ ਹੋਣਾ ਸ਼ੁਰੂ ਹੋ ਜਾਂਦਾ ਹੈ, ਜਾਂ ਵਾਹਿਗੁਰੂ ਜੀ ਦੀਆਂ ਸਿਫਤਾਂ ਨਾਮ ਜਪਣ ਵਾਲੇ ਵਿਚ ਪੈਦਾ ਹੋ ਜਾਂਦੀਆਂ ਹਨ ਅਤੇ ਕਿਸੇ ਦਿਨ ਵਾਹਿਗੁਰੂ ਜੀ ਦੀ ਕਿਰਪਾ ਨਾਲ ਨਾਮ ਜਪਣ ਵਾਲਾ ਨਾਮੀ ਜਾਂ ਵਾਹਿਗੁਰੂ ਜੀ ਨਾਲ ਅਭੇਦ ਹੋ ਜਾਵੇ ਤਾਂ ਉਹ ਉਤਨਾ ਹੀ ਸੁਖੀ ਤੇ ਗੁਣਵਾਨ ਹੋ ਜਾਂਦਾ ਹੈ। ਜਿਤਨਾ ਕਿ ਵਾਹਿਗੁਰੂ ਜੀ ਹਨ।

ਐ ਗੁਰਸਿਖ, ਗੁਰੂ ਘਰ ਵਿਚ ਮਨ ਦੀ ਮਤ ਤਿਆਗਣੀ ਅਤੇ ਗੁਰੂ ਦੀ ਮਤ ਧਾਰਨ ਕਰਕੇ ਨਾਮ ਕਮਾਈ ਕਰਨੀ ਸਭ ਤੋਂ ਉਚੀ ਤੇ ਜ਼ਰੂਰੀ ਭਗਤੀ ਹੈ। ਇਹ ਭਗਤੀ ਉਸ ਗੁਰਸਿਖ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੀ ਨੇਕ ਨੀਯਤੀ ਅਤੇ ਰਾਸਤੀ, ਮੇਹਨਤ ਅਤੇ ਨਿਰਮਾਣਤਾ ਵਾਹਿਗੁਰੂ ਜੀ ਦੀ ਮੇਹਰ ਜਾਂ ਕਿਰਪਾ ਦੇ ਕਾਨੂੰਨ ਨੂੰ ਹਰਕਤ ਵਿਚ ਲੈ ਆਵੇ। ਮੈਂ ਖੁਦ ਵਾਹਿਗੁਰੂ ਜੀ ਦੀ ਮੇਹਰ ਨਾਲ ਇਸ ਰਸਤੇ ਤੇ ਤੁਰਿਆ ਹਾਂ ਅਤੇ ਵਾਹਿਗੁਰੂ ਜੀ ਦੀ ਕਿਰਪਾ ਦਾ ਪਾਤਰ ਬਣਿਆ ਹਾਂ। ਹੁਣ ਮੈਨੂੰ ਵਾਹਿਗੁਰੂ ਜੀ ਦੀ ਪੂਰਨਤਾ ਅਤੇ ਬਹੁਤਾਤ (ਕਸਰਤ) ਦਾ ਐਸਾ ਗਿਆਨ ਹੋਇਆ ਹੈ ਕਿ ਅਗੇ ਲਈ ਤ੍ਰਿਸ਼ਨਾ ਦਾ ਮੇਰੇ ਅੰਦਰ ਪੈਦਾ ਹੋ ਸਕਣਾ ਅਸੰਭਵ ਹੋ ਗਿਆ ਹੈ। ਮੈਨੂੰ ਉਹ ਪੂਰਨ ਵਾਹਿਗੁਰੂ ਮਿਲਿਆ ਹੈ ਜਿਸ ਦੇ ਮਿਲਣ ਤੋਂ ਬਾਅਦ ਕਿਸੇ ਕਿਸਮ ਦੀ ਭੁਖ ਨਹੀਂ ਰਹਿੰਦੀ। ਇਹ ਹੈ ਗੁਰ ਉਪਦੇਸ਼ ਜੋ ਗੁਰੂ ਦੀ ਕਿਰਪਾ ਨਾਲ ਮੇਰੀ ਸਮਝ ਵਿਚ ਆਇਆ ਹੈ ਅਤੇ ਤੇਰੀ ਸੇਵਾ ਵਿਚ ਅਤਿਅੰਤ ਸਤਿਕਾਰ ਤੇ ਪਿਆਰ ਨਾਲ ਭੇਟਾ ਹੈ।

ਸੂਹੀ ਮਹਲਾ ੫

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ।
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨਾ ਕਾਹੂ ਜਾਇ ਜੀਉ।
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ।
ਹਉ ਆਇਆ ਦੂਰਹੁ ਚਲ ਕੈ ਮੈ ਤਕੀ ਤਉ ਸਰਣਾਇ ਜੀਉ।
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ।
ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ।
ਤਿਆਗੇ ਮਨ ਕੀ ਮਤੜੀ ਵਿਸਾਰੇ ਦੂਜਾ ਭਾਉ ਜੀਉ।
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ।
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ।
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ।
ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।

ਉੱਨਤੀ ਦਾ ਰੁਖ

ਸਾਇੰਸ ਨੇ ਹਰ ਪਾਸੇ ਬੜੀ ਉੱਨਤੀ ਕੀਤੀ ਹੈ। ਰੇਲਾਂ, ਮੋਟਰਾਂ, ਰੇਡੀਓ, ਸਿਨਮੇ, ਟੈਲੀਵੀਜਨ, ਸਮੁੰਦਰ ਦੀਆਂ ਡੂੰਘਾਈਆਂ ਵਿਚ ਪਹੁੰਚਣ ਵਾਸਤੇ ਡੁਬਕਣੀਆਂ ਅਤੇ ਅਸਮਾਨਾਂ ਵਿਚ ਉਡਣ ਲਈ ਹਵਾਈ ਜਹਾਜ਼ ਆਦਿ ਸਾਇੰਸ ਦੀਆਂ ਕਾਢਾਂ ਮਨੁੱਖੀ ਜੀਵਨ ਨੂੰ ਸੁਖੀ ਅਤੇ ਆਰਾਮਦੇਹ ਬਨਾਉਣ ਦੀਆਂ ਬੜੀਆਂ ਜ਼ਬਰਦਸਤ ਕੋਸ਼ਿਸ਼ਾਂ ਹਨ।

ਸਾਇੰਸ ਦੀਆਂ ਸਭ ਵਰਤਮਾਨ ਕਾਢਾਂ ਇਨਸਾਨ ਦੇ ਅੰਦਰ ਲੁਕੀਆਂ ਖਾਹਿਸ਼ਾਂ ਨੂੰ ਜ਼ਾਹਿਰ ਕਰਦੀਆਂ ਹਨ ਕਿ ਇਹ ਸਭ ਕਾਢਾਂ ਇਨਸਾਨ ਦੀਆਂ ਜ਼ਰੂਰਤਾਂ ਨੂੰ ਮੁਖ ਰਖ ਕੇ ਸਾਇੰਸਦਾਨਾਂ ਨੇ ਬੜੀ ਖੋਜ ਦੇ ਬਾਅਦ ਪ੍ਰਾਪਤ ਕੀਤੀਆਂ ਹਨ। ਇਨਸਾਨ ਪੈਦਲ ਤੁਰ ਕੇ, ਜਿਸ ਥਾਂ ਤੇ ਮਹੀਨਿਆਂ ਵਿਚ ਪਹੁੰਚ ਸਕਦਾ ਸੀ, ਉਥੇ ਹੁਣ ਹਵਾਈ ਜਹਾਜ਼ਾਂ ਰਾਹੀਂ ਘੰਟਿਆਂ ਵਿਚ ਪਹੁੰਚਦਾ ਹੈ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਨਸਾਨ ਦੂਰ ਤੋਂ ਦੂਰ ਦੇ ਸਫਰ ਨੂੰ ਘਟ ਤੋਂ ਘਟ ਸਮੇਂ ਵਿੱਚ ਤਹਿ ਕਰਨਾ ਪਸੰਦ ਕਰਦਾ ਹੈ। ਇਹ ਚਾਹੁੰਦਾ ਹੈ ਕਿ ਫਾਸਲੇ ਦੀਆਂ ਹਦਾਂ ਇਸ ਦੇ ਸਾਹਮਣੇ ਅਲੋਪ ਹੋ ਜਾਣ ਅਤੇ ਇਹ ਚੰਨ ਸਤਾਰਿਆਂ ਤਕ ਜਲਦੀ ਤੋਂ ਜਲਦੀ ਪਹੁੰਚ ਸਕੇ।

ਰੇਡੀਓ ਤੇ ਟੈਲੀਫੋਨ ਦੀਆਂ ਕਾਢਾਂ ਜ਼ਾਹਿਰ ਕਰਦੀਆਂ ਹਨ ਕਿ ਇਨਸਾਨ ਦੇ ਅੰਦਰ ਇਹ ਖਾਹਿਸ਼ ਹੈ ਕਿ ਉਹ ਸਾਰੇ ਜਗਤ ਦੇ ਸੰਗੀਤ, ਖਬਰਾਂ ਅਤੇ ਆਵਾਜ਼ਾਂ ਨੂੰ ਘਰ ਬੈਠਾ ਹੀ ਸੁਣ ਸਕੇ। ਸਿਨਮੇ ਤੇ ਟੈਲੀਵੀਜਨ ਦੀ ਕਾਢ ਸਾਬਤ ਕਰਦੀ ਹੈ ਕਿ ਇਨਸਾਨ ਪੈਦਲ ਦੂਰ ਦਰਾਜ਼ ਜਾ ਕੇ ਤਮਾਸ਼ੇ ਦੇਖਣ ਦੀ ਬਜਾਏ ਘਰ ਬੈਠ ਕੇ ਸੋਹਣੇ ਸੋਹਣੇ ਤਮਾਸ਼ੇ ਵੇਖਣੇ ਚਾਹੁੰਦਾ ਹੈ। ਇਨਸਾਨ ਇਹ ਚਾਹੁੰਦਾ ਹੈ ਕਿ ਉਸ ਦੇ ਸਭ ਦੁਸ਼ਮਣ ਯਾ ਮਰ ਜਾਣ ਯਾ ਉਸ ਦੇ ਅਧੀਨ ਹੋ ਜਾਣ ਅਤੇ ਉਸ ਨੇ ਆਪਣੀ ਇਸ ਖਾਹਿਸ਼ ਨੂੰ

ਪੂਰਿਆਂ ਕਰਨ ਲਈ ਐਟਮ ਬੰਬ ਅਤੇ ਹਾਈਡਰੋਜਨ ਬੰਬ ਤਿਆਰ ਕੀਤੇ ਹਨ ਅਤੇ ਐਸੀਆਂ ਤੋਪਾਂ ਬਣਾਈਆਂ ਹਨ, ਜੋ ਹਜ਼ਾਰਾਂ ਮੀਲਾਂ ਤੇ ਬੈਠੇ ਵੈਰੀ ਨੂੰ ਮਿੰਟਾਂ ਸਕਿੰਟਾਂ ਵਿਚ ਬਰਬਾਦ ਕਰ ਸਕਦੀਆਂ ਹਨ।

ਸਾਇੰਸ ਦੀਆਂ ਉਕਤ ਕਾਢਾਂ ਇਨਸਾਨ ਦੇ ਅੰਦਰ ਦੀਆਂ ਖਾਹਿਸ਼ਾਂ ਸੰਬੰਧੀ ਇਕ ਬੜਾ ਅਜੀਬ ਨਿਯਮ ਜਾਂ ਅਸੂਲ ਪਰਗਟ ਕਰਦੀਆਂ ਹਨ। ਉਹ ਅਸੂਲ ਇਹ ਹੈ ਕਿ ਇਨਸਾਨ ਆਪਣੇ ਸੁਖਾਂ ਦੀ ਪੂਰਤੀ ਲਈ ਘਟ ਤੋਂ ਘਟ ਸਮਾਂ ਵਰਤਣਾ ਚਾਹੁੰਦਾ ਹੈ। ਦੂਜੇ ਅਖਰਾਂ ਵਿਚ ਇਨਸਾਨ ਚਾਹੁੰਦਾ ਹੈ ਕਿ ਉਸ ਨੂੰ ਮੂੰਹ ਮੰਗੇ ਸੁਖ ਬਗੈਰ ਇੰਤਜ਼ਾਰ ਦੇ, ਬਗੈਰ ਉਡੀਕਣ ਦੇ ਫੌਰਨ ਮਿਲਣ। ਇਨਸਾਨ ਸੁਖਾਂ ਦਾ ਆਸ਼ਕ ਹੈ ਅਤੇ ਚਾਹੁੰਦਾ ਹੈ ਕਿ ਇਸ ਨੂੰ ਸਭ ਪਰਕਾਰ ਦੇ ਸੁਖ ਫੌਰਨ ਮਿਲਣ ਅਤੇ ਮਿਲ ਕੇ ਸਦਾ ਲਈ ਇਸ ਦੇ ਪਾਸ ਰਹਿਣ। ਇਨਸਾਨੀ ਜੀਵਨ ਦੀ ਸਾਰੀ ਕੋਸ਼ਿਸ਼ ਦੇਰ ਨਾਲ ਮਿਲਣ ਵਾਲੇ ਸੁਖਾਂ ਨੂੰ ਜਲਦੀ ਤੋਂ ਜਲਦੀ ਪਰਾਪਤ ਕਰਨ ਦੀ ਹੈ। ਇਹ ਸੁਖਾਂ ਨੂੰ ਉਡੀਕਣਾ ਨਹੀਂ ਚਾਹੁੰਦਾ, ਬਲਕਿ ਚਾਹੁੰਦਾ ਹੈ ਕਿ ਸੁਖਾਂ ਦੀ ਖਾਹਿਸ਼ ਪੈਦਾ ਹੁੰਦਿਆਂ ਹੀ ਸੁਖਾਂ ਦੀ ਪਰਾਪਤੀ ਹੋਵੇ ਅਤੇ ਇਸ ਨੂੰ ਆਪਣੀਆਂ ਖੋਜਾਂ ਅਤੇ ਕੋਸ਼ਸ਼ਾਂ ਦੀ ਸਫਲਤਾ ਸਮਝਦਾ ਹੈ।

ਸੁਖ ਭਾਵੇਂ ਜਿਸਮਾਨੀ ਹੋਣ ਭਾਵੇਂ ਮਾਨਸਕ, ਇਹਨਾਂ ਨੂੰ ਭੋਗਦਾ ਇਨਸਾਨ ਦਾ ਮਨ ਹੀ ਹੈ। ਠੰਡਾ ਪਾਣੀ ਭਾਵੇਂ ਬੁਲ੍ਹਾਂ ਤੇ ਜੀਭ ਨੂੰ ਠੰਡਿਆਂ ਕਰਦਾ ਹੈ। ਪਰ ਇਸ ਠੰਡਕ ਨੂੰ ਮਹਿਸੂਸ ਕੇਵਲ ਇਨਸਾਨ ਦਾ ਮਨ ਹੀ ਕਰਦਾ ਹੈ। ਇਸ ਲਈ ਸਭ ਸੁਖ ਇਨਸਾਨ ਦੇ ਮਨ ਨਾਲ ਸੰਬੰਧ ਰਖਦੇ ਹਨ ਅਤੇ ਮਨ ਅੰਦਰ ਸੀਤਲਤਾ, ਸੁਆਦ ਤੇ ਅਨੰਦ ਪੈਦਾ ਕਰਦੇ ਹਨ। ਇਨਸਾਨ ਦੇ ਕਿਆਸ ਵਿਚ ਜਿਤਨੇ ਵੀ ਸੁਖ ਹਨ, ਉਹ ਅਗਰ ਇਸ ਨੂੰ ਸਾਰੇ ਮਿਲ ਜਾਣ ਤਾਂ ਇਨਸਾਨ ਦਾ ਸਰੀਰ ਹੀ ਨਹੀਂ, ਬਲਕਿ ਇਸ ਦਾ ਮਨ ਅਤਿਅੰਤ ਸੁਖੀ, ਸ਼ਾਂਤ ਅਤੇ ਖੇੜੇ ਵਿਚ ਆਵੇਗਾ। ਦੂਸਰੇ ਅੱਖਰਾਂ ਵਿਚ ਸਰਬ ਸੁਖ ਕੇਵਲ ਮਨ ਨੂੰ ਸੁਖੀ ਬਣਾ ਸਕਦੇ ਹਨ।

ਇਨਸਾਨ ਓਦੋਂ ਆਦਰਸ਼ ਤੌਰ ਉਤੇ ਸੁਖੀ ਹੋਵੇਗਾ ਜਦੋਂ ਇਹ ਜੋ ਚਾਹੇ ਉਸ ਨੂੰ ਫੌਰਨ ਪਰਾਪਤ ਕਰ ਸਕੇਗਾ। ਜਦ ਕਿ ਇਨਸਾਨ ਦੀ ਚਾਹਨਾ ਅਤੇ ਉਸ ਦੀ ਪ੍ਰਾਪਤੀ ਵਿਚ ਕੋਈ ਵਕਫਾ ਜਾਂ ਕੋਈ ਦੇਰ ਨਹੀਂ ਹੋਵੇਗੀ। ਜਦ ਇਨਸਾਨ ਇਸ ਆਦਰਸ਼ਕ ਅਵਸਥਾ ਵਿਚ ਆਵੇਗਾ ਕਿ ਜੋ ਚਾਹੇ

ਜੇ ਪ੍ਰਾਪਤ ਕਰ ਸਕੇ ਤਦ ਉਹ ਮਾੜੀਆਂ ਗਲਾਂ-ਪਾਪ ਦੁਖ, ਬੀਮਾਰੀ, ਮੌਤ, ਚਿੰਤਾ, ਫਿਕਰ, ਕੀਨਾ, ਆਦਿ ਨਹੀਂ ਚਾਹੇਗਾ ਅਤੇ ਇਸ ਦੇ ਉਲਟ ਸਿਹਤ ਨਿਰਮਲਤਾ, ਨੇਕੀ, ਸਦੀਵੀ ਜੀਵਨ, ਸਦੀਵੀ ਖੁਸ਼ੀ ਤੇ ਖੇੜੇ, ਅਤੇ ਸਰਬਤ ਦਾ ਭਲਾ ਚਾਹੇਗਾ। ਸਾਇੰਸ ਲਈ ਇਨਸਾਨ ਦੇ ਸਾਹਮਣੇ ਉਕਤ ਸਮਾਂ ਲਿਆ ਸਕਣਾ ਅਜੇ ਬਹੁਤ ਦੂਰ ਹੈ ਕਿਉਂਕਿ ਸਾਇੰਸ ਦੀਆਂ ਸਭ ਕਾਢਾਂ ਨੇ ਅਜੇ ਤਕ ਇਨਸਾਨ ਦੇ ਮਨ ਨੂੰ ਸੁਖੀ, ਸੰਤੁਸ਼ਟ ਤੇ ਨਿਰਵੈਰ ਨਹੀਂ ਬਣਾਇਆ। ਇਸ ਦੇ ਉਲਟ ਸਾਇੰਸ ਦੀਆਂ ਸਭ ਕਾਢਾਂ ਨੇ ਇਨਸਾਨ ਅੰਦਰ ਈਰਖਾ, ਨਫ਼ਰਤ, ਡਰ, ਖ਼ੁਦਗਰਜ਼ੀ ਅਤੇ ਵੈਰ ਵਿਰੋਧ ਅਗੇ ਨਾਲੋਂ ਵੀ ਵਧਾ ਦਿਤਾ ਹੈ ਅਤੇ ਇਨਸਾਨ ਵਿਚ ਦੂਸਰੇ ਨੂੰ ਖ਼ਤਮ ਕਰਨ ਦੇ ਆਹਰ ਵਿਚ ਸਰਗਰਮ ਨਜ਼ਰ ਆ ਰਿਹਾ ਹੈ।

ਕੀ ਕੋਈ ਹੋਰ ਤੀਰਕਾ ਹੈ ਜਿਹੜਾ ਇਨਸਾਨ ਦੇ ਮਨ ਨੂੰ ਨਿਰਮਲ ਕਰਕੇ ਸੁਖ ਅਤੇ ਸ਼ਾਂਤੀ ਦੀ ਅਵਸਥਾ ਵਿਚ ਲੈ ਜਾਵੇ ਜਿਥੇ ਕਿ ਇਸ ਦੀ ਹਰ ਖਾਹਿਸ਼, ਫੌਰਨ ਪੂਰੀ ਹੋ ਜਾਵੇ ? ਇਥੋਂ ਤਕ ਕਿ ਉਹ ਖਾਹਿਸ਼ਾਂ ਅਤੇ ਫੁਰਨਿਆਂ ਤੋਂ ਉਤੇ ਹੋ ਜਾਵੇ ਅਤੇ ਐਸੀ ਅਵਸਥਾ ਵਿਚ ਪਹੁੰਚੇ ਜਿਥੇ ਸਦੀਵੀ ਜੀਵਨ, ਸਦੀਵੀ ਖੇੜਾ ਅਤੇ ਸਦੀਵ ਸੁਖ ਹੋਵੇ ?

ਇਸ ਦਾ ਜਵਾਬ ਸਾਇੰਸ ਦੀਆਂ ਕਾਢਾਂ ਨਹੀਂ ਦੇ ਸਕਦੀਆਂ, ਕਿਉਂਕਿ ਵਰਤਮਾਨ ਸਾਇੰਸ ਪਾਦਰਥਾਂ ਨਾਲ ਸੰਬੰਧ ਰਖਦੀ ਹੈ, ਇਨਸਾਨ ਦੇ ਮਨ ਨਾਲ ਸੰਬੰਧ ਨਹੀਂ ਰਖਦੀ। ਇਸ ਦਾ ਜਵਾਬ ਕੇਵਲ ਪੂਰਬ ਦੇ ਰਿਸ਼ੀਆਂ ਦੀ ਹਜ਼ਾਰਾਂ ਸਾਲ ਦੀ ਹੋਈ ਖੋਜ ਦਿੰਦੀ ਹੈ। ਭਾਰਤਵਰਸ਼ ਦੇ ਮਹਾਂਪੁਰਸ਼ਾਂ ਨੇ ਇਨਸਾਨ ਦੀ ਫਿਤਰਤ ਜਾਂ ਸੁਭਾਵ ਨੂੰ ਜਦ ਗਹੁ ਨਾਲ ਵਿਚਾਰਿਆ ਤਾਂ ਇਹੋ ਦੇਖਿਆ ਕਿ ਇਨਸਾਨ ਪੂਰਨ ਸੁਖੀ ਤੇ ਨਿਹਾਲ ਰਹਿਣਾ ਪਸੰਦ ਕਰਦਾ ਹੈ ਅਤੇ ਜਿਤਨੀ ਜਲਦੀ ਉਸ ਨੂੰ ਸਦੀਵੀ ਸੁਖ ਮਿਲ ਸਕਣ ਉਤਨਾ ਹੀ ਖੁਸ਼ ਹੁੰਦਾ ਹੈ। ਇਹਨਾਂ ਮਹਾਂਪੁਰਖਾਂ ਨੇ ਇਹ ਵੀ ਦੇਖਿਆ ਕਿ ਇਨਸਾਨ ਦੇ ਅੰਦਰ ਇਨਸਾਨ ਦੇ ਮਨ ਦੇ ਪਿਛੇ ਪੂਰਨ ਸੁਖ ਦਾ ਸਾਗਰ ਵਗ ਰਿਹਾ ਹੈ ਅਤੇ ਇਹ ਵੀ ਅਨੁਭਵ ਕੀਤਾ ਕਿ ਉਸ ਸੁਖ ਸਾਗਰ ਤੋਂ ਵਿਛੜ ਕੇ ਇਨਸਾਨ ਮਨ ਜਾਂ ਇੰਦਰੀਆਂ ਦੀ ਦੁਨੀਆਂ ਵਿਚ ਹਰ ਪਾਸਿਓਂ ਉਸ ਸਾਗਰ ਨੂੰ ਲਭ ਰਿਹਾ ਹੈ।

ਇਨਸਾਨ ਦੇ ਮਨ ਦੇ ਪਿਛੇ ਜੋ ਪੂਰਨ ਸੁਖ ਸਾਗਰ ਹੈ ਉਸ ਨੂੰ

ਪ੍ਰਾਪਤ ਕਰਨ ਜਾਂ ਉਸ ਤਕ ਪਹੁੰਚਣ ਲਈ ਮਹਾਂ ਪੁਰਖਾਂ (ਆਤਮਕ ਸਾਇੰਸਦਾਨਾਂ) ਨੇ ਨਾਮ ਦੀ ਈਜਾਦ ਕੀਤੀ। ਨਾਮ ਦੀ ਕਾਢ ਅਨੁਸਾਰ ਮਨੁੱਖੀ ਮਨ ਆਪਣੀਆਂ ਬਾਹਰ ਮੁਖੀ ਖ਼ਿਆਲ ਤਰੰਗਾਂ ਨੂੰ ਬੰਦ ਕਰ ਸਕਦਾ ਹੈ ਅਤੇ ਆਪਣੀਆਂ ਰੁਚੀਆਂ ਨੂੰ ਅੰਤਰਮੁਖੀ ਕਰਕੇ ਆਪਣੇ ਅੰਦਰਲੇ ਸੁਖ ਸਾਗਰ ਤਕ ਪਹੁੰਚ ਕੇ ਸਦੀਵੀ ਜੀਵਨ ਅਤੇ ਸਦੀਵੀ ਖੇੜਾ ਪ੍ਰਾਪਤ ਕਰ ਸਕਦਾ ਹੈ।

ਜਦ ਨਾਮ ਦਾ ਕਾਫ਼ੀ ਅਭਿਆਸ ਹੋ ਜਾਵੇ ਤਾਂ ਇਨਸਾਨ ਦਾ ਮਨ ਫੌਰਨ ਆਪਣੇ ਅੰਦਰਲੇ ਸੁਖ ਸਾਗਰ (ਬ੍ਰਹਮ) ਤਕ ਪਹੁੰਚ ਕੇ, ਪਹਿਲੇ ਉਸ ਪੂਰਨ ਪਾਰਬ੍ਰਹਮ ਦੇ ਆਸਰੇ ਤੇ ਆਪਣੀਆਂ ਸਭ ਖਾਹਿਸ਼ਾਂ ਦ੍ਰਿਸ਼ਟਮਾਨ ਜਗਤ ਵਿਚ ਪੂਰੀਆਂ ਹੁੰਦੀਆਂ ਦੇਖਦਾ ਹੈ ਅਤੇ ਹੌਲੀ ਹੌਲੀ ਇਛਿਆ ਦੀ ਪੂਰਤੀ ਦੇ ਸੁਆਦ ਨੂੰ ਆਪਣੇ ਵਾਹਿਗੁਰੂ ਜੀ ਦੇ ਨਾਲ ਜੁੜਨ ਦੇ ਸੁਆਦ ਨਾਲੋਂ ਡਾਢਾ ਫਿਕਾ ਤੇ ਘਟੀਆ ਪਰਤੀਤ ਕਰਦਾ ਹੈ। ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਇਛਿਆ ਅਤੇ ਉਸ ਦੀ ਪੂਰਤੀ ਕਦੀ ਉਤਨਾ ਸੁਖ ਨਹੀਂ ਦੇ ਸਕਦੀ ਜਿਤਨਾ ਸੁਖ ਕਿ ਉਸ ਨੂੰ ਆਪਣੇ ਮੂਲ, ਆਪਣੇ ਧੁਰ ਮਰਕਜ਼ ਪਾਰਬ੍ਰਹਮ ਪਰਮੇਸ਼ਵਰ ਸ੍ਰੀ ਵਾਹਿਗੁਰੂ ਜੀ ਦੇ ਨਾਲ ਜੁੜਨ ਅਤੇ ਅਭੇਦ ਹੋਣ ਤੋਂ ਪ੍ਰਾਪਤ ਹੁੰਦਾ ਹੈ। ਵਾਹਿਗੁਰੂ ਜੀ ਦੇ ਨਾਲ ਜੁੜਨ ਅਤੇ ਅਭੇਦ ਹੋਣ ਤੋਂ ਜੋ ਖੁਸ਼ੀ ਸੁਆਦ ਤੇ ਸੁਖ ਪਰਾਪਤ ਹੁੰਦਾ ਹੈ, ਉਸ ਦੇ ਸਾਹਮਣੇ ਤ੍ਰਿਲੋਕੀ ਦੇ ਰਾਜ ਦਾ ਸੁਖ ਤੁਛ ਅਤੇ ਇੰਦਰਪੁਰੀ ਦੇ ਰਾਗ ਰੰਗ ਤੁਛ ਪਰਤੀਤ ਹੁੰਦੇ ਹਨ।

ਮਾਈ ਮੇਰੇ ਮਨ ਕਉ ਸੁਖੁ।
ਕੋਟਿ ਅਨੰਦ ਰਾਜ ਸੁਖੁ ਭੋਗਵੈ
ਹਰਿ ਸਿਮਰਤ ਬਿਨਸੈ ਸਭ ਦੁਖੁ। ਰਹਾਉ।
ਕੋਟਿ ਜਨਮ ਕੇ ਕਿਲਬਿਖ ਨਾਸਹਿ
ਸਿਮਰਤ ਪਾਵਨ ਤਨ ਮਨ ਸੁਖ।
ਦੇਖਿ ਸਰੂਪੁ ਪੂਰਨੁ ਭਈ ਆਸਾ
ਦਰਸਨੁ ਭੇਟਤ ਉਤਰੀ ਭੁਖ।
ਚਾਰਿ ਪਦਾਰਥ ਅਸਤ ਮਹਾ
ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ।

ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ।

ਨਾਨਕ ਸਰਨਿ ਗਹੀ ਸੁਖ ਸਾਗਰ
ਜਨਮ ਮਰਨ ਫਿਰਿ ਗਰਭ ਨ ਧੁਖੁ।

(ਟੋਡੀ ਮਹਲਾ ੫)

— — —

ਸਿਮਰਿ ਸਿਮਰਿ ਕਾਟੇ ਸਭਿ ਰੋਗੁ।
ਚਰਣ ਧਿਆਨ ਸਰਬ ਸੁਖ ਭੋਗ।

ਇੱਛਿਆ

ਇਨਸਾਨ ਇੱਛਿਆ ਦਾ ਪੁਤਲਾ ਹੈ ਇਸ ਦੇ ਮਨ ਵਿਚ ਸਦਾ ਕੋਈ ਨਾ ਕੋਈ ਖਾਹਿਸ਼, ਕੋਈ ਨਾ ਕੋਈ ਇੱਛਿਆ ਰਹਿੰਦੀ ਹੈ। ਇੱਛਿਆ ਕਰਕੇ ਹੀ ਜਨਮ ਲੈਂਦਾ ਹੈ, ਇੱਛਿਆਵਾਂ ਪੂਰੀਆਂ ਕਰਨ ਲਈ ਹੀ ਜੀਉਂਦਾ ਹੈ। ਉਸ ਦਾ ਜੀਵਨ ਇੱਛਿਆ ਹੈ ਅਤੇ ਇੱਛਿਆ ਹੀ ਜੀਵਨ ਹੈ।

ਜਦ ਇਨਸਾਨ ਦੇ ਮਨ ਦੀ ਗਹੁ ਨਾਲ ਪੜਤਾਲ ਕਰੀਏ ਤਾਂ ਦੇਖਾਂਗੇ ਕਿ ਇਸ ਵਿਚ ਦੋ ਪ੍ਰਕਾਰ ਦੀਆਂ ਇੱਛਾਵਾਂ ਹਨ। ਇਕ ਪ੍ਰਕਾਰ ਦੀ ਇੱਛਿਆ ਤਾਂ ਇਹ ਪ੍ਰਗਟ ਕਰਦਾ ਰਹਿੰਦਾ ਹੈ ਪਰ ਦੂਸਰੇ ਪ੍ਰਕਾਰ ਦੀ ਇੱਛਿਆ ਨੂੰ ਪ੍ਰਗਟ ਕਰਨ ਦਾ ਹੌਸਲਾ ਤਾਂ ਨਹੀਂ ਕਰਦਾ ਪਰ ਉਹ ਇੱਛਿਆ ਕਿਸੇ ਨਾ ਕਿਸੇ ਸ਼ਕਲ ਵਿਚ ਇਸ ਦੇ ਅੰਦਰ ਲੁਕੀ ਰਹਿੰਦੀ ਹੈ। ਇਹ ਉਸ ਨੂੰ ਤਿਆਗ ਨਹੀਂ ਸਕਦਾ।

ਆਮ ਕਰਕੇ ਜੋ ਇੱਛਿਆ ਇਨਸਾਨ ਪ੍ਰਗਟ ਕਰਦਾ ਹੈ। ਉਹ ਇਸ ਪ੍ਰਕਾਰ ਹਨ। ਮੇਰੀ ਸਿਹਤ ਠੀਕ ਰਹੇ, ਮੇਰੀ ਉਮਰ ਲੰਮੀ ਹੋਵੇ, ਮੇਰਾ ਪਰਿਵਾਰ ਸੁਖੀ ਰਹੇ, ਮੇਰੇ ਪਾਸ ਇਤਨਾ ਰੁਪਿਆ ਹੋਵੇ ਕਿ ਜਿਸ ਨਾਲ ਮੇਰੀਆਂ ਜ਼ਰੂਰਤਾਂ ਖੁਲ੍ਹੀਆਂ ਪੂਰੀਆਂ ਹੁੰਦੀਆਂ ਰਹਿਣ। ਮੇਰਾ ਸਨਮਾਨ ਹੋਵੇ। ਮੈਨੂੰ ਜੀਵਨ ਦਾ ਕੁਝ ਪਤਾ ਲਗੇ ਕਿ ਦਰ-ਅਸਲ ਜੀਵਨ ਕੀ ਹੈ ? ਇਹ ਕੁਝ ਇੱਛਿਆ ਹਨ ਜੋ ਕਿ ਇਨਸਾਨ ਦਾ ਮਨ ਹਰ ਵਕਤ ਲੋਚਦਾ ਤੇ ਜ਼ਾਹਿਰ ਕਰਦਾ ਹੈ। ਦੂਜੇ ਪਾਸੇ ਇਸ ਦਾ ਇਹ ਅਰਥ ਹੈ ਕਿ ਇਨਸਾਨ ਬੀਮਾਰੀ ਨਹੀਂ ਚਾਹੁੰਦਾ, ਸਿਹਤ ਚਾਹੁੰਦਾ ਹੈ। ਛੋਟੀ ਉਮਰ ਨਹੀਂ ਚਾਹੁੰਦਾ, ਲੰਬੀ ਉਮਰ ਭੋਗਣਾ ਚਾਹੁੰਦਾ ਹੈ। ਆਪਣੇ ਪਰਿਵਾਰ ਨੂੰ ਦੁਖੀ ਨਹੀਂ ਦੇਖਣਾ ਚਾਹੁੰਦਾ। ਸਦਾ ਸੁਖੀ ਅਤੇ ਚੜ੍ਹਦੀਆਂ ਕਲਾਂ ਵਿਚ ਦੇਖਣਾ ਚਾਹੁੰਦਾ ਹੈ। ਗਰੀਬੀ ਤੇ ਥੋੜ ਨਹੀਂ ਚਾਹੁੰਦਾ ਸਗੋਂ ਅਮੀਰੀ, ਖੁਸ਼ਹਾਲੀ ਤੇ ਬੇ-ਮੁਹਤਾਜੀ ਚਾਹੁੰਦਾ ਹੈ। ਸ਼ਰਮਿੰਦਾ

ਤੇ ਜ਼ਲੀਲ ਨਹੀਂ ਹੋਣਾ ਚਾਹੁੰਦਾ ਸਗੋਂ ਸਤਕਾਰ ਤੇ ਸਨਮਾਨ ਚਾਹੁੰਦਾ ਹੈ ਅਤੇ ਜੀਵਨ ਸੰਬੰਧੀ ਇਹ ਵੀ ਜਾਨਣਾ ਚਾਹੁੰਦਾ ਹੈ ਕਿ ਜੀਵਨ ਕੀ ਹੈ? ਮੌਤ ਕੀ ਹੈ? ਵਾਹਿਗੁਰੂ ਕੀ ਹੈ?

ਇਹ ਹਨ ਕੁਝ ਕੁ ਇੱਛਿਆਵਾਂ ਜੋ ਇਨਸਾਨ ਹਮੇਸ਼ਾਂ ਪਰਗਟ ਕਰਦਾ ਰਹਿੰਦਾ ਹੈ ਅਤੇ ਇਹਨਾਂ ਹੀ ਇੱਛਿਆਵਾਂ ਦੀ ਪੂਰਤੀ ਲਈ ਸਾਰਾ ਜਨਮ ਬਤੀਤ ਕਰਦਾ ਹੈ।

ਜੇਕਰ ਇਨਸਾਨ ਨੂੰ ਪੁੱਛੋ ਕਿ ਜੋ ਇੱਛਿਆ ਤੂੰ ਪ੍ਰਗਟ ਪਿਆ ਕਰਦਾ ਹੈਂ ਕੀ ਇਹੋ ਤੇਰੀਆਂ ਆਖਰੀ ਇੱਛਾਵਾਂ ਹਨ? ਕੀ ਤੂੰ ਇਹਨਾਂ ਤੋਂ ਇਲਾਵਾ ਅਤੇ ਇਹਨਾਂ ਤੋਂ ਅਗੇ ਹੋਰ ਕੁਝ ਨਹੀਂ ਚਾਹੁੰਦਾ ਤਾਂ ਇਨਸਾਨ ਝਿਜਕੇਗਾ ਅਤੇ ਆਮ ਤੌਰ ਉਤੇ ਆਖੇਗਾ 'ਜੀ ਨਹੀਂ' ਹੋਰ ਅਗੇ ਕੀ ਚਾਹੁੰਦਾ ਹੈ, ਇਹੋ ਹੀ ਪੂਰੀਆਂ ਹੋ ਜਾਣ ਤਾਂ ਲਖ ਸ਼ੁਕਰ ਹੈ।' ਪਰ ਜਦ ਇਨਸਾਨ ਦੇ ਮਨ ਨੂੰ ਮਜਬੂਰ ਕਰ ਕੇ ਪੁੱਛੋ ਕਿ ਨਹੀਂ ਤੈਨੂੰ ਦਸਣਾ ਹੀ ਹੋਵੇਗਾ ਕਿ ਇਹਨਾਂ ਇੱਛਾਵਾਂ ਤੋਂ ਇਲਾਵਾ ਤੇਰੇ ਅੰਦਰ ਲੁਕੀ ਹੋਰ ਕੀ ਇੱਛਿਆ ਹੈ। ਤੂੰ ਨਿਧੜਕ ਹੋ ਕੇ ਦਸ ਕੀ ਤੂੰ ਕੀ ਚਾਹੁੰਦਾ ਹੈਂ? ਤਾਂ ਇਨਸਾਨ ਦਾ ਮਨ ਬੋਲ ਉਠੇਗਾ ਕਿ ਮੈਂ ਸਦਾ ਅਰੋਗ ਰਹਿਣਾ ਚਾਹੁੰਦਾ ਹਾਂ। ਮੈਂ ਕਦੀ ਸੁਫਨੇ ਵਿਚ ਵੀ ਬੀਮਾਰ ਹੋਣਾ ਨਹੀਂ ਚਾਹੁੰਦਾ, ਮੈਂ ਸਦਾ ਸੁਖੀ ਰਹਿਣਾ ਚਾਹੁੰਦਾ ਹਾਂ ਕਦੀ ਦੁਖੀ ਨਹੀਂ ਹੋਣਾ ਚਾਹੁੰਦਾ, ਮੈਂ ਸਦਾ ਦਾ ਜੀਵਨ ਚਾਹੁੰਦਾ ਹਾਂ, ਕਦੀ ਮਰਨਾ ਨਹੀਂ ਚਾਹੁੰਦਾ, ਮੈਂ ਸਦਾ ਲਈ ਆਪਣੇ ਪਰਿਵਾਰ, ਮਿਤਰਾਂ ਦੋਸਤਾਂ ਨੂੰ ਸੁਖੀ ਤੇ ਖੁਸ਼ ਦੇਖਣਾ ਚਾਹੁੰਦਾ ਹਾਂ ਮੈਂ ਸਦਾ ਦੀ ਅਮੀਰੀ ਤੇ ਪਾਤਸ਼ਾਹੀ ਚਾਹੁੰਦਾ ਹਾਂ ਅਤੇ ਥੁੜ ਅਤੇ ਗਰੀਬੀ ਨੂੰ ਕਦੀ ਦੇਖਣਾ ਨਹੀਂ ਚਾਹੁੰਦਾ। ਮੈਂ ਸਦਾ ਸਤਕਾਰ ਅਤੇ ਬੇਮੁਹਤਾਜੀ ਚਾਹੁੰਦਾ ਹਾਂ ਅਤੇ ਜੀਵਨ ਸੰਬੰਧੀ ਪੂਰਨ ਗਿਆਨ ਚਾਹੁੰਦਾ ਹਾਂ ਕਿ ਇਹ ਕੀ ਹੈ, ਵਾਹਿਗੁਰੂ ਕੀ ਹੈ, ਮੌਤ ਕੀ ਹੈ, ਇਸੇ ਮਨ ਦੀ ਇਸ ਸਾਰੀ ਇੱਛਿਆ ਨੂੰ ਦੂਸਰੇ ਅਖਰਾਂ ਵਿਚ ਅਸੀਂ ਇਸ ਤਰ੍ਹਾਂ ਬਿਆਨ ਕਰ ਸਕਦੇ ਹਾਂ ਕਿ ਇਨਸਾਨ ਦੇ ਮਨ ਦੀ ਲੁਕੀ ਪਰ ਅਸਲੀ ਰੀਝ ਜਾਂ ਇੱਛਿਆ ਇਹ ਹੈ ਕਿ ਉਸ ਨੂੰ ਐਸਾ ਸਦੀਵੀ ਜੀਵਨ ਮਿਲੇ ਜਿਸ ਵਿਚ ਬੀਮਾਰੀ ਅਤੇ ਮੌਤ ਨਾ ਹੋਵੇ, ਐਸਾ ਅਮੀਰੀ ਜੀਵਨ ਮਿਲੇ ਜਿਸ ਵਿਚ ਥੋੜ ਜਾਂ ਗਰਮੀ ਦਾ ਨਾਮ ਨਿਸ਼ਾਨ ਨਾ ਹੋਵੇ। ਐਸਾ ਖੇੜੇ ਤੇ ਖੁਸ਼ੀਆਂ ਭਰਿਆ ਸਦੀਵੀ ਜੀਵਨ ਮਿਲੇ ਜਿਸ ਵਿਚ ਦੁਖ, ਚਿੰਤਾ, ਫਿਕਰ ਤੇ ਸੋਗ ਨਾ

ਹੋਵੇ। ਐਸਾ ਰੌਸ਼ਨ ਜਾਂ ਗਿਆਨ ਭਰਿਆ ਜੀਵਨ ਹੋਵੇ ਜਿਸ ਵਿਚ ਅਗਿਆਨਤਾ, ਗਲਤੀ, ਭੁਲ ਨਾ ਹੋਵੇ ਅਤੇ ਭੁਲ ਦੀ ਸਜ਼ਾ ਨਾ ਹੋਵੇ।

ਜਦ ਇਨਸਾਨ ਦੀ ਲੁਕੀ ਹੋਈ ਇਸ ਰੀਝ ਜਾਂ ਖਾਹਿਸ਼ ਵਲ ਧਿਆਨ ਦੇਈਏ ਤਾਂ ਸੁਆਲ ਪੈਦਾ ਹੋਵੇਗਾ ਕਿ ਇਸ ਦੇ ਅੰਦਰ ਇਹ ਇੱਛਿਆ ਕਿਉਂ ਹੈ ਅਤੇ ਕਿਥੋਂ ਆਈ ਹੈ ? ਇੱਛਿਆ ਤਾਂ ਅਸੀਂ ਉਹੋ ਹੀ ਕਰ ਸਕਦੇ ਹਾਂ ਜਿਸ ਇੱਛਿਆ ਦਾ ਸਾਨੂੰ ਇਲਮ ਹੋਵੇ ਤੇ ਇਲਮ ਉਸ ਇੱਛਿਆ ਦਾ ਸਾਨੂੰ ਕਦੀ ਹੋ ਹੀ ਨਹੀਂ ਸਕਦਾ ਜੋ ਸਾਡੇ ਤਜਰਬੇ ਵਿਚ ਕਦੀ ਨਾ ਆਈ ਹੋਵੇ। ਏਥੇ ਯਾਦ ਰਹੇ ਕਿ ਸਾਡੇ ਮਨ ਨੂੰ ਜਿਸ ਅਵਸਥਾ ਦਾ ਤਜਰਬਾ ਹੀ ਨਾ ਹੋਇਆ ਹੋਵੇ, ਉਹ ਅਵਸਥਾ ਸਾਡੇ ਕਿਆਸ ਵਿਚ ਹੀ ਨਹੀਂ ਆ ਸਕਦੀ ਅਤੇ ਉਸਦੀ ਇੱਛਿਆ ਹੀ ਨਹੀਂ ਉਪਜ ਸਕਦੀ। ਮਿਸਾਲ ਦੇ ਤੌਰ ਤੇ ਜਿਸ ਨੇ ਅਮਰੀਕਾ ਦਾ ਨਾਮ ਹੀ ਨਾ ਸੁਣਿਆ ਹੋਵੇ ਅਤੇ ਅਮਰੀਕਾ ਬਾਬਤ ਬਿਲਕੁਲ ਕੁਛ ਨਾ ਜਾਣਦਾ ਹੋਵੇ ਉਹ ਅਮਰੀਕਾ ਜਾਣ ਦੀ ਇੱਛਿਆ ਨਹੀਂ ਕਰ ਸਕਦਾ। ਯਾ ਜਿਸ ਨੇ ਅੰਬ ਕਦੀ ਦੇਖਿਆ ਹੀ ਨਹੀਂ, ਅੰਬ ਦਾ ਨਾਮ ਕਦੀ ਸੁਣਿਆ ਹੀ ਨਹੀਂ ਉਸ ਨੂੰ ਅੰਬ ਖਾਣ ਦੀ ਇੱਛਿਆ ਪੈਦਾ ਨਹੀਂ ਹੋ ਸਕਦੀ।

ਇਨਸਾਨ ਅੰਦਰ ਪੂਰਨ ਸੁਖੀ ਅਤੇ ਸਦੀਵੀ ਜੀਵਨ ਦੀ ਧੁਰੋਂ ਹੀ ਇੱਛਿਆ ਸਾਬਤ ਕਰਦੀ ਹੈ ਕਿ ਇਸ ਨੇ ਕਦੀ ਐਸਾ ਜੀਵਨ ਜ਼ਰੂਰ ਬਤੀਤ ਕੀਤਾ ਹੋਵੇਗਾ ਅਤੇ ਉਹ ਜੀਵਨ ਨੂੰ ਕਿਸੇ ਕਾਰਨ ਗੁਆ ਬੈਠਾ ਹੈ ਅਤੇ ਮੁੜ ਤਰਲੇ ਪਿਆ ਕਰਦਾ ਹੈ ਕਿ ਉਸ ਨੂੰ ਕਿਵੇਂ ਪ੍ਰਾਪਤ ਕਰਾਂ। ਇਸ ਦੁਨੀਆਂ ਵਿਚ ਐਸਾ ਜੀਵਨ ਇਨਸਾਨ ਨੂੰ ਕਿਉਂ ਪ੍ਰਾਪਤ ਨਹੀਂ ਹੁੰਦਾ ? ਅਸਾਂ ਪੂਰਨ, ਸਦੀਵੀ ਤੇ ਸੁਖੀ ਜੀਵਨ ਆਪਣੇ ਦੁਨਿਆਵੀ ਇਤਿਹਾਸ ਵਿਚ ਕਿਉਂ ਪ੍ਰਾਪਤ ਨਹੀਂ ਹੋਇਆ ? ਇਨ੍ਹਾਂ ਸੁਆਲਾਂ ਦਾ ਜਵਾਬ ਪੂਰਬ ਦੇ ਮਹਾਂਪੁਰਖਾਂ ਦੀ ਖੋਜ ਇਸ ਪ੍ਰਕਾਰ ਦਿੰਦੀ ਹੈ ਕਿ ਇਨਸਾਨ ਨੇ ਆਪਣੀ ਪੂਰਨਤਾ ਕਿਤੇ ਹੋਰਥੇ ਗੁਆਈ ਹੈ ਅਤੇ ਲਭ ਕਿਸੇ ਹੋਰ ਥਾਂ ਤੋਂ ਰਿਹਾ ਹੈ ਜਿਸ ਵਾਸਤੇ ਇਸ ਨੂੰ ਆਪਣੀ ਗੁਆਚੀ ਪਾਤਸ਼ਾਹੀ ਨਹੀਂ ਪਈ ਮਿਲਦੀ।

ਜੇ ਕੋਈ ਆਪਣਾ ਬਟੂਆ ਘਰ ਭੁਲ ਜਾਵੇ ਅਤੇ ਉਸ ਨੂੰ ਬਾਜ਼ਾਰ ਵਿਚ ਜਾ ਕੇ ਲਭਣ ਲਗ ਪਵੇ ਤਾਂ ਭਾਂਵੇਂ ਉਹ ਹਜ਼ਾਰਾਂ ਵਰ੍ਹੇ ਬਜ਼ਾਰ ਵਿਚੋਂ ਬਟੂਆ ਲਭਦਾ ਰਹੇ, ਉਸ ਨੂੰ ਬਟੂਆ ਇਸ ਕਰ ਕੇ ਬਾਜ਼ਾਰ ਵਿਚੋਂ ਨਹੀਂ

ਲਭੇਗਾ ਕਿ ਉਥੇ ਤਾਂ ਬਟੂਆ ਹੈ ਹੀ ਨਹੀਂ। ਜਦ ਤਕ ਐਸਾ ਪੁਰਸ਼ ਮੁੜ ਆਪਣੇ ਘਰ ਨਾ ਆਵੇ ਅਤੇ ਘਰ ਆ ਕੇ ਬਟੂਏ ਨੂੰ ਲਭਣ ਦੀ ਕੋਸ਼ਸ਼ ਨ ਕਰੇ ਉਸ ਨੂੰ ਬਟੂਏ ਦਾ ਮਿਲ ਸਕਣਾ ਅਸੰਭਵ ਹੈ।

ਪੂਰਬ ਦੇ ਮਹਾਂਪੁਰਖ ਦਸਦੇ ਹਨ ਕਿ ਆਪਣੀ ਸਦੀਵੀ ਤੇ ਪੂਰਨ ਪਾਤਸ਼ਾਹੀ .ਗਲਤ ਥਾਂ ਲਭਣ ਕਰਕੇ ਇਸ ਨੂੰ ਪਰਾਪਤ ਕਰਨ ਪਿਛੇ ਸਦਾ ਅਸਫਲ ਰਿਹਾ ਹੈ ਅਤੇ ਅਗੇ ਨੂੰ ਸਦਾ ਇਸ ਲਈ ਅਸਫਲ ਰਹੇਗਾ। ਕਿਉਂਕਿ ਜਿਥੋਂ ਇਹ ਪੂਰਨਤਾ ਪਿਆ ਲਭਦਾ ਹੈ, ਉਥੇ ਸਦੀਵੀ ਪੂਰਨਤਾ ਹੈ ਨਹੀਂ, ਨਾ ਕਦੀ ਹੋਈ ਹੈ ਨਾ ਕਦੀ ਹੋ ਸਕਦੀ ਹੈ। ਇਨਸਾਨ ਦੀ ਦੁਨੀਆਂ ਕੀ ਹੈ ? ਉਹੋ ਜੋ ਇਸ ਦੇ ਗਿਆਨ ਇੰਦਰੇ (Five Senses) ਇਸ ਨੂੰ ਦਰਸਾ ਰਹੇ ਹਨ। ਗਿਆਨ ਇੰਦਰੀਆਂ ਦੇ ਜ਼ਰੀਏ ਭਾਸ ਰਹੀ ਸਾਰੀ ਦੁਨੀਆਂ ਛਿੰਨ ਛਿੰਨ ਬਦਲਦੀ ਰਹਿੰਦੀ ਹੈ। ਐਸਾ ਕੋਈ ਸਮਾਂ ਹੀ ਨਹੀਂ ਜਿਸ ਵਿਚ ਕਿ ਨਜ਼ਰ ਆਉਂਦੀ ਦੁਨੀਆਂ ਵਿਚ ਲੱਖਾਂ ਤਬਦੀਲੀਆਂ ਨਾ ਹੋ ਰਹੀਆਂ ਹੋਣ। ਇਕ ਅਵਸਥਾ ਵਿਚ ਕਦੀ ਨਾ ਰਹਿਣ ਵਾਲੀ ਅਤੇ ਪਲ ਪਲ ਬਦਲ ਰਹੀ ਦੁਨੀਆਂ ਵਿਚੋਂ ਸਦੀਵਤਾ ਲੋਭਣ ਵਾਲਾ ਇਸ ਕਰਕੇ ਨਿਰਾਸ ਰਹੇਗਾ ਕਿ ਇਥੇ ਸਦੀਵਤਾ ਹੈ ਹੀ ਨਹੀਂ, ਨਾ ਹੋਈ ਹੈ ਨਾ ਹੋ ਸਕਦੀ ਹੈ। ਮਨ ਜਾਂ ਇੰਦਰੀਆਂ ਦੇ ਜਗਤ ਵਿਚ ਛਿੰਨ ਭੰਗਰ ਅਤੇ ਆਰਜ਼ੀ ਚੀਜ਼ਾਂ ਹੀ ਨਜ਼ਰ ਆਉਂਦੀਆਂ ਹਨ, ਇਥੇ ਕੋਈ ਐਸੀ ਚੀਜ਼ ਨਹੀਂ ਜਿਸ ਨੂੰ ਸਦੀਵੀ ਕਿਹਾ ਜਾ ਸਕੇ।

ਤਾਂ ਫਿਰ ਸਦੀਵੀ ਜੀਵਨ ਖੇੜਾ ਇਨਸਾਨ ਨੂੰ ਕਿਥੋਂ ਮਿਲ ਸਕਦਾ ਹੈ ਜਿਸ ਨੂੰ ਲਭਣ ਲਈ ਇਨਸਾਨ ਕਿਥੇ ਅਤੇ ਕਿਵੇਂ ਤਲਾਸ਼ ਕਰੇ ? ਇਸ ਦਾ ਜਵਾਬ ਆਤਮਕ (ਅਦ੍ਰਿਸ਼ਟ) ਮੰਡਲਾਂ ਦੇ ਪੂਰਬੀ ਸਾਇੰਸਦਾਨ ਦਸਦੇ ਹਨ ਕਿ ਇਨਸਾਨ ਨੂੰ ਸਦੀਵੀ ਜੀਵਨ ਅਤੇ ਸਦੀਵੀ ਪਾਤਸ਼ਾਹੀ ਉਥੋਂ ਹੀ ਲਭ ਸਕਦੀ ਹੈ ਜਿਥੇ ਕਿ ਇਸ ਨੇ ਗੁਆਈ ਹੈ। ਇਸ ਨੇ ਇਹ ਸਦੀਵੀ ਪਾਤਸ਼ਾਹੀ ਕਿਥੇ ਗੁਆਈ ਹੈ ? ਪੂਰਬ ਦੇ ਮਹਾਂਪੁਰਖ ਦਸਦੇ ਹਨ ਕਿ ਇਹ ਸਦੀਵੀ ਪਾਤਸ਼ਾਹੀ ਇਸ ਨੇ ਆਪਣੇ ਅੰਦਰ ਦੀ ਅਦ੍ਰਿਸ਼ਟ ਦੁਨੀਆਂ ਵਿਚ ਗਵਾਈ। ਜਿਹੜੀ ਪਾਤਸ਼ਾਹੀ ਆਦ੍ਰਿਸ਼ਟ ਮੰਡਲਾਂ ਵਿਚ ਗੁਆਈ ਹੋਵੇ ਉਸ ਨੂੰ ਦ੍ਰਿਸ਼ਟਮਾਨ ਦੁਨੀਆਂ ਵਿਚੋਂ ਲਭ ਸਕਣਾ ਅਸੰਭਵ ਹੈ। ਇਹ ਸਦੀਵੀ ਪਾਤਸ਼ਾਹੀ ਇਨਸਾਨ ਨੂੰ ਅਦ੍ਰਿਸ਼ਟ ਆਤਮਕ ਮੰਡਲਾਂ ਵਿਚੋਂ ਹੀ ਲਭ ਸਕਦੀ ਹੈ।

ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ।

ਇਹ ਅਦ੍ਰਿਸ਼ਟ ਮੰਡਲ ਹਰ ਇਨਸਾਨ ਦੇ ਆਪਣੇ ਅੰਦਰ ਝਾਤੀ ਮਾਰਨ ਵਿਚ ਨਾਮ ਦਾ ਅਭਿਆਸ ਬੜੀ ਭਾਰੀ ਸਹਾਇਤਾ ਕਰਦਾ ਹੈ। ਇਸ ਵਾਸਤੇ ਪੂਰਬ ਦੇ ਸਭ ਧਰਮ ਗਰੰਥਾਂ ਅਤੇ ਖਾਸ ਕਰ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਆਪਣੀ ਸਦੀਵ ਤੇ ਸਚੀ ਪਾਤਸ਼ਾਹੀ ਪ੍ਰਾਪਤ ਕਰਨ ਲਈ ਨਾਮ ਦੇ ਆਧਰੇ ਅੰਤਰ ਮੁਖੀ ਹੋਣ ਉਤੇ ਬੜਾ ਜ਼ੋਰ ਹੈ।

'ਬਾਹਿਰ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ
ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ।।'

(ਸਿਰੀ ਰਾਗ ਮਹਲਾ ੧)

— — —

"ਜਿਨੀ ਆਪੁ ਪਛਾਣਿਆ
ਘਰ ਮਹਿ ਮਹਿਲੁ ਸੁਥਾਇ।"

(ਸਿਰੀ ਰਾਗ ਮਹਲਾ ੧)

— — —

"ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ।"

(ਸਿਰੀ ਰਾਗ ਮਹਲਾ ੧)

— — —

ਮਾਝ ਮਹਲਾ ੫

ਸਭ ਕਿਛੁ ਘਰ ਮਹਿ ਬਾਹਰਿ ਨਾਹੀ।
ਬਾਹਰਿ ਟੋਲੈ ਸੋ ਭਰਮਿ ਭੁਲਾਹੀ।
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ।
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।
ਮਨੁ ਪੀਵੈ ਸੁਨਿ ਸਬਦੁ ਬੀਚਾਰਾ।
ਅਨਦ ਬਿਨੋਦ ਕਰੇ ਦਿਨ ਰਾਤੀ
ਸਦਾ ਸਦਾ ਹਰਿ ਕੇਲਾ ਜੀਉ।
ਜਨਮ ਜਨਮ ਕਾ ਵਿਛੁੜਿਆ ਮਿਲਿਆ।
ਸਾਧ ਕ੍ਰਿਪਾ ਤੇ ਸੂਕਾ ਹਰਿਆ।

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ।

ਸੁਮਤਿ ਪਾਏ ਨਾਮੁ ਧਿਆਏ
ਗੁਰਮੁਖਿ ਹੋਏ ਮੇਲਾ ਜੀਉ।
ਜਲ ਤਰੰਗੁ ਜਿਉ ਜਲਹਿ ਸਮਾਇਆ।
ਤਿਉ ਜੋਤੀ ਸੰਗਿ ਜੋਤਿ ਮਿਲਾਇਆ।
ਕਹੁ ਨਾਨਕ ਭ੍ਰਮ ਕਟੇ ਕਿਵਾੜਾ
ਬਹੁੜਿ ਨ ਹੋਈਐ ਜਉਲਾ ਜੀਉ

— — —

ਇਸੁ ਕਾਇਆ ਅੰਦਰਿ ਵਸਤੁ ਅਸੰਖਾ।
ਗੁਰਮੁਖਿ ਸਾਚੁ ਮਿਲੈ ਤਾ ਵੇਖਾ।
ਨਉ ਦਰਵਾਜੇ ਦਸਵੈ ਮੁਕਤਾ
ਅਨਹਦ ਸਬਦੁ ਵਜਾਵਣਿਆ।

(ਮਾਝ ਮਹਲਾ ੩ ਘਰ ੧)

ਜੀਵ ਹਤਿਆ

ਜੀਵ ਹਤਿਆ ਦਾ ਮਸਲਾ ਸਿਮਰਨ ਅਭਿਆਸੀ ਜਾਂ ਗੁਰਸਿਖ ਦੀ ਸਮਝ ਵਿਚ ਜ਼ਰੂਰ ਚੰਗੀ ਤਰ੍ਹਾਂ ਆਉਣਾ ਚਾਹੀਦਾ ਹੈ। ਜੀਵ ਹਤਿਆ ਤੋਂ ਮੁਰਾਦ ਹੈ 'ਜੀਵ ਦਾ ਮਾਰਨਾ ਜਾਂ ਮਰ ਸਕਣਾ।' ਕੀ ਜੀਵ ਮਰ ਸਕਦਾ ਹੈ ਜਾਂ ਜੀਵ ਮਰਦਾ ਹੈ ? ਜਾਂ ਕੀ ਕੋਈ ਜੀਵ ਨੂੰ ਮਾਰ ਸਕਦਾ ਹੈ ? ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਲਿਖਿਆ ਹੈ :

'ਇਹ ਜੀਵ ਮਰ ਨਾ ਮਾਰਿਆ ਜਾਇ।'

— — —

ਜੀਵ ਤੋਂ ਮੁਰਾਦ ਹੈ 'ਜੀਊਣ ਵਾਲਾ' ਜਾਂ 'ਜੀਵਨ'। ਇਹ 'ਜੀਊਣ ਵਾਲਾ' ਜਾਂ 'ਜੀਵਨ' ਸਾਰੇ ਸਰੀਰਾਂ ਵਿਚ ਇਕੋ ਹੀ ਹੈ। ਇਸ ਦਾ ਮਤਲਬ ਹੈ ਕਿ ਜੀਵ ਸਭ ਥਾਂ ਤੇ ਰਮਿਆ ਹੋਇਆ ਹੈ, ਜੀਵਨ ਸਭ ਥਾਵਾਂ ਤੇ ਰਮਿਆ ਹੋਇਆ ਹੈ। ਕੋਈ ਐਸਾ ਸਰੀਰ ਜਾਂ ਆਕਾਰ ਨਹੀਂ, ਜਿਸ ਵਿਚ ਜੀਵ ਜਾਂ ਜੀਵਨ ਨਾ ਹੋਵੇ।

ਸਰਬ ਭਰਪੂਰ ਜਾਂ ਸਰਬ ਥਾਵਾਂ ਤੇ ਰਮਿਆ ਹੋਣ ਕਰਕੇ ਜੀਵ, ਮਨੁਖਾਂ ਵਿਚ ਜਾਨਵਰਾਂ ਵਿਚ, ਪੰਛੀਆਂ ਵਿਚ, ਪਾਣੀ ਵਿਚ ਰਹਿਣ ਵਾਲੀਆਂ ਅਨੇਕ ਪਰਕਾਰ ਦੀਆਂ ਹਸਤੀਆਂ ਵਿਚ ਸਭ ਥਾਂ ਮੌਜੂਦ ਹੈ। ਇਸ ਤੋਂ ਅਗੇ ਜਿਨ੍ਹਾਂ ਸਰੀਰਾਂ ਜਾਂ ਆਕਾਰਾਂ ਨੂੰ ਅਸੀਂ ਜੜ ਜਾਂ ਬੇਜਾਨ ਸਮਝਦੇ ਹਾਂ, ਮਸਲਨ ਲੱਕੜ, ਲੋਹਾ, ਪੱਥਰ, ਪਾਣੀ, ਮਿੱਟੀ ਆਦਿ ਵਿਚ ਵੀ ਜੀਵ ਜਾਂ ਜੀਵਨ ਹੈ, ਦਰਖਤਾਂ ਤੇ ਸਬਜ਼ੀਆਂ ਵਿਚ ਵੀ ਜੀਵ ਜਾਂ ਜੀਵਨ ਹੈ।

ਏਥੇ ਭਾਰਤਵਰਸ਼ ਦੇ ਕਈ ਧਾਰਮਕ ਪੁਰਸ਼ਾਂ ਨੂੰ ਬੜਾ ਭੁਲੇਖਾ ਲਗਾ ਹੈ। ਉਹਨਾਂ ਨੇ ਹਿੱਲਣ ਜੁਲਣ ਤੇ ਇਕ ਥਾਂ ਤੋਂ ਦੂਜੀ ਥਾਂ ਜਾ ਸਕਣ ਵਾਲੇ ਸਰੀਰਾਂ ਵਿਚ ਤਾਂ ਜੀਵ ਜਾਂ ਜੀਵਨ ਦਾ ਹੋਣਾ ਮੰਨਿਆ ਹੈ, ਪਰ

ਜਿਹੜੇ ਸਰੀਰ ਇਕ ਥਾਂ ਤੇ ਰਹਿੰਦੇ ਹਨ, ਟੁਰ ਫਿਰ ਨਹੀਂ ਸਕਦੇ, ਜਿਵੇਂ ਦਰਖਤ, ਫਲ, ਸਬਜ਼ੀਆਂ, ਪੱਥਰ, ਲੋਹਾ ਆਦਿ, ਇਹਨਾਂ ਵਿਚ ਜੀਵ ਜਾਂ ਜੀਵਨ ਦਾ ਹੋਣਾ ਨਹੀਂ ਮੰਨਿਆ ਪਰ ਇਹ ਉਨ੍ਹਾਂ ਦੀ ਭੁਲ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੇ ਲਿਖਾਰੀਆਂ ਨੇ ਅਤੇ ਇਸ ਸਮੇਂ ਦੇ ਸਾਇੰਸਦਾਨਾਂ ਨੇ ਇਸ ਭੁਲ ਨੂੰ ਚੰਗੀ ਤਰ੍ਹਾਂ ਸੋਧਿਆ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਸਦੇ ਹਨ :

ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ।
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ।

(ਸ੍ਰੀ ਰਾਗ ਮਹਲਾ ੫)

— — —

ਤੂਹੀ ਗ੍ਰਿਹਿ ਤੂਹੀ ਬਨਿ ਤੂਹੀ [1]ਗਾਉ ਤੂਹੀ [2]ਸੁਨਿ।

(ਗਉੜੀ ਮਹਲਾ ੫)

— — —

ਜਲ ਥਲ ਬਨ ਪਰਬਤ ਪਾਤਾਲ।
ਪਰਮੇਸ੍ਵਰ ਤਹ ਬਸਹਿ ਦਇਆਲ।

(ਮ. ੫)

— — —

ਵਰਤਮਾਨ ਸਮੇਂ ਦੀ ਸਾਇੰਸ ਗੁਰਬਾਣੀ ਦੀ ਪਰੋੜ੍ਹਤਾ ਕਰਦੀ ਤੇ ਦਸਦੀ ਹੈ ਕਿ ਸਾਰਾ ਜਗਤ ਇਕ ਜੀਊਂਦੀ ਜਾਗਦੀ ਜੀਵਨ ਰੌਂ ਨਾਲ ਭਰਪੂਰ ਹੈ। ਇਸ ਦਾ ਕੋਈ ਹਿਸਾ ਕੋਈ ਪਾਸਾ ਐਸਾ ਨਹੀਂ, ਜਿਸ ਨੂੰ ਅਸੀਂ ਜੜ ਜਾਂ ਬੇਜਾਨ ਆਖ ਸਕੀਏ। ਦਰਖਤਾਂ ਤੇ ਪੌਦਿਆਂ ਸੰਬੰਧੀ ਭਾਰਤ ਦੇ ਪਰਸਿੱਧ ਸਾਇੰਸਦਾਨ ਸਰ ਜਗਦੀਸ਼ ਚੰਦਰ ਬੋਸ ਨੇ ਇਹ ਸਾਬਤ ਕਰ ਦਿਖਾਇਆ ਹੈ ਕਿ ਇਹਨਾਂ ਵਿਚ ਜੀਵ ਹੈ, ਜਾਨ ਹੈ ਅਤੇ ਮਹਿਸੂਸ ਸ਼ਕਤੀ ਹੈ। ਆਪ ਦੀ ਇਸ ਖੋਜ ਬਾਬਤ ਸ੍ਰੀ ਐਨ. ਹਰੀ ਨਰਾਇਣ ਲਿਖਦੇ ਹਨ:

What he set out to establish was that plants are not the insensitive things they appear to be. In fact they are more sensitive than even humens is proved by

1. ਪਿੰਡ 2. ਉਜਾੜ, ਸੁਞ

his experiments. They reat to a passing cloud or a wisper of breeze more readily than do animals. They suffer convultions of pain when wounded and have their own moments of fetigue, languishness and activity. Their reaction of intoxications is an intense as any humans. When given poison, they sink under its effect and pass out with a spasm. Growing plants not only percieve but also respond to the stimulents of electric waves.

ਉਲਥਾ :

ਸਰ ਜਗਦੀਸ਼ ਚੰਦਰ ਬੋਸ ਨੇ ਸਾਬਤ ਕਰ ਦਿਖਾਇਆ ਕਿ ਪੌਦੇ ਤੇ ਦਰਖਤ ਬੇਜਾਨ ਨਹੀਂ, ਸਗੋਂ ਉਹਨਾਂ ਵਿਚ ਜੀਵਨ ਹੈ, ਜੀਵ ਹੈ। ਦਰਖਤ ਅਤੇ ਪੌਦੇ ਮਨੁਖਾਂ ਨਾਲੋਂ ਵੀ ਵਧ ਮਹਿਸੂਸ ਕਰਦੇ ਹਨ। ਬੱਦਲਾਂ ਦੇ ਉਡਣ ਦਾ ਜਾਂ ਹਵਾ ਦੇ ਰੁਮਕਣ ਦਾ ਦਰਖਤਾਂ ਅਤੇ ਪੌਦਿਆਂ ਉਤੇ ਜਾਨਦਾਰ ਨਾਲੋਂ ਵਧ ਤੇ ਝਟ ਅਸਰ ਪੈਂਦਾ ਹੈ। ਉਹਨਾਂ ਨੂੰ ਜ਼ਖਮੀ ਹੋਣ ਉਤੇ ਪੀੜ ਹੁੰਦੀ ਹੈ। ਕਿਸੇ ਵੇਲੇ ਥਕਾਵਟ, ਕਿਸੇ ਵੇਲੇ ਸੁਸਤੀ ਅਤੇ ਕਿਸੇ ਵੇਲੇ ਹੁਸ਼ਿਆਰੀ ਮਹਿਸੂਸ ਕਰਦੇ ਹਨ। ਨਸ਼ੇ ਦੀਆਂ ਚੀਜ਼ਾਂ ਦਾ ਦਰਖਤਾਂ, ਪੌਦਿਆਂ ਉਤੇ ਇਨਸਾਨ ਵਾਂਗ ਅਸਰ ਹੁੰਦਾ ਹੈ। ਜਦ ਜ਼ਹਿਰ ਦਿਤਾ ਜਾਵੇ ਤਾਂ ਜ਼ਹਿਰ ਦੇ ਅਸਰ ਹੇਠ ਇਨ੍ਹਾਂ ਦੇ ਦਿਲ ਨੂੰ ਡੋਬ ਪੈਂਦਾ ਹੈ ਅਤੇ ਇਹ ਹਲੂਣਾ ਖਾ ਕੇ ਮਰ ਜਾਂਦੇ ਹਨ। ਵਧਣ ਫੁਲਣ ਵਾਲੇ ਪੌਦੇ ਬਿਜਲੀ ਦੀਆਂ ਲਹਿਰਾਂ ਨੂੰ ਮਹਿਸੂਸ ਕਰਦੇ ਅਤੇ ਸ਼ਕਤੀ ਪਰਾਪਤ ਕਰਦੇ ਹਨ।

ਇਕ ਪਾਸੇ ਤਾਂ ਅਣਜਾਣ ਧਾਰਮਿਕ ਲੋਕਾਂ ਦਾ ਜੀਵ ਜਾਂ ਜੀਵਨ ਨੂੰ ਸਰਬ ਵਿਆਪੀ ਅਤੇ ਸਭ ਜਗ੍ਹਾ ਮੌਜੂਦ ਆਖਣਾ ਅਤੇ ਦੂਜੇ ਪਾਸੇ ਦਰਖਤਾਂ, ਫਲਾਂ, ਸਬਜ਼ੀਆਂ ਜਾਂ ਲੱਕੜ ਲੋਹੇ ਵਿਚ ਜੀਵ ਜਾਂ ਜੀਵਨ ਦੀ ਅਣਹੋਂਦ ਆਖਣੀ, ਕਿਤਨੇ ਸਵੈ-ਵਿਰੋਧੀ ਖਿਆਲ ਹਨ। ਜੀਵ ਜਾਂ ਜੀਵਨ ਸਰਬ ਵਿਆਪੀ ਅਤੇ ਕਿਤੇ ਕਿਤੇ ਗੈਰ ਹਾਜ਼ਰ ਕਿਵੇਂ ਹੋ ਸਕਦਾ ਹੈ ? ਇਕ ਪਾਸੇ ਆਖਣਾ 'ਏਕੋ ਬ੍ਰਹਮ ਦੁਤੀਆ ਨਾਸਤੀ' ਕਿ ਸਭ ਜਗ੍ਹਾ ਸਿਵਾਏ ਬ੍ਰਹਮ ਦੇ ਹੋਰ ਕੁਝ ਹੈ ਨਹੀਂ। ਬ੍ਰਹਮ ਸਰਬ ਵਿਆਪਕ ਹੈ ਅਤੇ ਦੂਜੇ ਪਾਸੇ ਇਹ

ਆਖਣਾ 'ਅਹਿੰਸਾ ਪਰਮੋ ਧਰਮਾ' ਕਿ ਜੀਵ ਹਤਿਆ ਨਾ ਕਰਨੀ ਪਰਮ ਧਰਮ ਹੈ, ਇਹ ਸਿਧਾਂਤ ਇਕ ਦੂਸਰੇ ਦੇ ਉਲਟ ਜਾਂ ਖਿਲਾਫ ਹਨ। ਜੀਵ ਜਾਂ ਜੀਵਨ ਦੇ ਸਰਬ ਵਿਆਪੀ ਹੋਣ ਕਰਕੇ ਉਸ ਦੀ ਹਤਿਆ ਦਾ ਹੋ ਸਕਣਾ ਅਸੰਭਵ ਹੈ।

ਜੀਵ ਹਤਿਆ ਨਾ ਕਰਨ ਦੇ ਹਾਮੀ ਮੂੰਹਾਂ ਅਗੇ ਪੱਟੀਆਂ ਬੰਨ੍ਹਦੇ, ਕੰਨਾਂ ਵਿਚ ਰੂੰ ਭਰ ਲੈਂਦੇ ਅਤੇ ਨਾਸਾਂ ਵਿਚ ਰੂੰ ਦੀਆਂ ਬਤੀਆਂ ਦੇਂਦੇ ਹਨ ਅਤੇ ਸਮਝਦੇ ਹਨ ਕਿ ਉਹ ਜੀਵ ਹਤਿਆ ਤੋਂ ਬਚ ਗਏ, ਪਰ ਗੁਰਬਾਣੀ ਐਸੇ ਲੋਕਾਂ ਨੂੰ ਸਮਝਾਂਦੀ ਹੈ ਕਿ ਪਾਣੀ ਪੀਣ ਲਗਿਆਂ, ਸਾਹ ਲੈਣ ਲਗਿਆਂ, ਰੋਟੀ ਖਾਣ ਲਗਿਆਂ ਅਤੇ ਤੁਰਨ ਫਿਰਨ ਲਗਿਆਂ ਉਹ ਹਜ਼ਾਰਾਂ ਲੱਖਾਂ ਜੀਵ ਰੋਜ਼ ਮਾਰਦੇ ਹਨ। ਵਰਤਮਾਨ ਸਾਇੰਸ ਦਸਦੀ ਹੈ ਕਿ ਸਾਡੇ ਸਰੀਰਾਂ ਦੇ ਲਹੂ ਅੰਦਰ ਕਰੋੜਾਂ ਜੀਵ ਹੁੰਦੇ ਹਨ, ਜੋ ਜੰਮਦੇ ਮਰਦੇ ਰਹਿੰਦੇ ਹਨ। ਹਰ ਇਕ ਇਨਸਾਨ ਦਾ ਸਰੀਰ ਇਕ ਵਡਾ ਸ਼ਹਿਰ ਹੈ ਜਿਸ ਅੰਦਰ ਕਰੋੜਾਂ ਜੀਵ ਜੰਮਦੇ, ਆਪਣੀ ਆਯੂ ਭੋਗਦੇ ਅਤੇ ਮਰਦੇ ਰਹਿੰਦੇ ਹਨ।

ਗੁਰਬਾਣੀ ਵਿਚ ਕਬੀਰ ਜੀ ਮੂਲਾਂ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਨਾਲੇ ਖੁਦਾ ਨੂੰ ਸਰਬ ਵਿਆਪਕ ਆਖਦਾ ਹੈਂ ਤੇ ਨਾਲੇ ਮੁਰਗੀ ਵਿਚ ਖੁਦਾ ਦੀ ਗ਼ੈਰਹਾਜ਼ਰੀ ਦੇਖ ਕੇ ਉਸ ਨੂੰ ਮਾਰਦਾ ਹੈਂ, ਇਹ ਠੀਕ ਨਹੀਂ।

ਪਰ ਸਿੱਖਾਂ ਵਿਚ ਖੁਦਾ ਨੂੰ ਜਾਂ ਜੀਵ (ਜੀਵਨ) ਨੂੰ ਸਰਬ ਵਿਆਪਕ ਮੰਨਿਆ ਜਾਂਦਾ ਹੈ ਅਤੇ ਸਰਬ ਵਿਆਪਕ ਹੋਣ ਕਰਕੇ ਜੀਵ (ਜੀਵਨ) ਨੂੰ ਅਬਿਨਾਸੀ (ਕਦੀ ਨਾ ਮਰ ਸਕਣ ਵਾਲਾ) ਹੋਣਾ ਲਾਜ਼ਮੀ ਹੈ। ਹਰ ਜਗ੍ਹਾ ਅਤੇ ਹਰ ਚੀਜ਼ ਦੇ ਅੰਦਰ ਬਾਹਰ ਜੀਵ (ਜੀਵਨ) ਹੋਣ ਕਰਕੇ ਅਤੇ ਜੀਵ ਤੋਂ ਬਗੈਰ ਹੋਰ ਕੁਝ ਨਾ ਹੋਣ ਕਰਕੇ ਜੀਵ ਦਾ ਆਹਾਰ ਜੀਵ ਹੀ ਹੋ ਸਕਦਾ ਹੈ। ਜੀਵ ਦਾ ਜੀਵ ਆਹਾਰ ਹੋਣ ਨਾਲ ਵੀ ਜੀਵ ਦਾ ਕੁਝ ਘਟਦਾ, ਮੁਕਦਾ ਜਾਂ ਮਰਦਾ ਨਹੀਂ ਕਿਉਂਕਿ ਇਹ ਨਾਮ ਰੂਪ ਜਾਂ ਆਕਾਰ (ਸਰੀਰਾਂ) ਦੇ ਪਿਛੇ ਸਦਾ ਅਟੱਲ ਤੇ ਸਲਾਮਤ ਹੈ। ਜਿਵੇਂ ਘੜੇ ਦੇ ਟੁਟਣ ਨਾਲ ਅਕਾਸ਼ ਜਿਉਂ ਦਾ ਤਿਉਂ ਰਹਿੰਦਾ ਹੈ ਇਸੇ ਤਰ੍ਹਾਂ ਮੁਰਗੀ, ਬਕਰੇ, ਆਦਮੀ, ਕਣਕ, ਸਬਜ਼ੀਆਂ, ਫਲਾਂ ਦੇ ਸਰੀਰਾਂ ਦੇ ਬਿਨਸਨ ਨਾਲ ਇਹਨਾਂ ਦੇ ਅੰਦਰ ਬਾਹਰ ਰਮਿਆ ਜੀਵ (ਜੀਵਨ) ਜਿਉਂ ਦਾ ਤਿਉਂ ਕਾਇਮ ਰਹਿੰਦਾ ਹੈ। ਗੁਰਬਾਣੀ ਦਸਦੀ ਹੈ :

ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ। . . . . . .

ਸਿਖਾਂ ਦਾ ਨਿਸਚਾ ਇਹ ਹੈ ਕਿ ਜੀਵ (ਜੀਵਨ) ਅਬਿਨਾਸ਼ੀ ਹੋਣ ਕਰਕੇ ਨਾਮ-ਰੂਪ ਆਕਾਰ ਜਾਂ ਸਰੀਰਾਂ ਦੀ ਕੈਦ ਵਿਚ ਨਹੀਂ ਸਗੋਂ ਇਹਨਾਂ ਤੋਂ ਪਰੇ ਸਦਾ ਸਲਾਮਤ ਅਤੇ ਸਤ ਵਸਤੂ ਹੈ। ਇਸ ਕਰਕੇ ਸਰੀਰਾਂ ਦੇ ਭੱਜਣ ਟੁਟਣ ਨਾਲ ਜੀਵ (ਜੀਵਨ) ਦਾ ਕੁਝ ਨਹੀਂ ਵਿਗੜਦਾ। ਸਿੱਖਾਂ ਦੇ ਨਿਸਚੇ ਅਨੁਸਾਰ ਜੀਵ ਹਤਿਆ ਹੋਣੀ ਜਾਂ ਹੋ ਸਕਣੀ ਅਸੰਭਵ ਹੈ।

ਜਦ ਗੁਰਸਿਖ ਨੂੰ ਇਹ ਯਕੀਨ ਹੋ ਜਾਵੇ ਕਿ ਜੀਵ ਦੀ ਹਤਿਆ ਹੋ ਹੀ ਨਹੀਂ ਸਕਦੀ, ਨਾ ਕਦੀ ਪਿਛੇ ਕੋਈ ਜੀਵ ਦੀ ਹਤਿਆ ਕਰ ਸਕਿਆ ਹੈ ਤੇ ਨਾ ਅਗੇ ਨੂੰ ਕਦੀ ਕੋਈ ਜੀਵ ਦੀ ਹਤਿਆ ਕਰ ਸਕਦਾ ਹੈ, ਤਾਂ ਫਿਰ ਉਸ ਦੇ ਸਾਹਮਣੇ ਇਹ ਸਵਾਲ ਰਹਿ ਜਾਂਦਾ ਹੈ ਕਿ ਉਹ ਕੀ ਖਾਵੇ ਤੇ ਕੀ ਨਾ ਖਾਵੇ ?

ਖੁਰਾਕ ਦੇ ਚੁਨਣ ਵਿਚ ਗੁਰਬਾਣੀ ਗੁਰਸਿਖ ਦੀ ਬੜੀ ਸਹਾਇਤਾ ਕਰਦੀ ਹੈ। ਗੁਰਬਾਣੀ ਦਸਦੀ ਹੈ ਕਿ ਗੁਰਸਿਖ ਨੂੰ ਉਹ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ ਜੋ ਉਸ ਦੇ ਮਨ ਵਿਚ ਵਿਕਾਰ ਅਤੇ ਤਨ ਵਿਚ ਰੋਗ ਪੈਦਾ ਕਰਨ।

ਗੁਰਸਿਖ ਆਪਣੀ ਖੁਰਾਕ ਹੁਣ ਕੇਵਲ ਉਕਤ ਦ੍ਰਿਸ਼ਟੀਕੋਣ ਨਾਲ ਚੁਣਦਾ ਹੈ ਅਤੇ ਹਾਨੀਕਾਰਕ ਖੁਰਾਕ ਤਿਆਗਦਾ ਅਤੇ ਲਾਭਦਾਇਕ ਖੁਰਾਕ ਨੂੰ ਗ੍ਰਹਿਣ ਕਰਦਾ ਹੈ। ਇਥੇ ਇਹ ਗਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਮਾਸ ਦੇ ਖਾਣ ਦੀ ਸਿੱਖਾਂ ਵਿਚ ਖੁਲ੍ਹ ਹੈ। ਅਗਰ ਇਸ ਦੀ ਮਨਾਹੀ ਹੁੰਦੀ ਤਾਂ 99ਫੀ ਸਦੀ ਸਿਖ ਅਜ ਮਾਸ ਅਹਾਰੀ ਨਜ਼ਰ ਨਾ ਆਉਂਦੇ। ਤਮਾਕੂ ਦੀ ਸਿਖਾਂ ਵਿਚ ਮਨਾਹੀ ਹੈ ਇਸ ਕਰਕੇ ਤਮਾਕੂ ਨੂੰ ਸਿਖ ਹਥ ਤਕ ਨਹੀਂ ਲਗਾਂਦੇ। ਝਟਕੇ ਦਾ ਹਰਫ ਹੀ ਸਾਬਤ ਕਰਦਾ ਹੈ ਕਿ ਸਿਖਾਂ ਵਿਚ ਜਾਨਵਰਾਂ ਨੂੰ ਮਾਰਨ ਦਾ ਇਕ ਖਾਸ ਤਰੀਕਾ ਹੈ ਜੋ ਤਰੀਕਾ ਅੰਮ੍ਰਿਤ ਛਕਣ ਵੇਲੇ ਖਾਸ ਤੌਰ ਤੇ ਦ੍ਰਿੜ ਕਰਵਾਇਆ ਜਾਂਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪਣੀ ਰਚਿਤ ਪੁਸਤਕ "ਅਸ਼ਧ ਚਮਤਕਾਰ" ਵਿਚ ਦਸਿਆ ਹੈ ਕਿ ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਬਣਦਾ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਸਿਖਾਂ ਵਿਚ ਪਹਿਲੇ ਗੁਰੂ ਸਾਹਿਬਾਨ ਦੇ ਵੇਲੇ ਤੋਂ ਹੀ ਮਾਸ ਖਾਣ ਦੀ ਖੁਲ੍ਹ ਹੈ।

ਐਪਰ ਇਹ ਬਾਤ ਵੀ ਮੰਨਣੀ ਪਵੇਗੀ ਕਿ ਮਾਸ ਕੋਈ ਉਤਮ ਅਤੇ ਚੰਗੀ ਖੁਰਾਕ ਨਹੀਂ। ਸਿਮਰਨ ਅਭਿਆਸੀ ਅਤੇ ਧਾਰਮਕ ਜੀਵਨ ਬਤੀਤ ਕਰਨ ਵਾਲੇ ਪੁਰਸ਼ਾਂ ਨੂੰ ਮਾਸ ਦੀ ਵਰਤੋਂ ਬਹੁਤ ਘਟ ਕਰਨੀ ਚਾਹੀਦੀ ਹੈ। ਅਗਰ ਉਹ ਮਾਸ ਨਾ ਵੀ ਖਾਣ ਤਾਂ ਚੰਗਾ ਹੀ ਹੈ, ਮਾੜਾ ਨਹੀਂ।

ਜੋ ਪੁਰਸ਼ ਮਾਸ ਨਹੀਂ ਖਾਂਦੇ ਉਹਨਾਂ ਨੂੰ ਜੀਵ ਹਤਿਆ ਦੇ ਖ਼ਿਆਲ ਨਾਲ ਨਹੀਂ ਸਗੋਂ ਮਾਸ ਦੇ ਚੰਗੀ ਖੁਰਾਕ ਨਾ ਹੋਣ ਦੇ ਖ਼ਿਆਲ ਨਾਲ, ਮਾਸ ਨਹੀਂ ਖਾਣਾ ਚਾਹੀਦਾ। ਪਰ ਐਸੇ ਪੁਰਸ਼ਾਂ ਨੂੰ ਵੀ ਇਸ ਬਾਤ ਲਈ ਤਿਆਰ ਰਹਿਣਾ ਚਾਹੀਦਾ ਹੈ ਕਿ ਦੇਸ਼ ਰਖਿਆ ਲਈ ਅਤੇ ਪਰਉਪਕਾਰ ਲਈ ਅਗਰ ਉਹਨਾਂ ਨੂੰ ਦੁਸ਼ਮਣਾਂ ਤੇ ਦੁਸ਼ਟਾਂ ਦੇ ਲਹੂ ਦੀ ਹੋਲੀ ਵੀ ਖੇਡਣੀ ਪਵੇ ਤਾਂ ਉਹ ਅਡੋਲ ਹੋ ਕੇ, ਜੀਵ ਨੂੰ ਅਬਿਨਾਸ਼ੀ ਜਾਣ ਕੇ, ਖੇਡਣਗੇ।

ਮੈਂ ਕੌਣ ਹਾਂ ?

ਅੰਗਰੇਜ਼ੀ ਜ਼ਬਾਨ ਦੇ ਪ੍ਰਸਿੱਧ ਕਵੀ ਤੇ ਲਿਖਾਰੀ ਸ੍ਰੀ ਮੈਥਿਊ ਆਰਨੋਲਡ ਲਿਖਦੇ ਹਨ ਕਿ ਜਿਸ ਨੂੰ ਇਹ ਪਤਾ ਲਗ ਜਾਵੇ 'ਮੈਂ ਕੌਣ ਹਾਂ' ਉਸ ਦੇ ਸਾਰੇ ਦੁਖ ਕਲੇਸ਼ ਤੇ ਮੁਸ਼ਕਲਾਂ ਆਪਣੇ ਆਪ ਹੀ ਦੂਰ ਹੋ ਜਾਂਦੀਆਂ ਹਨ।

Resolve to be thyself, and know, that he
who finds himself, loses his misery.

ਉਲਥਾ :

ਆਪਣੇ ਆਪ ਨੂੰ ਜਾਣ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਨੂੰ ਆਪਣਾ ਆਪਾ ਲਭ ਪਵੇ, ਉਸ ਦੀਆਂ ਸਭ ਮੁਸ਼ਕਲਾਂ ਗਵਾਚ ਜਾਂਦੀਆਂ ਹਨ। ਦੁਖਾਂ, ਮੁਸੀਬਤਾਂ ਤੇ ਮੁਸ਼ਕਲਾਂ ਨੂੰ ਆਪਣੇ ਜੀਵਨ ਤੋਂ ਦੂਰ ਰਖਣ ਦਾ ਇਹ ਸੁਨਹਿਰੀ ਤਰੀਕਾ, ਕਿ ਮਨ ਨੂੰ ਟਿਕਾਓ ਵਿਚ ਲਿਆਉਣਾ ਅਤੇ ਟਿਕਾਓ ਦੀ ਹਾਲਤ ਵਿਚ ਆਪਣੇ ਮੂਲ ਨੂੰ, ਆਪਣੇ ਆਪ ਨੂੰ ਪਛਾਨਣਾ, ਹਰ ਦੁਨੀਆਦਾਰ ਤੇ ਗ੍ਰਿਹਸਤੀ ਨੂੰ ਪ੍ਰੇਰੇਗਾ ਕਿ ਉਹ ਆਪਣੀ ਸੁਰਤ ਨੂੰ ਅੰਤਰਮੁਖੀ ਕਰੇ ਅਤੇ ਆਪਣੀ ਅਸਲੀਅਤ ਨੂੰ ਪਛਾਣੇ।

ਪਰ ਅਫਸੋਸ ਹੈ ਕਿ ਦੁਖਾਂ, ਮੁਸ਼ਕਲਾਂ ਵਿਚ ਘਿਰੇ ਹੋਏ ਹੋਣ ਦੇ ਬਾਵਜੂਦ ਵੀ ਸਾਨੂੰ ਆਪਣੇ ਆਪੇ ਜਾਂ ਆਪਣੀ ਅਸਲੀਅਤ ਨੂੰ ਪਛਾਨਣ ਦਾ ਖਿਆਲ ਨਹੀਂ ਆਉਂਦਾ। ਅਸੀਂ ਦੁਖਾਂ, ਬੀਮਾਰੀਆਂ ਅਤੇ ਮੁਸ਼ਕਲਾਂ ਤੋਂ ਬਚਣਾ ਤਾਂ ਚਾਹੁੰਦੇ ਹਾਂ ਪਰ ਇਹਨਾਂ ਤੋਂ ਬਚਣ ਦਾ ਜੋ ਤਰੀਕਾ ਮਹਾਂਪੁਰਖ ਦਸਦੇ ਹਨ, ਉਸ ਤਰੀਕੇ ਨੂੰ ਵਰਤਦੇ ਨਹੀਂ।

ਮੇਰੀ ਅਕਲ ਉਤੇ ਪਰਦਾ ਐਸਾ ਤਾਣਿਆ ਗਿਆ।
ਮੈਥੋਂ ਆਪਣਾ ਹੀ ਆਪ ਨਾ ਪਛਾਣਿਆ ਗਿਆ।

ਆਪਣੇ ਆਪ ਨੂੰ ਪਛਾਨਣ ਵਾਲਾ, ਪਾਪ ਦੁਖ ਬੀਮਾਰੀ ਅਤੇ ਮੌਤ ਦੀ ਪਹੁੰਚ ਤੋਂ ਉਸੇ ਤਰ੍ਹਾਂ ਉਚਾ ਹੋ ਜਾਂਦਾ ਹੈ, ਜਿਵੇਂ ਕਿਸੇ ਸਾਗਰ ਵਿਚ ਗੋਤੇ ਖਾਂਦਾ, ਸਮੁੰਦਰ ਦੀਆਂ ਅਨੇਕ ਬਲਾਵਾਂ ਦੇ ਮੂੰਹ ਵਿਚ ਜਾ ਰਿਹਾ ਪੁਰਸ਼, ਜਹਾਜ਼ ਵਿਚ ਚੜ੍ਹ ਕੇ , ਸਮੁੰਦਰ ਅਤੇ ਉਸ ਦੇ ਖ਼ਤਰਿਆਂ ਦੀ ਪਹੁੰਚ ਤੋਂ ਉਚਾ ਹੋ ਜਾਂਦਾ ਹੈ। ਆਪਣੇ ਆਪ ਨੂੰ ਪਛਾਨਣ ਵਾਲਾ ਪੁਰਸ਼, ਆਪਣੇ ਆਪੇ ਵਿਚ ਐਸਾ ਦ੍ਰਿੜ੍ਹ ਹੋ ਕੇ ਅਡੋਲ ਬੈਠ ਸਕਦਾ ਹੈ, ਜਿਵੇਂ ਰਾਜਾ ਆਪਣੇ ਫੌਲਾਦੀ ਕਿਲ੍ਹੇ ਵਿਚ ਬੈਠ ਕੇ ਦੁਸ਼ਮਣ ਦੇ ਸਭ ਹਮਲਿਆਂ ਤੋਂ ਬਚ ਕੇ ਸਹੀ ਸਲਾਮਤ ਰਹਿੰਦਾ ਹੈ।

ਹਰਿ ਚਰਨ ਸਰਣ ਗੜ ਕੋਟ ਹਮਾਰੈ।
ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ।

ਸ੍ਰੀ ਮਤੀ ਮੇਰੀ ਬੇਕਰ ਏਡੀ ਇਕ ਥਾਂ ਇਸ ਪਰਕਾਰ ਲਿਖਦੇ ਹਨ:

Know thyself, and will supply the wisdom and the occasion for a victory over evil.'

ਉਲਥਾ :

"ਆਪਣੇ ਆਪ ਨੂੰ ਪਛਾਣ। ਫੇਰ ਵਾਹਿਗੁਰੂ ਜੀ ਤੈਨੂੰ ਆਪ ਹੀ, ਬਦੀ ਤੇ ਫਤਹਿ ਪਾਉਣ ਦੀ ਜਾਚ ਦੱਸਣਗੇ ਅਤੇ ਹਿੰਮਤ ਤੇ ਮੌਕਾ ਵੀ ਬਖਸ਼ਣਗੇ।"

ਸਾਧਾਰਨ ਪੁਰਸ਼ ਆਪਣੇ ਆਪ ਦਾ ਅੰਦਾਜ਼ਾ ਆਪਣੇ ਕਾਰੋਬਾਰ ਜਾਂ ਆਪਣੀ ਦੁਨਿਆਵੀ ਹੈਸੀਅਤ ਅਨੁਸਾਰ ਲਗਾਉਂਦਾ ਹੈ। ਹਰ ਕੋਈ ਆਪ ਨੂੰ ਉਹੋ ਕੁਝ ਸਮਝਦਾ ਹੈ, ਜੋ ਕਿ ਉਹ ਦੁਨਿਆਵੀ ਤੌਰ ਤੇ ਹੈ। ਦੁਨਿਆਵੀ ਹਰ ਕੰਮ ਤੇ ਹਰ ਚੀਜ਼ ਵਿਚ ਕਮੀਆਂ ਤੇ ਊਣਤਾਈਆਂ ਹੁੰਦੀਆਂ ਹਨ। ਇਸ ਲਈ ਸਾਧਾਰਨ ਦੁਨੀਆਦਾਰ ਆਪਣੇ ਕੰਮ ਧੰਧੇ ਦੀਆਂ ਕੰਮੀਆਂ ਤੇ ਊਣਤਾਈਆਂ ਤੋਂ ਪ੍ਰਭਾਵਤ ਹੁੰਦਾ ਰਹਿੰਦਾ ਹੈ। ਮਿਸਾਲ ਦੇ ਤੌਰ ਤੇ ਜ਼ਿਮੀਂਦਾਰ (ਕਿਸਾਨ) ਨੂੰ ਆਪਣੇ ਕਾਰੋਬਾਰ ਵਿਚ ਮੌਸਮ ਦੀਆਂ ਤਬਦੀਲੀਆਂ ਦਾ ਡਰ ਰਹਿੰਦਾ ਹੈ। ਵੇਲੇ ਸਿਰ ਮੀਂਹ ਨਾ ਵਰਸੇ ਤਾਂ ਉਸ ਦੀ ਫਸਲ ਖ਼ਰਾਬ ਹੋ ਸਕਦੀ ਹੈ। ਮੰਡੀ ਵਿਚ ਭਾਅ ਘੱਟ ਹੋ ਜਾਵੇ ਤਾਂ ਕਿਸਾਨ ਦੀ ਫਸਲ ਦਾ ਮੁਲ ਘਟ ਜਾਂਦਾ ਹੈ। ਇਸ ਵਾਸਤੇ ਹਰ ਸਾਧਾਰਨ ਕਿਸਾਨ ਉਤੇ ਉਸ ਦੇ ਖੇਤੀ ਬਾੜੀ ਦੇ ਕਾਰੋਬਾਰ ਦੀਆਂ ਕੰਮੀਆਂ ਤੇ ਊਣਤਾਈਆਂ ਅਸਰ ਪਾਂਦੀਆਂ

ਹਨ। ਪਰ ਸਾਧਾਰਨ ਵਪਾਰੀ ਨੂੰ ਮੁਕਾਬਲੇ ਅਤੇ ਘਾਟੇ ਦਾ ਡਰ ਰਹਿੰਦਾ ਹੈ ਅਤੇ ਉਸ ਉਤੇ ਇਸ ਡਰ ਦਾ ਅਸਰ ਹੁੰਦਾ ਰਹਿੰਦਾ ਹੈ। ਇਸੇ ਤਰ੍ਹਾਂ ਹਰ ਸਾਧਾਰਨ ਲੇਖਕ ਨੂੰ, ਡਾਕਟਰ ਨੂੰ, ਗਵੱਈਏ ਨੂੰ ਇਹ ਡਰ ਰਹਿੰਦਾ ਹੈ ਕਿ ਉਸ ਦਾ ਕਾਰੋਬਾਰ ਸਦਾ ਇਕੋ ਜਿਹਾ ਨਹੀਂ ਰਹਿ ਸਕਦਾ ਅਤੇ ਮੰਦੇ ਦਿਨਾਂ ਵਿਚ ਉਹ ਕਿਵੇਂ ਗੁਜ਼ਾਰਾ ਕਰੇਗਾ ? ਇਕ ਡਾਕਟਰ ਕੋਲੋਂ ਜਿਸ ਦਾ ਕੰਮ ਚੰਗਾ ਨਹੀਂ ਸੀ ਚਲਦਾ, ਜਦ ਪੁਛਿਆ ਗਿਆ ਕਿ ਕੀ ਤੂੰ ਆਪਣੇ ਆਪ ਨੂੰ ਡਾਕਟਰ ਸਮਝਦਾ ਰਹਿੰਦਾ ਹੈਂ ? ਤਾਂ ਉਸ ਨੇ ਝਟ ਅਗੋਂ ਆਖਿਆ — "ਹਾਂ, ਮੈਂ ਆਪਣੇ ਆਪ ਨੂੰ ਡਾਕਟਰ ਮੰਨਦਾ ਹਾਂ ਕਿਉਂਕਿ ਮੈਂ ਡਾਕਟਰ ਹਾਂ।"

ਪਰ ਉਹ ਅਸਲ ਵਿਚ ਡਾਕਟਰ ਬਣਨ ਤੋਂ ਪਹਿਲੇ ਵੀ ਅਤੇ ਡਾਕਟਰ ਬਣ ਕੇ ਵੀ ਅਸਲੀਅਤ ਵਿਚ ਸ੍ਰੀ ਵਾਹਿਗੁਰੂ ਜੀ ਦਾ ਪੁੱਤਰ ਸੀ। ਉਹ ਸ੍ਰੀ ਵਾਹਿਗੁਰੂ ਜੀ ਦਾ ਪੁੱਤਰ ਪਹਿਲੋਂ ਅਤੇ ਡਾਕਟਰ ਪਿਛੋਂ ਸੀ। ਡਾਕਟਰ ਦਾ ਪੇਸ਼ਾ ਕਰਦਿਆਂ ਵੀ ਉਹ ਉਤੋਂ ਡਾਕਟਰ ਪਰ ਵਿਚੋਂ, ਅੰਦਰੋਂ ਅਸਲੀਅਤ ਵਿਚ ਸ੍ਰੀ ਵਾਹਿਗੁਰੂ ਜੀ ਦਾ ਪੁੱਤਰ ਸੀ। ਪਰ ਉਹ ਇਸ ਬਾਤ ਨੂੰ ਭੁਲ ਚੁਕਾ ਸੀ। ਉਹ ਆਪਣੇ ਆਪ ਨੂੰ ਵਾਹਿਗੁਰੂ ਜੀ ਦਾ ਪੁੱਤਰ ਹੋਣ ਦੀ ਅਸਲੀਅਤ ਨੂੰ ਭੁਲਾ ਕੇ, ਆਪਣੇ ਪੇਸ਼ੇ ਅਨੁਸਾਰ ਆਪਣੇ ਆਪ ਨੂੰ ਡਾਕਟਰ ਹੀ ਸਮਝਦਾ ਤੇ ਮੰਨਦਾ ਸੀ। ਪਰ ਡਾਕਟਰ ਦੇ ਪੇਸ਼ੇ ਵਿਚ ਇਹ ਕੰਮੀ ਜਾਂ ਊਣਤਾਈ ਹੈ ਕਿ ਉਹ ਕਦੀ ਚੰਗਾ ਚਲੇ ਅਤੇ ਕਦੀ ਮੰਦਾ ਜਾਵੇ। ਇਸ ਕਰਕੇ ਉਕਤ ਡਾਕਟਰ ਉਤੇ ਉਸ ਦਾ ਕੰਮ ਚੰਗਾ ਨਾ ਚਲਣ ਦਾ, ਉਸ ਦੀ ਆਪਣੇ ਪੇਸ਼ੇ ਵਿਚ ਅਸਫਲਤਾ ਦਾ ਰੰਗ ਚੜ੍ਹਿਆ ਹੋਇਆ ਸੀ। ਜਦ ਉਸ ਨੂੰ ਦਸਿਆ ਗਿਆ ਕਿ ਉਸ ਦੇ ਜੀਵਨ ਦਾ ਅਸਲ ਮਕਸਦ ਅਤੇ ਅਸਲ ਪੇਸ਼ਾ ਇਕ ਐਸਾ ਇਨਸਾਨ ਬਨਣਾ ਹੈ, ਜਿਹੜਾ ਹਰ ਵੇਲੇ ਆਪਣੇ ਸਿਰਜਣਹਾਰ ਦੀ ਸਮਝ ਤੇ ਗੁਣ ਪਰਕਾਸ਼ੇ। ਡਾਕਟਰ ਦੇ ਓਪਰੇ ਤੇ ਆਰਜ਼ੀ ਪੇਸ਼ੇ ਵਿਚੋਂ ਉਸ ਨੂੰ ਆਪਣੀ ਅਸਲੀਅਤ ਪਰਕਾਸ਼ਨੀ ਚਾਹੀਦੀ ਸੀ, ਨਾ ਕਿ ਡਾਕਟਰੀ ਪੇਸ਼ੇ ਦੀਆਂ ਕਮੀਆਂ ਅਤੇ ਊਣਤਾਈਆਂ। ਇਸ ਵਿਚਾਰ ਨੇ ਡਾਕਟਰ ਦਾ ਸਾਰਾ ਦ੍ਰਿਸ਼ਟੀਕੋਣ ਬਦਲ ਦਿਤਾ ਅਤੇ ਉਸ ਨੇ ਆਪਣੇ ਪੇਸ਼ੇ ਵਿਚ ਮੁੜ ਕਦੀਮੀ ਅਸਲੀਤਅ 'ਹਮ ਹਰਿ ਕੇ ਬਾਲਕ' ਦੀਆਂ ਖੂਬੀਆਂ ਤੇ ਗੁਣਾਂ ਨੂੰ ਪ੍ਰਕਾਸ਼ ਕਰਨ ਦੀ ਕੋਸ਼ਸ਼ ਅਰੰਭੀ। ਵਾਹਿਗੁਰੂ ਦੇ ਪੁੱਤਰ ਹੋਣ

ਦੇ ਰਿਸ਼ਤੇ ਨੂੰ ਜਦ ਅਸੀਂ ਸਮਝਦੇ ਹਾਂ ਤਾਂ ਅਸੀਂ ਦੇਖਾਂਗੇ ਕਿ ਸਾਡੇ ਅੰਦਰ ਹੀ ਪਿਤਾ ਵਲੋਂ ਬਖਸ਼ੀ ਬੇਅੰਤ ਦਾਨਾਈ ਤੇ ਦੂਰਅੰਦੇਸ਼ੀ ਹੈ ਅਤੇ ਸਾਡੇ ਅੰਦਰ ਹੀ ਸਭ ਮੁਸ਼ਕਲਾਂ ਤੇ ਮੁਸੀਬਤਾਂ ਨੂੰ ਹਲ ਕਰਨ ਦੀ ਯੋਗਤਾ ਹੈ। ਡਾਕਟਰ ਦੀ ਦ੍ਰਿਸ਼ਟੀ ਬਦਲਣ ਨਾਲ ਉਸਦੀ ਸ੍ਰਿਸ਼ਟੀ, ਉਸ ਦੇ ਮਨ ਦੀ ਅਵਸਥਾ ਅਤੇ ਉਸਦੇ ਪੇਸ਼ੇ ਦੀ ਹਾਲਤ ਬਦਲ ਗਈ।

ਵਾਹਿਗੁਰੂ ਦੇ ਬੱਚੇ ਦੇ ਕਾਰੋਬਾਰ ਜਾਂ ਪੇਸ਼ੇ ਵਿਚ ਵਾਹਿਗੁਰੂ ਜੀ ਦੀਆਂ ਸਿਫਤਾਂ ਆਪੇ ਕੰਮ ਕਰਦੀਆਂ ਹਨ। ਜਿਸ ਨੂੰ ਆਪਣੀਆਂ ਜ਼ਿੰਮੇਂਵਾਰੀਆਂ ਬੋਝ ਭਾਸ ਰਹੀਆਂ ਹੋਣ ਅਤੇ ਤੰਗ ਕਰਦੀਆਂ ਹੋਣ, ਉਸ ਨੂੰ ਕੇਵਲ ਆਪਣੇ ਵਿਚਾਰ ਬਦਲਣ ਦੀ ਲੋੜ ਹੈ, ਉਸ ਨੂੰ ਕੇਵਲ ਇਹ ਸਮਝਣ ਦੀ ਲੋੜ ਹੈ ਕਿ ਉਹ ਆਪ ਕੌਣ ਹੈ ? ਆਪਣੀ ਵਿਚਾਰ ਜਾਂ ਦ੍ਰਿਸ਼ਟੀ ਬਦਲਣ ਲਈ, ਉਸ ਨੂੰ ਆਪਣੇ ਪੇਸ਼ੇ ਜਾਂ ਕਾਰੋਬਾਰ ਵਲ ਨਹੀਂ ਤਕਣਾ ਚਾਹੀਦਾ ਸਗੋਂ ਆਪਣੇ ਸੋਮੇਂ, ਆਪਣੇ ਮੂਲ ਸ੍ਰੀ ਵਾਹਿਗੁਰੂ ਜੀ ਵਲ ਦੇਖਣਾ ਚਾਹੀਦਾ ਹੈ ਅਤੇ ਆਪਣੇ ਅਤੇ ਵਾਹਿਗੁਰੂ ਜੀ ਦੇ ਸਦੀਵੀ ਤੇ ਸਚੇ "ਪਿਤਾ-ਪੁਤਰ" ਵਾਲੇ ਰਿਸ਼ਤੇ ਨੂੰ ਜਾਨਣਾ ਚਾਹੀਦਾ ਹੈ।

ਏਵਡੁ ਊਚਾ ਹੋਵੈ ਕੋਇ।
ਤਿਸੁ ਊਚੇ ਕਉ ਜਾਣੈ ਸੋਇ।

ਇਕ ਹਵਾਈ ਜਹਾਜ਼ ਦੇ ਉਡਾਰੂ ਦੇ ਦਸਣ ਅਨੁਸਾਰ, ਜਦ ਅਸਮਾਨ ਅੰਦਰ ਬਹੁਤ ਉਚੀ ਤੇ ਨਵੀਂ ਉਚਾਨ ਤੇ ਪਹੁੰਚੀਏ, ਜਿਥੇ ਕਾਲੇ ਬੱਦਲ ਤੇ ਤੂਫਾਨ ਹੇਠਾਂ ਰਹਿ ਜਾਂਦੇ ਹਨ ਅਤੇ ਧਰਤੀ ਛੋਟੀ ਜਿਹੀ ਵਸਤੂ ਦਿਸਦੀ ਹੈ ਉਥੇ ਗਗਨ ਦੀ ਅਜੀਬ ਸੁੰਦਰਤਾ ਅਤੇ ਇਕਾਂਤ ਮਨ ਨੂੰ ਲੋਭਾਂਦੀ ਹੈ। ਮਨ ਵਿਚ ਉਸ ਵੇਲੇ ਹੈਰਾਨੀ ਤੇ ਭੈ ਦੇ ਮਿਲਵੇਂ ਜਜ਼ਬੇ ਉਤਪੰਨ ਹੁੰਦੇ ਹਨ। ਉਥੇ ਆਜ਼ਾਦੀ, ਸ਼ਾਂਤੀ ਅਤੇ ਸਹਿਜ ਉਸ ਲਈ ਉਡੀਕਦੇ ਪ੍ਰਤੀਤ ਹੁੰਦੇ ਹਨ ਜੋ ਪਦਾਰਥਕ ਨਜ਼ਾਰਿਆਂ ਤੇ ਨਿਸਚਿਆਂ ਦੀ ਹਦ ਤੋਂ ਉਚੇ ਉਠ ਕੇ ਆਤਮਕ ਗਿਆਨ ਅਤੇ ਏਕਤਾ ਦੀ ਸੁੰਦਰਤਾ ਨੂੰ ਦੇਖਣ ਦਾ ਚਾਹਵਾਨ ਹੋਵੇ।

ਇਹ ਆਤਮਕ ਗਿਆਨ ਮਨੁੱਖ ਦੀ ਅਤੇ ਉਸ ਦੇ ਸਿਰਜਨਹਾਰ ਦੀ ਅੰਦਰਲੀ ਏਕਤਾ ਅਤੇ ਅਭੇਦਤਾ ਦਰਸ਼ਾਂਦਾ ਹੈ। ਕਰਤਾਰ ਮਨੁੱਖ ਨਹੀਂ ਕਿਸੇ ਅਥਾਹ ਡੂੰਘਿਆਈ ਤੋਂ ਬੇਅੰਤ ਫੁਰਨਾ ਜੋ ਸਦਾ ਵਧਦਾ ਫੁਲਦਾ ਹੀ ਰਹਿੰਦਾ ਹੈ, ਪਿਆ ਉਤਪੰਨ ਕਰਦਾ ਹੈ।

ਆਤਮ ਸਾਇੰਸ ਸਾਡੇ ਵਿਚਾਰਾਂ ਨੂੰ ਸਦਾ ਜੀਵਨ ਦੇ ਉਚੇ ਤੋਂ ਉਚੇ ਨਜ਼ਾਰਿਆਂ ਵਲ ਪਰੇਰਦੀ ਹੈ। ਉਥੇ ਸਾਡੇ ਗਿਆਨ ਇੰਦਰਿਆਂ ਦੀ ਗਵਾਹੀ ਘਟਦੀ ਤੇ ਆਤਮਕ ਸੋਝੀ ਵਧਦੀ ਜਾਂਦੀ ਹੈ। ਉਥੇ ਸਾਡੀ ਸੁਰਤ ਪਦਾਰਥਾਂ ਵਿਚੋਂ ਨਿਕਲਦੇ ਆਤਮਕ ਖੇੜੇ ਵਿਚ ਟਿਕਦੀ ਅਤੇ ਕਰਤਾਰ ਨਾਲ ਅਭੇਦ ਹੁੰਦੀ ਹੈ।

ਪਾਪ ਦੁਖ ਤੇ ਬੀਮਾਰੀ ਤਿਉਂ ਤਿਉਂ ਘਟਦੇ ਹਨ, ਜਿਉਂ ਜਿਉਂ ਅੰਦਰਲੀ ਪਵਿਤਰਤਾ ਤੇ ਸੋਝੀ ਵਧਦੀ ਹੈ। ਥੋੜਾਂ ਦੀ ਚਿੰਤਾ ਦੂਰ ਹੁੰਦੀ ਜਾਂਦੀ ਹੈ,

ਤਿਉਂ ਤਿਉਂ ਵਾਹਿਗੁਰੂ ਦੇ ਅਮਿਤੇ ਅਤੇ ਚੰਗੇ ਭੰਡਾਰਾਂ ਦੀ ਸਮਝ ਆਉਂਦੀ ਹੈ, ਭਰਮ ਅੰਧੇਰਾ ਵਾਹਿਗੁਰੂ ਜੀ ਦੀ ਰੌਸ਼ਨੀ ਦੀ ਮੌਜੂਦਗੀ ਦੇ ਸਾਹਮਣੇ ਦੂਰ ਹੋ ਜਾਂਦਾ ਹੈ। ਇਨਸਾਨੀ ਹਉਮੈ ਰਜ਼ਾ ਵਿਚ ਟਿਕ ਕੇ ਸੁਖ ਮਾਣਦੀ ਹੈ ਅਤੇ ਬਦੀ ਤੇ ਨਫਰਤ, ਸਾਹਿਬ ਦੇ ਪਰੇਮ ਸਾਹਮਣੇ ਅਲੋਪ ਹੋ ਜਾਂਦੀਆਂ ਹਨ।

ਗੁਰਸਿਖਾਂ ਨੂੰ ਕਈ ਵਾਰੀ ਇਹ ਤਜਰਬਾ ਹੀ ਹੁੰਦਾ ਹੈ ਕਿ ਉਹਨਾਂ ਦੀ ਵਿਚਾਰ ਜਦ ਆਤਮਕ ਗਿਆਨ ਨਾਲ ਪਵਿਤਰ ਹੋ ਜਾਵੇ, ਤਾਂ ਮਾੜੀਆਂ ਆਦਤਾਂ ਅਤੇ .ਗਲਤ ਨਿਸਚੇ ਸੁਤੇ ਸਿਧ ਹੀ ਛੁਟ ਜਾਂਦੇ ਅਤੇ ਬੀਤੇ ਹੋਏ ਜੀਵਨ ਦੀਆਂ ਮਾੜੀਆਂ ਘਟਨਾਵਾਂ ਇਕ ਚੰਦਰੇ ਸੁਫਨੇ ਵਾਂਗ ਭੁਲ ਜਾਂਦੀਆਂ ਹਨ।

ਆਤਮਕ ਉਚਾਈ ਦੇ ਸਫਰ ਵਿਚ ਕਈ ਵਾਰੀ ਬੜਾ ਵਿਘਨ ਵੀ ਪੈ ਜਾਂਦਾ ਹੈ। ਹੇਠਾਂ ਨੂੰ, ਅਸ਼ਾਂਤ ਮੰਡਲਾਂ ਵਲ ਤੇਜ਼ੀ ਨਾਲ ਡਿਗਦੇ ਪਰਤੀਤ ਕਰਦਾ ਹੈ, ਘਬਰਾਣਾ ਨਹੀਂ ਚਾਹੀਦਾ। ਮੁਦਤਾਂ ਦੇ .ਗਲਤ ਨਿਸਚੇ, ਇਨਸਾਨੀ .ਗਲਤ ਵਿਚਾਰਾਂ, ਇਨਸਾਨੀ ਸਿਆਣਪਾਂ ਤੇ ਚਤਰਾਈਆਂ, ਮਨ ਦੀਆਂ ਬੀਮਾਰੀਆਂ ਅਤੇ ਉਹਨਾਂ ਦੇ ਇਨਸਾਨੀ ਉਪਾਊ ਜਾਂ ਦਾਰੂ, ਸਭ ਸਾਡੀ ਸੁਰਤ ਦੇ ਆਤਮ ਮਾਰਗ ਦੀ ਚੜ੍ਹਾਈ ਵੇਲੇ ਵਿਘਨ ਤੇ ਰੁਕਾਵਟਾਂ ਹਨ। ਆਤਮ ਸਾਇੰਸ ਜਾਂ ਗੁਰਮਤ ਇਹਨਾਂ ਵਿਘਨਾਂ ਤੇ ਰੁਕਾਵਟਾਂ ਨੂੰ ਤੋੜਦੀ ਅਤੇ ਮੁੜ ਰਸਤਾ ਸਾਫ ਕਰਦੀ ਹੈ।

ਸਰੀਰਾਂ ਦੇ ਮੋਹ ਅਤੇ ਸਰੀਰਾਂ ਦੀ ਕੈਦ ਤੋਂ ਸਾਨੂੰ ਕੇਵਲ ਗੁਰੂ ਗਿਆਨ ਦੀ ਕਮਾਈ ਹੀ ਆਜ਼ਾਦ ਕਰਾ ਸਕਦੀ ਹੈ। ਇਨਸਾਨ ਦੇ ਬਣਾਏ ਕਾਨੂੰਨ ਤੇ ਨਿਸਚੇ ਤਿਆਗਣੇ ਅਤੇ ਉਲਟਾਣੇ ਪੈਂਦੇ ਹਨ, ਆਤਮਕ ਮਾਰਗ ਦੀ ਸਿਧੀ ਚੜ੍ਹਾਈ ਤੇ ਚੜ੍ਹਨ ਲਗਿਆਂ। ਵਿਰਸੇ ਦੇ, ਹਾਲਾਤ ਦੇ, ਹਾਦਸਿਆਂ ਦੇ, ਛੂਤ ਦੇ ਅਨੇਕ ਇਨਸਾਨੀ ਨਿਸਚੇ ਸਾਹਿਬ ਸ੍ਰੀ ਵਾਹਿਗੁਰੂ ਜੀ ਦੀ ਸਰਬ ਵਿਆਪਕਤਾ ਅਤੇ ਸਰਬ ਸ਼ਕਤੀਮਾਨਤਾ ਦੇ ਸਾਹਮਣੇ, ਨਿਹੱਥੇ ਤੇ ਨਿਰਬਲ ਸਮਝ ਕੇ ਪੈਰਾਂ ਹੇਠ ਕੁਚਲ ਸੁਟਣੇ ਪੈਂਦੇ ਹਨ। ਵਾਹਿਗੁਰੂ ਜੀ ਕੀ ਫਤਹਿ ਤਦ ਜਾ ਕੇ ਹੁੰਦੀ ਹੈ।

□ □ □

ਪਾਪ ਤੇ ਸਜ਼ਾ

ਪਾਪ ਨੂੰ ਇਸ ਵਾਸਤੇ ਸਜ਼ਾ ਦਿਤੀ ਜਾਂਦੀ ਹੈ ਕਿ ਮੁੜ ਪਾਪ ਨਾ ਕੀਤਾ ਜਾਵੇ। ਸਜ਼ਾ ਦਾ ਮਨੋਰਥ ਪਾਪ ਨੂੰ ਨਾਸ ਕਰਨਾ ਹੈ। ਪਾਪ ਦੇ ਸਵਾਦ ਨਾਲੋਂ ਉਸਦੀ ਸਜ਼ਾ ਕਿਤੇ ਵਧ ਹੁੰਦੀ ਹੈ ਤੇ ਇਹ ਓਦੋਂ ਤਕ ਮਿਲਦੀ ਰਹਿੰਦੀ ਹੈ ਜਦ ਤਕ ਕਿ ਪਾਪ ਕਾਇਮ ਰਹੇ। ਪਾਪ ਕਾਇਮ ਉਦੋਂ ਤਕ ਰਹਿੰਦਾ ਹੈ ਜਦੋਂ ਤਕ ਇਸ ਦੇ ਸਵਾਦ ਵਿਚ ਇਨਸਾਨ ਦਾ ਨਿਸਚਾ ਕਾਇਮ ਰਹੇ। ਪਾਪ ਦੇ ਸਵਾਦ ਵਿਚ ਨਿਸਚਾ ਓਦੋਂ ਤਕ ਕਾਇਮ ਰਹਿੰਦਾ ਹੈ ਜਦੋਂ ਤਕ ਪਾਪ ਦੇ ਸਵਾਦ ਨਾਲੋਂ ਕਿਸੇ ਵਡੇ, ਉਚੇ, ਚੰਗੇਰੇ ਅਤੇ ਸਦੀਵੀ ਸਵਾਦ ਦਾ ਪਤਾ ਨਾ ਲਗੇ। ਜਦ ਚੰਗੇਰਾ ਤੇ ਉਚੇਰਾ ਸਵਾਦ ਮਾਨਣ ਲਗ ਜਾਵੇ ਤਾਂ ਇਨਸਾਨ ਛੋਟਾ ਤੇ ਹਾਨੀਕਾਰਕ ਸਵਾਦ ਆਪੇ ਹੀ ਤਿਆਗ ਦਿੰਦਾ ਹੈ।

ਉਹ ਰਸ ਆਵਾ ਇਹ ਰਸ ਨਹੀਂ ਭਾਵਾ।

ਪਾਪ ਕੀ ਹੈ ? ਆਪਣੇ ਆਪ ਨੂੰ ਸਰੀਰ ਮੰਨ ਕੇ ਸਰੀਰਕ ਸੁਖਾਂ, ਸਰੀਰਕ ਰਸਾਂ, ਸਰੀਰਕ ਭੋਗਾਂ, ਸਰੀਰਕ ਵਿਸ਼ਿਆਂ ਵਿਕਾਰਾਂ ਨੂੰ ਜੀਵਨ ਦਾ ਮਨੋਰਥ ਸਮਝਣਾ — ਪਾਪ ਹੈ। ਜੋ ਕੁਝ ਵਾਹਿਗੁਰੂ ਜੀ ਵਿਚ ਨਹੀਂ, ਉਹ ਚਾਹੁਣਾ, ਉਸ ਲਈ ਜੀਵਣਾ, ਉਸ ਨੂੰ ਜੀਵਨ ਦਾ ਮਨੋਰਥ ਮੰਨਣਾ — ਪਾਪ ਹੈ। ਵਾਹਿਗੁਰੂ ਜੀ ਆਪ ਸਰੀਰ ਨਹੀਂ, ਨਾ ਹੀ ਉਹਨਾਂ ਵਿਚ ਸਰੀਰਕ ਰਸ, ਸਰੀਰਕ ਭੋਗ, ਅਤੇ ਸਰੀਰਕ ਉਪਾਧੀਆਂ ਹਨ।

ਕਾਮ ਨਾ ਕਰੋਧ ਨਾ ਲੋਭ ਨਾ ਮੋਹ
ਨਾ ਰੋਗ ਨਾ ਸੋਗ ਨਾ ਭੋਗ ਨਾ ਭੈ ਹੈ।

ਇਨਸਾਨ ਨੇ ਇਕ ਦਿਨ ਭਗਵਾਨ ਬਨਣਾ ਹੈ, ਇਸ ਲਈ ਜੋ ਭਗਵਾਨ ਵਿਚ ਹੈ ਉਸ ਨੂੰ ਇਨਸਾਨ ਲਈ ਧਾਰਨ ਕਰਨਾ ਅਤੇ ਜੋ ਭਗਵਾਨ ਵਿਚ ਨਹੀਂ ਉਸ ਨੂੰ ਤਿਆਗਣਾ ਜ਼ਰੂਰੀ ਹੈ। ਜੋ ਭਗਵਾਨ ਵਿਚ ਨਹੀਂ ਉਸ ਦੇ

ਤਿਆਗ ਵਿਚ ਅਤੇ ਜੋ ਭਗਵਾਨ ਵਿਚ ਹੈ, ਉਸ ਦੇ ਧਾਰਨ ਵਿਚ ਇਨਸਾਨ ਝੂਠੀਆਂ — ਆਰਜ਼ੀ ਤੇ ਨਾਸ਼ਵੰਦ ਖ਼ੁਸ਼ੀਆਂ ਨੂੰ ਭੈੜੇ ਸੁਫਨੇ ਦੀ ਤਰ੍ਹਾਂ ਅਲੋਪ ਹੁੰਦਿਆਂ ਅਤੇ ਸਚੀਆਂ-ਪਕੀਆਂ ਤੇ ਸਦੀਵੀ ਖ਼ੁਸ਼ੀਆਂ ਤੇ ਸੁਖਾਂ ਦੇ ਦਰਵਾਜ਼ੇ ਆਪਣੇ ਅੰਦਰ ਖੁਲ੍ਹਦਿਆਂ ਦੇਖੇਗਾ।

ਇਨਸਾਨ ਨੂੰ ਭਗਵਾਨ ਤਕ ਪਹੁੰਚਣ ਲਈ ਭਗਵਾਨ ਦੀਆਂ ਸਭ ਸ਼ਕਤੀਆਂ ਤੇ ਵਿਉਂਤਾਂ ਇਨਸਾਨ ਦੀ ਹਰ ਪਰਕਾਰ ਸਹਾਇਤਾ ਕਰਦੀਆਂ ਹਨ। ਪਾਪ ਦੀ ਸਜ਼ਾ ਵੀ ਐਸੀ ਇਕ ਵਿਉਂਤ ਹੈ ਜੋ ਇਨਸਾਨ ਨੂੰ ਭਗਵਾਨ ਤੋਂ ਦੂਰ ਲੈ ਜਾਣ ਵਾਲੇ ਰਸਤੇ ਤੋਂ ਰੋਕਦੀ ਤੇ ਮੋੜਦੀ ਹੈ।

ਕੇਤਿਆ ਦੂਖ ਭੂਖ ਸਦ ਮਾਰ।
ਏਹਿ ਭਿ ਦਾਤਿ ਤੇਰੀ ਦਾਤਾਰ।

— — —

ਇਨਸਾਨ ਦੀ ਸਭ ਤੋਂ ਵਡੀ ਭੁਲ ਆਪਣੇ ਆਪ ਨੂੰ ਸਰੀਰ ਮੰਨਣਾ ਹੈ ਅਤੇ ਦੁਖ, ਬੀਮਾਰੀ, ਮੌਤ ਇਸ ਭੁਲ ਦੀ ਹੀ ਸਜ਼ਾ ਹਨ ਜੋ ਤਦ ਤਕ ਕਾਇਮ ਰਹਿਣਗੀਆਂ, ਜਦ ਤਕ ਇਨਸਾਨ ਆਪਣੇ ਆਪ ਨੂੰ ਸਰੀਰ ਦੀ ਬਜਾਏ ਸਰੀਰ ਵਿਚ ਰਹਿਣ ਵਾਲੀ ਮਹਾਨ ਆਤਮਾ (ਜੋ ਇਹ ਵਾਸਤਵ ਵਿਚ ਹੈ) ਨਾ ਮੰਨੇ। ਪਾਪ ਤੇ ਪਾਪ ਦੀ ਸਜ਼ਾ ਇਕੋ ਤਸਵੀਰ ਦੇ ਦੋ ਪਾਸੇ ਹਨ। ਜਿਥੇ ਪਾਪ ਹੈ ਉਥੇ ਸਜ਼ਾ ਦਾ ਹੋਣਾ ਲਾਜ਼ਮੀ ਹੈ। ਭੋਗ ਵਿਲਾਸ, ਵਿਸ਼ੇ ਵਿਕਾਰਾਂ ਦਾ ਅੰਤ ਦੁਖ, ਬੀਮਾਰੀ ਅਤੇ ਮੌਤ ਹੈ। ਪਾਪ ਅਤੇ ਸੰਤਾਪ ਸਕੇ ਭਰਾ ਹਨ ਅਤੇ ਕਦੀ ਨਹੀਂ ਵਿਛੜਦੇ। ਪਾਪ ਦੀ ਖ਼ੁਸ਼ੀ ਸੱਚੀ ਨਹੀਂ ਹੁੰਦੀ ਬਲਕਿ ਇਨਸਾਨੀ ਦਿਮਾਗ ਦਾ ਵਡਾ ਭੁਲੇਖਾ ਹੈ। ਉਹ ਖ਼ੁਸ਼ੀ ਕਾਹਦੀ ਜਿਸ ਦਾ ਅੰਤ ਖਵਾਰੀ ਅਤੇ ਪਰੇਸ਼ਾਨੀ ਹੋਵੇ।

ਮੰਦੀ ਕੰਮੀ ਨਾਨਕਾ ਜਦ ਕਦ ਮੰਦਾ ਹੋਇ।

— — —

ਪਾਪ ਦੇ ਸਵਾਦ ਕਰਕੇ ਇਨਸਾਨ ਪਾਪ ਨੂੰ ਛਡਣਾ ਨਹੀਂ ਚਾਹੁੰਦਾ। ਪਾਪ ਇਕ ਮਨ ਦੀ ਬੀਮਾਰੀ ਹੈ ਅਤੇ ਇਹ ਬੀਮਾਰੀ ਐਸੀ ਹੈ ਜਿਸ ਨੂੰ ਇਨਸਾਨ ਨਫ਼ਰਤ ਨਹੀਂ ਕਰਦਾ। ਇਸ ਲਈ ਪਾਪ ਦੇ ਰੋਗਾਂ ਤੋਂ ਰਾਜ਼ੀ ਹੋਣਾ ਸਰੀਰਕ ਰੋਗਾਂ ਤੋਂ ਰਾਜ਼ੀ ਹੋਣ ਨਾਲੋਂ ਮੁਸ਼ਕਿਲ ਹੈ। ਬੁਖ਼ਾਰ ਨੂੰ ਬੀਮਾਰ ਨਫ਼ਰਤ ਕਰਦਾ ਹੈ, ਆਪਣੇ ਤੋਂ ਦੂਰ ਕਰਨਾ ਚਾਹੁੰਦਾ ਹੈ ਐਪਰ ਸ਼ਰਾਬ

ਪੀਣ ਵਾਲਾ ਸ਼ਰਾਬ ਦੇ ਅਸਰ ਤੋਂ ਤੰਗ ਆਇਆ ਹੋਇਆ ਵੀ ਸ਼ਰਾਬ ਦੇ ਸਵਾਦ ਲਈ ਸ਼ਰਾਬ ਪੀਂਦਾ ਹੈ। ਸ਼ਰਾਬ ਨੂੰ ਨਹੀਂ ਛਡਦਾ।

ਪਾਪ ਨੂੰ ਗੁਰੂ ਗਰੰਥ ਜੀ ਵਿਚ ਅਤੇ ਹੋਰ ਧਾਰਮਿਕ ਗਰੰਥਾਂ ਵਿਚ ਬਿਖ ਜ਼ਹਿਰ ਆਖਿਆ ਹੈ ਕਿਉਂਕਿ ਪਾਪ ਦੇ ਅਸਰ ਇਨਸਾਨ ਦੀ ਸਿਹਤ, ਇਖਲਾਕ ਅਤੇ ਇਨਸਾਨੀਅਤ ਨੂੰ ਤਬਾਹ ਕਰਕੇ ਅਤੇ ਤਨ ਮਨ ਵਿਚ ਰੋਗ ਪੈਦਾ ਕਰ ਕੇ ਮੌਤ ਦਾ ਜਲਦੀ ਸ਼ਿਕਾਰ ਬਣਾਂਦੇ ਹਨ।

ਖਸਮੁ ਵਿਸਾਰਿ ਕੀਏ ਰਸ ਭੋਗ।
ਤਾ ਤਨਿ ਉਠਿ ਖਲੋਏ ਰੋਗ।

— — —

ਬਦੀ ਦੀਆਂ ਤਾਕਤਾਂ ਦੀ ਗੁਲਾਮੀ ਪਾਪ ਹੈ। ਪਾਪ ਨੂੰ ਜਿਤਨਾ ਸੁਖ ਸਾਗਰ ਵਾਹਿਗੁਰੂ ਤਕ ਪਹੁੰਚਣ ਦੀ ਵਡੀ ਸ਼ਰਤ ਹੈ। ਵਾਹਿਗੁਰੂ ਜੀ ਦੀ ਸਦੀਵੀ ਪਾਤਸ਼ਾਹੀ ਤਕ ਪਹੁੰਚਣ ਵਾਸਤੇ ਪਾਪ ਇਕ ਬੜੀ ਰੁਕਾਵਟ ਜਾਂ ਅੜਾਉਣੀ ਹੈ। ਜੋ ਪਾਪ ਨੂੰ ਜਿੱਥੇ ਉਹ ਸਾਹਿਬ ਦੀ ਸਦੀਵੀ ਪਾਤਸ਼ਾਹੀ ਸਾਂਭ ਸਕਦਾ ਹੈ।

ਪਾਪ ਤੋਂ ਬਚਣ ਲਈ ਜ਼ਰੂਰੀ ਹੈ ਕਿ ਪਾਪ ਦੀ ਖੁਸ਼ੀ ਵਿਚ ਸਾਡਾ ਨਿਸਚਾ ਟੁਟ ਜਾਵੇ ਅਤੇ ਅਸੀਂ ਪਾਪ ਨੂੰ ਦਿਲੀ ਨਫ਼ਰਤ ਨਾਲ ਦੇਖੀਏ ! ਪਾਪ ਦੀ ਖੁਸ਼ੀ ਛਿੰਨ ਭੰਗਰ ਅਤੇ ਸੰਤਾਪ ਭਰੀ ਹੁੰਦੀ ਹੈ। ਇਸ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਜਾਨਣਾ ਲਾਜ਼ਮੀ ਹੈ।

ਪਾਪ ਕਰਕੇ ਪਾਪ ਧੋਣ ਵਾਸਤੇ ਕੋਈ ਹੋਰ ਚੰਗਾ ਕੰਮ ਕਰ ਦੇਣਾ ਜਾਂ ਤੀਰਥਾਂ ਤੇ ਨਹਾ ਆਣਾ ਗਲਤ ਹੈ। ਜੇ ਕੋਈ ਬਲੈਕ ਮਾਰਕੀਟ ਦੇ ਰੁਪਏ ਵਿਚੋਂ ਕੁਝ ਰੁਪਿਆ ਚੰਗੇ ਕੰਮਾਂ ਉਤੇ ਖਰਚ ਕਰ ਕੇ ਇਹ ਸਮਝਦਾ ਹੈ ਕਿ ਬਲੈਕ ਮਾਰਕੀਟ ਕਰਨ ਦਾ ਪਾਪ ਧੋਤਾ ਗਿਆ, ਤਾਂ ਉਹ ਗ਼ਲਤੀ ਤੇ ਹੈ।

ਪਾਪ ਕੇਵਲ ਉਦੋਂ ਧੋਤਾ ਜਾਂ ਬਖਸ਼ਿਆ ਜਾਂਦਾ ਹੈ ਜਦ ਕਿ ਪਾਪ ਮੁੜ ਨਾ ਕੀਤਾ ਜਾਵੇ। ਪਾਪ ਕਰਕੇ ਪਸਚਾਤਾਪ ਕਰ ਲੈਣਾ ਅਤੇ ਸਮਾਂ ਆਉਣ ਉਤੇ ਫੇਰ ਪਾਪ ਕਰ ਲੈਣਾ ਅਤੇ ਫੇਰ ਪਸਚਾਤਾਪ ਕਰ ਲੈਣਾ, ਪਾਪ ਬਖਸ਼ਾਣ ਵਾਸਤੇ ਕਾਫ਼ੀ ਹੀ ਨਹੀਂ, ਸਗੋਂ ਗ਼ਲਤ ਹੈ। ਕਈ ਲੋਕ ਪਾਪ ਕਰਕੇ ਤੀਰਥਾਂ ਤੇ ਨਹਾ ਕੇ ਸਮਝਦੇ ਹਨ ਕਿ ਪਾਪ ਧੋਤੇ ਗਏ ਹਨ ਅਤੇ ਤੀਰਥਾਂ ਤੋਂ

ਆ ਕੇ ਫੇਰ ਨਿਸ਼ੰਗ ਹੋ ਕੇ ਇਸ ਖ਼ਿਆਲ ਨਾਲ ਪਾਪ ਕਰਦੇ ਹਨ ਕਿ ਫੇਰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰ ਆਵਾਂਗੇ। ਐਸੇ ਲੋਕਾਂ ਵਾਸਤੇ ਗੁਰਬਾਣੀ ਵਿਚ ਲਿਖਿਆ ਹੈ।

ਪਾਪ ਕਰਹਿ ਪੰਚਾਂ ਕੇ ਬਸਿ ਰੇ।
ਤੀਰਥਿ ਨਾਇ ਕਹਹਿ ਸਭਿ ਉਤਰੇ।
ਬਹੁਰਿ ਕਮਾਵਹਿ ਹੋਇ ਨਿਸੰਕ।
ਜਮ ਪੁਰਿ ਬਾਂਧਿ ਖਰੇ ਕਾਲੰਕ।

— — —

ਪਾਪ ਦੀ ਬਖਸ਼ਸ਼ ਹੈ ਪਰ ਓਦੋਂ ਜਦ ਕਿ ਪਾਪ ਮੁੜ ਨਾ ਕੀਤਾ ਜਾਵੇ ਅਤੇ ਸਾਡੇ ਦਿਲ ਵਿਚ ਪਾਪ ਸੰਬੰਧੀ ਪੂਰੀ ਨਫ਼ਰਤ ਹੋਵੇ। ਪਾਪ ਦਾ ਸੁਧਾਰ ਹੀ ਕੇਵਲ ਪਾਪ ਦੀ ਬਖਸ਼ਸ਼ ਹੈ। ਮਾੜੇ ਕਰਮਾਂ ਸੰਬੰਧੀ ਅਫਸੋਸ ਜਾਂ ਪਸਚਾਤਾਪ ਕਰਨਾ ਪਹਿਲਾ ਅਤੇ ਬੜਾ ਆਸਾਨ ਕਦਮ ਹੈ। ਅਗਲਾ ਅਤੇ ਬੜਾ ਜ਼ਰੂਰੀ ਕਦਮ ਹੈ ਇਹ ਦੇਖਣਾ ਕਿ ਸਾਡਾ ਪਸਚਾਪਾਤ ਕਿਤਨਾ ਸਚਾ ਅਤੇ ਅਸਲੀ ਹੈ। ਇਸ ਲਈ ਰਬੀ ਸਿਆਣਪ ਸਾਨੂੰ ਐਸੇ ਹਾਲਾਤ ਦੇ ਫੇਰ ਵਸ ਪਾਂਦੀ ਹੈ ਜਦ ਕਿ ਪਾਪ ਕਰਨ ਦਾ ਫੇਰ ਮੌਕਾ ਮਿਲੇ। ਹਾਲਾਤ ਸਾਡਾ ਇਮਤਿਹਾਨ ਲੈਂਦੇ ਹਨ ਅਤੇ ਰਬੀ ਸਿਆਣਪ ਇਹ ਦੇਖਦੀ ਹੈ ਕਿ ਸਾਡੀ ਨੀਅਤ ਵਿਚੋਂ ਪਾਪ ਦੇ ਸਵਾਦ ਦਾ ਪਿਆਰ ਗਿਆ ਹੈ ਕਿ ਨਹੀਂ। ਜੇਕਰ ਅਸੀਂ ਹਾਲਾਤ ਦੇ ਵਸ ਹੋ ਕੇ ਮੁੜ ਪਾਪ ਕਰਦੇ ਹਾਂ ਤਾਂ ਉਸ ਦੀ ਮੁੜ ਸਜ਼ਾ ਮਿਲਦੀ ਹੈ। ਐਸਾ ਹੁੰਦਾ ਰਹਿੰਦਾ ਹੈ ਜਦ ਤਕ ਕਿ ਅਸੀਂ ਪਾਪ ਉਤੇ ਪੂਰੀ ਜਿਤ ਪਰਾਪਤ ਨਾ ਕਰ ਲਈਏ ਅਤੇ ਸਾਡੇ ਲਈ ਕਿਸੇ ਹਾਲਤ ਵਿਚ ਵੀ ਪਾਪ ਕਰ ਸਕਣਾ ਅਸੰਭਵ ਹੋ ਜਾਵੇ।

Sin is fogiven only as it is
destroyed by truth.
Mercy eacels the debt only when
justice approves.

. . . .

ਮਾੜੇ ਕਰਮਾਂ ਨੂੰ, ਔਗੁਣਾਂ ਨੂੰ, ਪਾਪ ਨੂੰ ਜਿਤਣ ਵਾਸਤੇ ਸਾਨੂੰ ਜੋ

ਮਾੜਾ ਖ਼ਿਆਲ ਆਵੇ ਉਸ ਦੇ ਉਲਟ ਜੋ ਗੁਣ ਹੈ ਉਸ ਦਾ ਖਿਆਲ ਕਰਨਾ ਜਾਂ ਧਿਆਨ ਧਰਨਾ ਚਾਹੀਦਾ ਹੈ। ਜੇਕਰ ਗੁਸਾ ਆਵੇ, ਗੁਸੇ ਦੇ ਉਲਟ ਸ਼ਾਂਤੀ ਜਾਂ ਸਹਿਜ ਦਾ ਧਿਆਨ ਧਰੋ। ਜੇਕਰ ਬਦਲਾ ਲੈਣ ਦਾ ਖ਼ਿਆਲ ਆਵੇ ਤਾਂ ਖਿਮਾਂ ਦਾ, ਮਾਫੀ ਦਾ ਧਿਆਨ ਧਰੋ। ਜੇਕਰ ਕਾਮ ਦਾ ਖ਼ਿਆਲ ਆਵੇ ਤਾਂ ਜਤ ਸਤ ਦੇ ਲਾਭ ਤੇ ਬ੍ਰਹਮਚਾਰਜ ਦੇ ਪ੍ਰਤਾਪ ਦਾ ਧਿਆਨ ਧਰੋ। ਜੇਕਰ ਲੋਭ ਦਾ ਖਿਆਲ ਆਵੇ ਤਾਂ ਦਾਨ ਦਾ, ਪਰਉਪਕਾਰ ਦਾ ਧਿਆਨ ਧਰੋ।

ਪਾਪ ਕੇਵਲ ਖ਼ਿਆਲ ਦੇ ਰਸਤੇ ਸਾਡੇ ਉਤੇ ਹਮਲਾ ਕਰ ਸਕਦਾ ਹੈ। ਕੋਈ ਪਾਪ ਨਹੀਂ ਜਿਸਦੇ ਕਰਨ ਤੋਂ ਪਹਿਲੇ ਉਸ ਦਾ ਖ਼ਿਆਲ ਨਾ ਆਵੇ। ਖ਼ੂਨ ਕਰਨ ਤੋਂ ਪਹਿਲੇ ਦੁਸ਼ਮਨ ਦਾ ਅਤੇ ਉਸ ਨੂੰ ਮਾਰ ਸੁਟਣ ਦਾ ਖ਼ਿਆਲ ਆਉਂਦਾ ਹੈ ਜੇਕਰ ਉਸੇ ਵਕਤ ਦਇਆ ਦਾ, ਖਿਮਾਂ ਦਾ ਖਿਆਲ ਲੈ ਆਈਏ ਤਾਂ ਖ਼ੂਨ ਕਰਨ ਦਾ ਖਿਆਲ ਰੁਕ ਜਾਂਦਾ ਹੈ।

ਪਾਪ ਤੇ ਜਿਤ ਪਾਣ ਦਾ ਦੂਸਰਾ ਤਰੀਕਾ —

ਜਦ ਪਾਪ ਦਾ ਖ਼ਿਆਲ ਆਵੇ ਉਸ ਵਕਤ ਸੁਰਤ ਨੂੰ ਨਾਮ ਜਪਣ ਵਿਚ ਪਾ ਦੇਣਾ ਹੈ। ਕੋਈ ਐਸਾ ਖ਼ਿਆਲ ਨਹੀਂ ਜਿਸ ਤੋਂ ਨਾਮ ਦੇ ਜਪਣ ਨਾਲ ਛੁਟਕਾਰਾ ਪਾਇਆ ਨਾ ਜਾ ਸਕੇ। ਇਕੋ ਵੇਲੇ ਸਾਡੇ ਮਨ ਵਿਚ ਇਕੋ ਖ਼ਿਆਲ ਹੀ ਰਹਿ ਸਕਦਾ ਹੈ, ਦੋ ਖ਼ਿਆਲ ਨਹੀਂ ਰਹਿ ਸਕਦੇ। ਇਸ ਵਾਸਤੇ ਹਰ ਮਾੜਾ ਖ਼ਿਆਲ, ਸੁਰਤ ਨੂੰ ਨਾਮ ਵਿਚ ਪਾਉਣ ਨਾਲ ਖ਼ਤਮ ਹੋ ਜਾਂਦਾ ਹੈ। ਇਸੇ ਲਈ ਨਾਮ ਨੂੰ ਸਰਬ ਰੋਗਾਂ ਦਾ ਇਲਾਜ ਕਿਹਾ ਗਿਆ ਹੈ।

ਹਰ ਪਾਪ ਦਾ ਉਲਟ ਨਾਮ ਹੈ। ਨਾਮ ਵਿਚ ਰੱਤੀ ਸੁਰਤ ਸਰਬ ਪਰਕਾਰ ਦੇ ਮਾੜੇ ਖ਼ਿਆਲਾਂ ਤੋਂ ਉਚੀ ਹੋ ਜਾਂਦੀ ਹੈ, ਜਿਥੇ ਪਾਪ ਦਾ ਖ਼ਿਆਲ ਪਹੁੰਚ ਹੀ ਨਹੀਂ ਸਕਦਾ। ਜਿਥੇ ਪਾਪ ਦਾ ਖ਼ਿਆਲ ਨਹੀਂ ਉਥੇ ਪਾਪ ਨਹੀਂ, ਜਿਥੇ ਪਾਪ ਨਹੀਂ ਉਥੇ ਪਾਪ ਦੀ ਸਜ਼ਾ ਨਹੀਂ।

ਸਰਬ ਰੋਗ ਕਾ ਅਉਖਦੁ ਨਾਮੁ।

□ □ □

ਖੁਰਾਕ

ਅਸੀਂ ਆਪਣੀ ਖੁਰਾਕ ਦਾ ਬੜਾ ਖ਼ਿਆਲ ਰਖਦੇ ਹਾਂ ਕਿ ਉਹ ਪਵਿਤਰ, ਸਾਫ ਤੇ ਸੁਥਰੀ ਹੋਵੇ। ਆਪਣੇ ਸਰੀਰ ਲਈ ਖੁਰਾਕ ਪਰਾਪਤ ਕਰਨਾ ਸਾਡੇ ਜੀਵਨ ਦਾ ਵਡਾ ਮਨੋਰਥ ਹੈ। ਸਾਡੇ ਘਰਾਂ ਵਿਚ ਔਰਤਾਂ ਆਮ ਕਰਕੇ ਆਪਣਾ ਬਹੁਤਾ ਵਕਤ ਖਾਣਾ ਪਕਾਣ ਤੇ ਭੋਜਨ ਤਿਆਰ ਕਰਨ ਵਿਚ ਖਰਚ ਕਰਦੀਆਂ ਹਨ। ਖੁਰਾਕ ਇਨਸਾਨੀ ਜੀਵਨ ਦੇ ਰੁਝੇਵਿਆਂ ਵਿਚੋਂ ਇਕ ਵਡਾ ਰੁਝੇਵਾਂ ਸਮਝਿਆ ਜਾਂਦਾ ਹੈ। ਸਾਡੇ ਦੇਸ਼ ਦੀ ਗੌਰਮਿੰਟ ਜਨਤਾ ਲਈ ਖੁਰਾਕ ਪੈਦਾ ਕਰਨਾ ਆਪਣੇ ਫ਼ਰਜ਼ਾਂ ਵਿਚੋਂ ਸਭ ਤੋਂ ਵਡਾ ਤੇ ਪਹਿਲਾ ਫਰਜ਼ ਸਮਝਦੀ ਹੈ।

ਇਹ ਖੁਰਾਕ ਜਿਸ ਦੀ ਪ੍ਰਾਪਤੀ ਤੇ ਤਿਆਰੀ ਵਲ ਇਨਸਾਨ ਇਤਨਾ ਧਿਆਨ ਦਿੰਦਾ ਹੈ, ਕੇਵਲ ਉਸ ਦੇ ਸਰੀਰ ਨੂੰ ਕਾਇਮ ਰਖਦੀ ਹੈ ਪਰ ਅਜ ਅਸੀਂ ਵਿਚਾਰਨਾ ਹੈ ਕਿ ਕੀ ਇਨਸਾਨ ਨਿਰਾ ਸਰੀਰ ਹੀ ਹੈ ਜਾਂ ਸਰੀਰ ਤੋਂ ਵਖਰਾ ਹੋਰ ਵੀ ਕੁਝ ਹੈ?

ਜਦ ਇਨਸਾਨ ਦੇ ਸਰੀਰ ਵਲ ਦੇਖੀਏ ਤਾ ਪਤਾ ਲਗੇਗਾ ਕਿ ਇਹ ਤਾਂ ਆਪਣੇ ਆਪ ਨਾ ਕੁਝ ਕਰਦਾ ਹੈ ਤੇ ਨਾ ਕੁਝ ਕਰ ਸਕਦਾ ਹੈ। ਇਸ ਨੂੰ ਜਿਵੇਂ ਅੰਦਰੋਂ ਹੁਕਮ ਦਿਤਾ ਜਾਵੇ ਇਹ ਬਾਹਰੋਂ ਉਸੇ ਤਰ੍ਹਾਂ ਕਰਦਾ ਹੈ। ਇਸ ਨੂੰ ਅੰਦਰੋਂ ਹੁਕਮ ਆਵੇ ਤਾਂ ਇਹ ਤੁਰਦਾ ਫਿਰਦਾ ਹੈ, ਇਹਨੂੰ ਅੰਦਰੋਂ ਹੁਕਮ ਮਿਲੇ ਤਾਂ ਇਹ ਬੈਠ ਜਾਂਦਾ ਹੈ, ਅਤੇ ਜੇ ਅੰਦਰੋਂ ਹੁਕਮ ਮਿਲੇ ਤਾਂ ਲੇਟ ਜਾਂਦਾ ਹੈ। ਜਿਵੇਂ ਜਿਵੇਂ ਅੰਦਰੋਂ ਆਖਿਆ ਜਾਵੇ ਇਨਸਾਨ ਦਾ ਸਰੀਰ ਓਵੇਂ ਹੀ ਕਰਦਾ ਹੈ। ਦੂਸਰੇ ਅੱਖਰਾਂ ਵਿਚ ਇਨਸਾਨ ਦਾ ਸਰੀਰ ਕੇਵਲ ਇਕ ਨੌਕਰ ਹੈ ਅਤੇ ਇਸ ਨੂੰ ਜਿਵੇਂ ਅੰਦਰੋਂ ਹੁਕਮ ਮਿਲੇ ਉਸੇ ਤਰ੍ਹਾਂ ਕਰਦਾ ਹੈ। ਇਹ ਅੰਦਰੋਂ ਹੁਕਮ ਦੇਣ ਵਾਲਾ ਕੌਣ ਹੈ? ਸਰੀਰ ਨੂੰ ਖ਼ਿਆਲ ਹੁਕਮ

ਦੇਂਦੇ ਹਨ ਪਰ ਖ਼ਿਆਲਾਂ ਨੂੰ ਕੌਣ ਉਪਜਾਂਦਾ ਹੈ ? ਖ਼ਿਆਲਾਂ ਨੂੰ ਪੈਦਾ ਕਰਨ ਵਾਲੇ ਅਤੇ ਸਰੀਰ ਤਕ ਭੇਜਣ ਵਾਲੇ ਨੂੰ ਇਨਸਾਨ ਦਾ 'ਮਨ' ਆਖਦੇ ਹਨ।

ਵਿਚਾਰ ਤੋਂ ਪਤਾ ਲਗੇਗਾ ਕਿ ਇਨਸਾਨ ਦਾ ਸਰੀਰ ਇਨਸਾਨ ਦੇ ਮਨ ਦਾ ਨੌਕਰ ਹੁੰਦਾ ਹੈ। ਜੋ ਮਨ ਆਖੇ ਸਰੀਰ ਉਸੇ ਤਰ੍ਹਾਂ ਕਰਦਾ ਹੈ! ਮਨ ਦੇ ਹੁਕਮ ਉਤੇ ਸਰੀਰ ਦਿਨ ਰਾਤ ਨਚਦਾ ਹੈ, ਤੁਰਦਾ ਫਿਰਦਾ, ਖਾਂਦਾ ਪੀਂਦਾ ਤੇ ਸੌਂਦਾ ਹੈ। ਇਨਸਾਨ ਦੇ ਜੀਵਨ ਵਿਚ ਇਨਸਾਨ ਦੇ ਮਨ ਦੀ ਮਹੱਤਤਾ ਸਰੀਰ ਨਾਲੋਂ ਕਿਤੇ ਵਧ ਕੇ ਹੈ। ਇਨਸਾਨ ਨੇ ਜੋ ਵੀ ਤਰੱਕੀ ਕੀਤੀ ਹੈ ਉਹ ਆਪਣੇ ਮਨ ਦੇ ਜ਼ਰੀਏ ਕੀਤੀ ਹੈ। ਰੇਲਾਂ ਦਾ, ਮੋਟਰਾਂ ਦਾ, ਹਵਾਈ ਜਹਾਜ਼ਾਂ ਦਾ ਚਲਨਾ ਇਨਸਾਨ ਦੇ ਮਨ ਦਾ ਕ੍ਰਿਸ਼ਮਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਇਨਸਾਨ ਦਾ ਸਰੀਰ ਉਸ ਦੇ ਮਨ ਦਾ ਨੌਕਰ ਹੈ ਅਤੇ ਇਨਸਾਨ ਦਾ 'ਮਨ' ਹੀ ਉਸ ਦੀ ਦੁਨੀਆਂ ਬਣਾਂਦਾ ਤੇ ਸੰਵਾਰਦਾ ਜਾਂ ਵਿਗਾੜਦਾ ਹੈ। ਆਪਣੇ 'ਮਨ' ਦਾ ਵੀ ਉਤਨਾ ਧਿਆਨ ਰਖਦਾ ਹੈ ਜਿਤਨਾ ਕਿ ਆਪਣੇ ਸਰੀਰ ਦਾ ? ਕੀ ਇਨਸਾਨ 'ਮਨ' ਨੂੰ ਵੀ ਉਤਨਾ ਉਚੇਚ ਤੇ ਖੇਚਲ ਕਰਕੇ ਪਾਲਦਾ ਹੈ ਜਿਤਨਾ ਕਿ ਆਪਣੇ ਸਰੀਰ ਨੂੰ ?

ਬਹੁਤੇ ਮਿਤਰਾਂ ਨੂੰ ਪਤਾ ਨਹੀਂ ਕਿ ਮਨ ਵੀ ਪਾਲਿਆ ਜਾ ਸਕਦਾ ਹੈ। ਇਹ ਵੀ ਬੱਚਾ ਹੁੰਦਾ ਹੈ, ਫੇਰ ਜਵਾਨ ਹੁੰਦਾ ਹੈ ਅਤੇ ਅੰਤ ਵਿਚ ਵਾਹਿਗੁਰੂ ਜੀ ਦੀ 'ਜੋਤ' ਬਣ ਜਾਂਦਾ ਹੈ। ਮਨ ਨੂੰ ਸਰੀਰ ਦੀ ਤਰ੍ਹਾਂ ਭੁਖ ਲਗਦੀ ਹੈ ਅਤੇ ਮਨ ਵੀ ਖ਼ੁਰਾਕ ਖਾਂਦਾ ਹੈ ਅਤੇ ਸਰੀਰ ਵਾਂਗ ਜੇ ਮਨ ਨੂੰ ਪਵਿਤ੍ਰ, ਸਾਫ ਤੇ ਸੁਥਰੀ ਖ਼ੁਰਾਕ ਮਿਲੇ ਤਾਂ ਬਲਵਾਨ ਹੋ ਜਾਂਦਾ ਹੈ ਅਤੇ ਜੇ ਨਾ ਮਿਲੇ ਤਾਂ ਬੀਮਾਰ ਤੇ ਰੋਗੀ ਹੋ ਜਾਂਦਾ ਹੈ।

ਮਨ ਦੀ ਖ਼ੁਰਾਕ 'ਖ਼ਿਆਲ' (Ideas) ਹੁੰਦੇ ਹਨ। ਜੈਸੇ ਖ਼ਿਆਲ ਮਨ ਨੂੰ ਦਿਤੇ ਜਾਣ ਇਹ ਉਹੋ ਜਿਹਾ ਬਣ ਜਾਂਦਾ ਹੈ। ਜਿਤਨੇ ਅਛੇ ਖ਼ਿਆਲ ਮਨ ਦੇ ਸਾਹਮਣੇ ਰਖੇ ਜਾਣ ਉਤਨਾ ਹੀ ਇਹ ਅੱਛਾ ਅਤੇ ਬੁਰੇ ਖ਼ਿਆਲਾਂ ਨਾਲ ਬੁਰਾ ਬਣ ਜਾਂਦਾ ਹੈ। ਪਿਆਰ, ਤਰਸ, ਹਮਦਰਦੀ, ਉਪਕਾਰ, ਗਿਆਨ ਦੇ ਖ਼ਿਆਲ ਜੇਕਰ ਮਨ ਨੂੰ ਰੋਜ਼ ਮਿਲਣ ਤਾਂ ਇਹ ਬਲਵਾਨ ਹੁੰਦਾ ਹੈ ਤੇ ਵਧਦਾ ਫੁਲਦਾ ਹੈ ਅਤੇ ਜੇਕਰ ਖ਼ੁਦਗਰਜ਼ੀ, ਨਫ਼ਰਤ, ਕਾਮ, ਕਰੋਧ ਅਤੇ

ਅਗਿਆਨਤਾ ਦੇ ਖ਼ਿਆਲ ਮਨ ਨੂੰ ਰੋਜ਼ ਦਿਤੇ ਜਾਣ ਤਾਂ ਮਨ ਕਮਜ਼ੋਰ ਤੇ ਰੋਗੀ ਹੋ ਜਾਂਦਾ ਹੈ। ਗੁਰਬਾਣੀ ਵਿਚ ਮਨ ਸੰਬੰਧੀ ਲਿਖਿਆ ਹੈ ਕਿ ਮਨ 'ਜੈਸਾ ਸੇਵੈ ਤੈਸਾ ਹੋਵੈ' ਜੈਸੇ ਖ਼ਿਆਲ ਮਨ ਨੂੰ ਦਿਤੇ ਜਾਣ, ਮਨ ਆਪ ਐਸਾ ਹੀ ਹੋ ਜਾਂਦਾ ਹੈ।

ਜਿਵੇਂ ਮਾੜੀ ਤੇ ਅਪਵਿਤਰ ਖ਼ੁਰਾਕ ਸਰੀਰ ਵਿਚ ਰੋਗ ਪੈਦਾ ਕਰਦੀ ਅਤੇ ਚੰਗੀ ਤੇ ਪਵਿਤਰ ਖ਼ੁਰਾਕ ਸਰੀਰ ਨੂੰ ਬਲਵਾਨ ਤੇ ਅਰੋਗ ਬਣਾਂਦੀ ਹੈ ਉਸੇ ਤਰ੍ਹਾਂ ਚੰਗੇ, ਨੇਕ ਤੇ ਗਿਆਨ ਦੇ ਖ਼ਿਆਲਾਂ ਦੀ ਖ਼ੁਰਾਕ ਮਨ ਨੂੰ ਅਰੋਗ ਤੇ ਬਲਵਾਨ, ਨਿਰਭਉ ਤੇ ਨਿਰਵੈਰ ਬਣਾਂਦੀ ਹੈ ਤੇ ਮਾੜੇ ਖ਼ਿਆਲਾਂ ਦੀ ਖ਼ੁਰਾਕ ਮਨ ਨੂੰ ਰੋਗੀ, ਕਮਜ਼ੋਰ ਤੇ ਅਗਿਆਨੀ ਬਣਾਂਦੀ ਹੈ।

ਇਨਸਾਨ ਦਾ ਮਨ ਇਨਸਾਨ ਦੇ ਸਰੀਰ ਨਾਲੋਂ ਬਹੁਤ ਜ਼ਰੂਰੀ ਤੇ ਕੀਮਤੀ ਹੁੰਦਾ ਹੈ ਪਰ ਆਮ ਇਨਸਾਨ ਸਾਰੀ ਉਮਰ ਆਪਣੇ ਸਰੀਰ ਨੂੰ ਹੀ ਪਾਲਦੇ ਰਹਿੰਦੇ ਹਨ ਅਤੇ ਮਨ ਨੂੰ ਭੁਖਾ ਮਾਰਦੇ ਹਨ। ਮਨ ਨੂੰ ਚੰਗੇ ਖ਼ਿਆਲਾਂ ਦੀ ਰੋਜ਼ ਖ਼ੁਰਾਕ ਨਾ ਦੇਣੀ, ਮਨ ਨੂੰ ਭੁਖਾ ਮਾਰਨਾ ਅਤੇ ਕਮਜ਼ੋਰ ਕਰਨਾ ਹੈ।

ਸਿਖ ਕੌਮ ਬੜੇ ਭਾਗਾਂ ਵਾਲੀ ਕੌਮ ਹੈ। ਇਸ ਕੌਮ ਅੰਦਰ ਆਪਣੀ ਜ਼ਬਾਨ ਵਿਚ, ਰੋਜ਼ਾਨਾ ਬੋਲੀ ਜਾਣ-ਵਾਲੀ ਜ਼ਬਾਨ ਵਿਚ, ਧਰਮ ਗਰੰਥ ਲਿਖਿਆ ਹੋਇਆ ਹੈ। ਇਹ ਸਹੂਲੀਅਤ ਹੋਰ ਕਿਸੇ ਮਜ਼ਬ ਵਿਚ ਨਹੀਂ। ਹੋਰ ਧਰਮਾਂ ਵਿਚ ਧਰਮ ਗਰੰਥ ਕਿਸੇ ਹੋਰ ਜ਼ਬਾਨ ਵਿਚ ਹੁੰਦੇ ਹਨ ਅਤੇ ਰੋਜ਼ਾਨਾ ਬੋਲੀ ਜਾਣ ਵਾਲੀ ਜ਼ਬਾਨ ਹੋਰ ਹੁੰਦੀ ਹੈ, ਇਸ ਕਰਕੇ ਸਿਖਾਂ ਲਈ ਗੁਰਬਾਣੀ ਦਾ ਰੋਜ਼ ਸਮਝ ਸਮਝ ਕੇ ਪਾਠ ਕਰਨਾ ਆਪਣੇ ਮਨ ਨੂੰ ਮਹਾਂ ਪਵਿਤ੍ਰ, ਸਾਫ ਸੁਥਰੀ ਅਤੇ ਗਿਆਨ ਦੇਣ ਵਾਲੀ ਖ਼ੁਰਾਕ ਹੈ। ਸੁਖਮਨੀ ਸਾਹਿਬ ਦਾ ਰੋਜ਼ਾਨਾ ਪਾਠ ਮਨ ਨੂੰ ਸ਼ਾਂਤ, ਨਿਰਮਲ, ਨਿਰਭੈ, ਅਤੇ ਗਿਆਨਵਾਨ ਬਣਾ ਸਕਦਾ ਹੈ। ਜਿਉਂ ਜਿਉਂ ਸਿਖਾਂ ਵਿਚ ਗੁਰਬਾਣੀ ਨੂੰ ਹੌਲੀ ਹੌਲੀ ਸਮਝ ਸਮਝ ਕੇ ਪੜ੍ਹਨ ਦਾ ਰਵਾਜ ਵਧੇਗਾ ਤਿਉਂ ਤਿਉਂ ਸਿਖ ਕੌਮ ਦਾ 'ਮਨ' ਪਵਿਤਰ, 'ਸ਼ਾਂਤ' ਨਿਰਭੈ ਤੇ ਨਿਰਵੈਰ ਹੋਵੇਗਾ। ਇਸ ਲਈ ਸਿੱਖਾਂ ਨੂੰ ਆਪਣੀ ਸਰੀਰਕ ਖ਼ੁਰਾਕ (ਦੁਧ, ਘਿਓ, ਫਲ, ਸਬਜ਼ੀਆਂ, ਔਿਡਿਆਂ) ਨਾਲੋਂ ਆਪਣੇ ਮਨ ਦੀ ਖ਼ੁਰਾਕ ਦਾ ਵਧੇਰੇ ਖ਼ਿਆਲ ਰਖਣਾ ਚਾਹੀਦਾ ਹੈ ਕਿਉਂਕਿ ਕਮਜ਼ੋਰ ਤੇ ਅਗਿਆਨੀ 'ਮਨ' ਦਾ ਸਰੀਰ ਭਾਵੇਂ ਕਿਤਨਾ ਅਰੋਗ ਤੇ ਸ਼ਕਤੀਵਾਨ

ਹੋਵੇ, ਉਹ ਮਨ ਦੇ ਅਧੀਨ ਹੋਣ ਕਰਕੇ, ਸਦਾ ਮਾੜੇ ਤੇ ਭੈੜੇ ਕੰਮ ਹੀ ਕਰੇਗਾ।

ਸਵਾਲ ਪੈਦਾ ਹੁੰਦਾ ਹੈ ਕਿ ਇਨਸਾਨ 'ਸਰੀਰ ਤੇ ਮਨ' ਨੂੰ ਹੀ ਕਹਿੰਦੇ ਹਨ ਜਾਂ ਇਨਸਾਨ ਆਪ 'ਸਰੀਰ ਤੇ ਮਨ' ਤੋਂ ਵਖਰਾ ਹੈ ? ਸਰੀਰ ਇਨਸਾਨ ਦਾ ਸਭ ਤੋਂ ਘਟੀਆ ਹਿਸਾ ਹੈ, ਸਰੀਰ ਨਾਲੋਂ ਵਧੇਰੇ ਕੀਮਤੀ ਤੇ ਜ਼ਰੂਰੀ ਹਿਸਾ ਇਨਸਾਨ ਦਾ ਮਨ ਹੈ, ਪਰ ਸਭ ਤੋਂ ਜ਼ਰੂਰੀ ਅਤੇ ਕੀਮਤੀ ਹਿੱਸਾ ਇਨਸਾਨ ਦੀ ਆਤਮਾ ਜਾਂ ਆਪਾ (Self) ਹੈ।

ਜਿਥੇ ਸਰੀਰ ਦੀ ਖ਼ੁਰਾਕ ਦਹੀਂ, ਦੁਧ, ਕਣਕ, ਸਬਜ਼ੀਆਂ ਅਤੇ ਅੰਡੇ ਆਦਿ ਹਨ ਅਤੇ ਮਨ ਦੀ ਖ਼ੁਰਾਕ ਸ਼ੁਭ ਤੇ ਨੇਕ ਖ਼ਿਆਲ ਹਨ, ਉਥੇ ਆਤਮਾ ਜਾਂ 'ਆਪੇ' ਦੀ ਖ਼ੁਰਾਕ 'ਇਕਾਗਰਤਾ' ਹੈ। ਇਕਾਗਰਤਾ 'ਨਾਮ' ਕਮਾਈ ਤੋਂ ਉਤਪੰਨ ਹੁੰਦੀ ਹੈ ਇਸ ਲਈ ਆਤਮਾ ਦੀ ਖ਼ੁਰਾਕ 'ਨਾਮ' ਹੈ।

ਸਿਖ ਜੀਵਨ ਦੇ ਰੋਜ਼ਾਨਾ ਪ੍ਰੋਗਰਾਮ ਵਿਚ ਸਭ ਤੋਂ ਵਧ ਵਿਸ਼ੇਸ਼ਤਾ 'ਨਾਮ' ਜਪ ਕੇ ਆਤਮਾ ਨੂੰ ਖ਼ੁਰਾਕ ਪੁਚਾਣ ਉਤੇ ਅਤੇ ਮਨ ਨੂੰ ਗੁਰਬਾਣੀ ਦੇ ਸ਼ੁਭ ਉਚੇ ਤੇ ਸੁਚੇ ਖ਼ਿਆਲਾਂ, ਦੀ ਖ਼ੁਰਾਕ ਦੇਣ ਉਤੇ ਬੜਾ ਜ਼ੋਰ ਹੈ। ਗੁਰਬਾਣੀ ਅਨੁਸਾਰ ਜੇਕਰ ਸਿਖ, ਨਾਮ ਅਭਿਆਸੀ ਅਤੇ ਗੁਰਬਾਣੀ ਨੂੰ ਵਿਚਾਰ ਕੇ ਆਪਣੇ ਰੋਜ਼ਾਨਾ ਅਮਲ ਵਿਚ ਲਿਆਵਣ ਵਾਲਾ ਹੈ, ਉਹ ਮਾਮੂਲੀ ਖ਼ੁਰਾਕ ਨਾਲ ਹੀ ਆਪਣਾ ਸਰੀਰ ਅਰੋਗ ਅਤੇ ਸੇਹਤ ਵਾਲਾ ਰਖ ਸਕਦਾ ਹੈ। ਗੁਰਬਾਣੀ ਵਿਚ ਸਰੀਰ ਦੀ ਖ਼ੁਰਾਕ ਉਤੇ ਜ਼ੋਰ ਨਹੀਂ ਸਗੋਂ ਸਰੀਰ ਤੋਂ ਕੰਮ ਕਰਵਾਣ ਵਾਲੇ 'ਮਨ' ਅਤੇ ਮਨ ਦੇ ਸੋਮੇ ਆਤਮਾ ਉਤੇ ਬੜਾ ਜ਼ੋਰ ਹੈ।

ਗੁਰਬਾਣੀ ਦਾ ਇਹ ਸ਼ਬਦ ਹਰ ਗੁਰਸਿਖ ਨੂੰ ਬੜੇ ਧਿਆਨ ਨਾਲ ਵਿਚਾਰਨਾ ਅਤੇ ਇਸ ਸ਼ਬਦ ਅਨੁਸਾਰ ਆਪਣਾ ਰੋਜ਼ਾਨਾ ਪ੍ਰੋਗਰਾਮ ਬਨਾਣਾ ਚਾਹੀਦਾ ਹੈ। ਇਸ ਸ਼ਬਦ ਵਿਚ ਸਰੀਰ ਦੀ ਖ਼ੁਰਾਕ ਦਾ ਇਸ ਲਈ ਜ਼ਿਕਰ ਨਹੀਂ ਕਿਉਂਕਿ ਸਰੀਰ ਨੂੰ ਪਾਲਣ ਉਤੇ ਇਨਸਾਨ ਅਗੇ ਹੀ ਆਪਣਾ ਬਹੁਤ ਧਿਆਨ ਅਤੇ ਵਕਤ ਖਰਚ ਕਰ ਰਿਹਾ ਹੈ ਅਤੇ ਕਰਦਾ ਰਹੇਗਾ। ਇਨਸਾਨ ਨੂੰ ਆਪਣੇ ਸਰੀਰ ਨਾਲੋਂ ਵਧੇਰੇ ਜ਼ਰੂਰੀ ਹਿਸਿਆਂ 'ਮਨ ਤੇ ਆਤਮਾ' ਵਲ ਵਧੇਰੇ ਧਿਆਨ ਤੇ ਸਮਾਂ ਦੇਣ ਦੀ ਲੋੜ ਹੈ।

ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ।

ਗਉੜੀ ਕੀ ਵਾਰ ਮਹਲਾ ੪

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।

ਸਰਬ ਵਿਆਪਕ ਦੀ ਸ਼ਕਤੀਮਾਨਤਾ

ਆਸਾ ਮਹਲਾ ੫

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ।
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ।
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ।
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।
ਮਹਾ ਅਨੰਦ ਅਚਿੰਤ ਸਹਜਾਇਆ।
ਦੁਸਮਨ ਦੂਤ ਮੁਏ ਸੁਖ ਪਾਇਆ। ਰਹਾਉ।
ਸਤਿਗੁਰਿ ਮੋ ਕਉ ਦੀਆ ਉਪਦੇਸੁ।
ਜੀਉ ਪਿੰਡੁ ਸਭੁ ਹਰਿ ਕਾ ਦੇਸੁ।
ਜੋ ਕਿਛੁ ਕਰੀ ਸੁ ਤੇਰੀ ਤਾਣੁ।
ਤੂੰ ਮੇਰੀ ਓਟ ਤੂੰਹੈ ਦੀਬਾਣੁ।
ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ।
ਆਨ ਨ ਬੀਆ ਤੇਰੀ ਸਮਸਰਿ।
ਤੇਰੇ ਸੇਵਕ ਕਉ ਕਿਸ ਕੀ ਕਾਣਿ।
ਸਾਕਤੁ ਭੂਲਾ ਫਿਰੈ ਬੇਬਾਣਿ।
ਤੇਰੀ ਵਡਿਆਈ ਕਹੀ ਨ ਜਾਇ।
ਜਹ ਕਹ ਰਾਖਿ ਲੈਹਿ ਗਲ ਲਾਇ।
ਨਾਨਕ ਦਾਸ ਤੇਰੀ ਸਰਣਾਈ
ਪ੍ਰਭਿ ਰਾਖੀ ਪੈਜ ਵਜੀ ਵਾਧਾਈ।

ਇਹ ਇਕ ਇਤਿਹਾਸਕ ਸ਼ਬਦ ਹੈ ਜੋ ਗੁਰੂ ਅਰਜਨ ਦੇਵ ਜੀ ਨੇ ਉਸ ਵਕਤ ਉਚਾਰਿਆ ਜਦ ਕਿ ਸੁਲਹੀ ਖਾਨ ਫੌਜ ਲੈ ਕੇ ਅੰਮ੍ਰਿਤਸਰ

ਉਤੇ ਚੜ੍ਹਾਈ ਕਰਦਾ ਅਤੇ ਸ਼ਹਿਰ ਨੂੰ ਸਾਰੀ ਵਸੋਂ ਸਮੇਤ ਤਬਾਹ ਕਰਨ ਦੇ ਡਰਾਵੇ ਦਿੰਦਾ ਤੂਫਾਨ ਦੀ ਤਰ੍ਹਾਂ ਕੜਕਦਾ ਵਧਦਾ ਆ ਰਿਹਾ ਸੀ। ਅੰਮ੍ਰਿਤਸਰ ਸ਼ਹਿਰ ਦੇ ਸਭ ਵਾਸੀ ਭੈਭੀਤ ਸਨ। ਗੁਰੂ ਅਰਜਨ ਸਾਹਿਬ ਦੇ ਆਲੇ ਦੁਆਲੇ ਬੜੇ ਬੜੇ ਨਾਮ ਅਭਿਆਸੀ ਗੁਰਸਿਖ ਕਿਸੇ ਬੜੀ ਡੂੰਘੀ ਵਿਚਾਰ ਵਿਚ ਬੈਠੇ ਹੋਏ ਸਨ। ਗੁਰੂ ਸਾਹਿਬ ਸ਼ਾਂਤੀ, ਨਿਰਵੈਰਤਾ ਦਾ ਅਵਤਾਰ, ਸਹਿਜ ਸਮਾਧ ਵਿਚ ਹੱਥ ਜੋੜੀ ਕਿਸੇ ਇਲਾਹੀ ਟਿਕਾਓ ਵਿਚ ਬਿਰਾਜਮਾਨ ਸਨ। ਇਕ ਸਿੱਖ ਹੱਥ ਜੋੜ ਕੇ ਬੋਲਿਆ, 'ਮਹਾਰਾਜ ਸੁਣਿਆ ਹੈ, ਪ੍ਰਿਥੀ ਚੰਦ ਦਾ ਭੜਕਾਇਆ ਹੋਇਆ ਸੁਲਹੀ ਖਾਨ ਬੜੀ ਫੌਜ ਲੈ ਕੇ ਅੰਮ੍ਰਿਤਸਰ ਤੋਂ ਦਸ ਬਾਰਾਂ ਮੀਲ ਤੇ ਆਨ ਪਹੁੰਚਿਆ ਹੈ। ਇਸ ਨੇ ਆ ਕੇ ਅੰਮ੍ਰਿਤਸਰ ਨੂੰ ਲੁਟਣਾ ਅਤੇ ਤਬਾਹ ਕਰਨਾ ਹੈ। ਐਸੇ ਨਾਜ਼ੁਕ ਸਮੇਂ ਸਾਨੂੰ ਵੀ ਕੁਛ ਉਪਰਾਲਾ ਕਰਨਾ ਚਾਹੀਦਾ ਹੈ। ਸਾਨੂੰ ਕੋਈ ਚਿੱਠੀ ਭੇਜਣੀ ਚਾਹੀਦੀ ਹੈ। ਜਿਸ ਨਾਲ ਉਸ ਦੇ ਦਿਲ ਅੰਦਰ ਪ੍ਰਿਥੀ ਚੰਦ ਵਲੋਂ ਸਾਡੇ ਖਿਲਾਫ਼ ਪੈਦਾ ਸ਼ਕ ਸ਼ੁਭੇ ਦੂਰ ਹੋ ਜਾਣ ਅਤੇ ਉਸ ਨੂੰ ਯਕੀਨ ਆ ਜਾਵੇ ਕਿ ਪ੍ਰਿਥੀ ਚੰਦ ਦੀਆਂ ਲਾਈਆਂ ਤੋਹਮਤਾਂ ਝੂਠੀਆਂ ਹਨ, ਅਸੀਂ ਅਮਨ ਪਸੰਦ ਅਤੇ ਕਿਸੇ ਨਾਲ ਵੈਰ ਵਿਰੋਧ ਨਾ ਰਖਣ ਵਾਲੇ ਸ਼ਹਿਰੀ ਹਾਂ, ਸਾਡੇ ਖਿਲਾਫ਼ ਜੋ ਪ੍ਰਿਥੀ ਚੰਦ ਨੇ ਸਿਖਾਇਆ ਹੈ ਉਹ ਬਿਲਕੁਲ ਝੂਠ ਹੈ। ਐਸਾ ਕਰਨ ਨਾਲ ਹੋ ਸਕਦਾ ਹੈ ਕਿ ਸੁਲਹੀ ਖਾਨ ਅੰਮ੍ਰਿਤਸਰ ਤੇ ਹਮਲਾ ਨਾ ਕਰੇ ਅਤੇ ਸਾਰੇ ਮਾਮਲੇ ਦੀ ਚੰਗੀ ਤਰ੍ਹਾਂ ਪੜਤਾਲ ਕਰਨ ਲਈ ਰਾਜ਼ੀ ਹੋ ਜਾਵੇ।' ਸਾਰਿਆਂ ਨੇ ਇਹ ਗੱਲ ਸੁਣੀ ਪਰ ਗੁਰੂ ਜੀ ਕੁਝ ਨਾ ਬੋਲੇ। ਫਿਰ ਚੁਪ ਅਤੇ ਖਾਮੋਸ਼ੀ ਛਾ ਗਈ। ਇਤਨੇ ਵਿਚ ਇਕ ਹੋਰ ਗੁਰਸਿਖ ਨੇ ਹੱਥ ਜੋੜ ਕੇ ਆਖਿਆ, "ਮਹਾਰਾਜ ਇਹ ਕੰਮ ਤਾਂ ਸਾਨੂੰ ਕੁਝ ਚਿਰ ਪਹਿਲੋਂ ਕਰਨਾ ਚਾਹੀਦਾ ਸੀ, ਹੁਣ ਚਿੱਠੀ ਪਤਰ ਘਲਣ ਦਾ ਵੇਲਾ ਨਹੀਂ ਰਿਹਾ। ਹੁਣ ਤਾਂ ਕੁਝ ਸਿਆਣੇ ਸਿਖਾਂ ਨੂੰ ਭੇਜਣਾ ਚਾਹੀਦਾ ਹੈ, ਜੋ ਸੁਲਹੀ ਖਾਨ ਪਾਸ ਜਾ ਕੇ ਸਾਰੀ ਗਲ ਸਮਝਾਉਣ ਅਤੇ ਅੰਮ੍ਰਿਤਸਰ ਤੇ ਹਮਲਾ ਕਰਨ ਤੋਂ ਉਸ ਨੂੰ ਰੋਕਣ।' ਇਸ ਗਲ ਨੂੰ ਸੁਣ ਕੇ ਜਦ ਫਿਰ ਗੁਰੂ ਸਾਹਿਬ ਕੁਝ ਨਾ ਬੋਲੇ ਤਾਂ ਸਭ ਫੇਰ ਚੁਪ ਹੋ ਗਏ। ਥੋੜੀ ਦੇਰ ਮਗਰੋਂ ਇਕ ਹੋਰ ਗੁਰਸਿਖ ਨੇ ਹੱਥ ਜੋੜ ਕੇ ਆਖਿਆ, 'ਮਹਾਰਾਜ ਏਹ ਚੁਪ ਕਰਕੇ ਬੈਠਣ ਦਾ ਸਮਾਂ ਨਹੀਂ ਸਾਨੂੰ ਕੁਝ ਉਦਮ ਉਪਰਾਲਾ ਜ਼ਰੂਰ ਅਤੇ ਜਲਦੀ ਕਰਨਾ ਚਾਹੀਦਾ ਹੈ। ਸੁਲਹੀ ਖਾਨ

ਦੀ ਫੌਜ ਅੰਮ੍ਰਿਤਸਰ ਤੋਂ ਕੇਵਲ ਇਕ ਪੜਾ ਦੇ ਫਾਸਲੇ ਤੇ ਆਨ ਪਹੁੰਚੀ ਹੈ, ਉਹ ਕਿਸੇ ਵੇਲੇ ਵੀ ਇਥੇ ਪਹੁੰਚ ਕੇ ਸ਼ਹਿਰ ਨੂੰ ਤਬਾਹ ਕਰ ਸਕਦਾ ਹੈ। ਆਪ ਕਿਰਪਾ ਕਰਕੇ ਸਾਨੂੰ ਕੁਝ ਤਾਂ ਦਸੋ ਕਿ ਇਸ ਖ਼ਤਰੇ ਵਿਚ ਸਾਨੂੰ ਕੀ ਕਰਨਾ ਚਾਹੀਦਾ ਹੈ ?' ਇਹ ਸੁਣ ਕੇ ਗੁਰੂ ਸਾਹਿਬ ਨੇ ਅੱਖਾਂ ਖੋਲ੍ਹੀਆਂ ਅਤੇ ਆਖਿਆ, ਗੁਰਸਿਖਾਂ ਨੇ ਜੋ ਕੁਝ ਆਖਿਆ ਹੈ ਅਸੀਂ ਸਭ ਕੁਝ ਸੁਣਿਆ ਹੈ। ਸਾਨੂੰ ਕਿਸੇ ਤਰ੍ਹਾਂ ਘਬਰਾਉਣ ਦੀ ਲੋੜ ਨਹੀਂ। ਵਾਹਿਗੁਰੂ ਜੀ ਸਰਬ ਵਿਆਪਕ ਹਨ। ਸਾਡੇ ਅੰਦਰ ਬਾਹਰ ਸਭ ਪਾਸੇ ਵਾਹਿਗੁਰੂ ਜੀ ਤੋਂ ਸਿਵਾ ਹੋਰ ਕੋਈ ਨਹੀਂ ਅਤੇ ਜਿਥੇ ਸੁਲਹੀ ਖਾਨ ਹੈ ਉਥੇ ਵੀ ਉਸ ਦੇ ਅੰਦਰ ਬਾਹਰ ਸਿਵਾਏ ਵਾਹਿਗੁਰੂ ਜੀ ਦੇ ਹੋਰ ਕੋਈ ਨਹੀਂ। ਸਾਰਾ ਦੇਸ਼ ਵਾਹਿਗੁਰੂ ਜੀ ਦਾ ਹੈ, ਸਾਰੀ ਖਲਕਤ ਵਾਹਿਗੁਰੂ ਜੀ ਦੀ ਹੈ, ਸਾਡਾ ਸਭ ਦਾ ਰਾਖਾ ਅਤੇ ਸਹਾਰਾ ਵਾਹਿਗੁਰੂ ਜੀ ਹਨ। ਸੁਲਹੀ ਖਾਨ ਤੇ ਉਸ ਦੀ ਫੌਜ ਤਾਂ ਬਹੁਤ ਦੂਰ ਕਈਆਂ ਮੀਲਾਂ ਤੇ ਹਨ ਪਰ ਵਾਹਿਗੁਰੂ ਜੀ ਸਾਡੇ ਬਹੁਤ ਨੇੜੇ ਹਨ, ਸਾਡੇ ਨਾਲ ਇਸ ਵਕਤ ਸਾਡੇ ਅੰਗ ਸੰਗ ਹਨ। ਸੁਲਹੀ ਖਾਨ ਨੂੰ ਚਿੱਠੀ ਲਿਖਣ ਜਾਂ ਉਸ ਪਾਸ ਆਦਮੀ ਭੇਜਣ ਜਾਂ ਹੋਰ ਕੋਈ ਉਪਾਅ ਕਰਨ ਦੀ ਲੋੜ ਨਹੀਂ। ਸਾਨੂੰ ਇਸ ਵੇਲੇ ਵਾਹਿਗੁਰੂ ਜੀ ਦਾ ਜੋ ਸਾਡੇ ਅੰਗ ਸੰਗ ਹਨ, ਆਸਰਾ ਲੈਣਾ ਚਾਹੀਦਾ ਹੈ, ਵਾਹਿਗੁਰੂ ਜੀ ਨੂੰ ਯਾਦ ਕਰਨਾ ਚਾਹੀਦਾ ਹੈ। ਜੇਕਰ ਵਾਹਿਗੁਰੂ ਜੀ ਸਰਬ ਵਿਆਪਕ ਅਤੇ ਸਰਬ ਸ਼ਕਤੀਮਾਨ ਹਨ ਅਤੇ ਸਾਡੇ ਮਾਤਾ ਪਿਤਾ ਹਨ, ਤਾਂ ਸਾਨੂੰ ਨਿਰਭੈ ਹੋ ਕੇ ਵਾਹਿਗੁਰੂ ਜੀ ਦੀ ਅਰਾਧਨਾ ਕਰਨੀ ਚਾਹੀਦੀ ਹੈ। ਤੁਹਾਡੇ ਦਸੇ ਉਪਾਵਾਂ ਨੂੰ ਛਡ ਕੇ ਅਸੀਂ ਤਾਂ ਕੇਵਲ ਵਾਹਿਗੁਰੂ ਜੀ ਦਾ ਨਾਮ ਹੀ ਪਏ ਜਪਦੇ ਹਾਂ ਅਤੇ ਉਸ ਦਾ ਧਿਆਨ ਪਏ ਧਰਦੇ ਹਾਂ। ਜਿਸ ਦਾ ਨਤੀਜਾ ਇਹ ਹੈ ਕਿ ਸਾਡੇ ਦਿਲ ਵਿਚ ਮਹਾਂ ਅਨੰਦ, ਸਹਿਜ ਤੇ ਬੇ-ਫਿਕਰੀ ਹੈ। ਸਾਡੇ ਸਭ ਦੁਸ਼ਮਣ ਮਰ ਗਏ ਹਨ ਅਤੇ ਅਸੀਂ ਪੂਰਨ ਸੁਖ ਦੀ ਅਵਸਥਾ ਵਿਚ ਹਾਂ। ਸਾਡੇ ਗੁਰੂ ਦਾ ਇਹੋ ਉਪਦੇਸ਼ ਹੈ ਕਿ ਸਾਡਾ ਸਰੀਰ, ਪਰਾਣ ਅਤੇ ਸਾਰਾ ਦੇਸ਼ ਵਾਹਿਗੁਰੂ ਜੀ ਦਾ ਹੈ ਅਤੇ ਉਹ ਸਾਡੇ ਰਾਖੇ ਤੇ ਸਹਾਰੇ ਤੇ ਸਾਡੇ ਮਾਤਾ ਪਿਤਾ ਹਨ। ਸਾਨੂੰ ਵਾਹਿਗੁਰੂ ਜੀ ਤੇ ਪੂਰਾ ਭਰੋਸਾ ਤੇ ਮਾਣ ਹੈ ਅਤੇ ਉਸੇ ਦੀ ਮਹਾਨ ਸ਼ਕਤੀ ਦੇ ਆਸਰੇ ਅਸੀਂ ਨਿਰਭੈ ਹਾਂ। ਜਦ ਅੰਦਰ ਬਾਹਰ ਦੂਰ ਨੇੜੇ ਸਾਡੇ ਵਾਹਿਗੁਰੂ ਜੀ ਹਨ ਤਦ ਅਸੀਂ ਵਾਹਿਗੁਰੂ ਜੀ ਨੂੰ ਛਡ ਕੇ ਹੋਰ ਕਿਸੇ ਦਾ

ਕੋਈ ਆਸਰਾ ਨਹੀਂ ਲੈਣਾ। ਹੋਰ ਕੋਈ ਹੈ ਹੀ ਨਹੀਂ ਸਿਵਾਏ ਵਾਹਿਗੁਰੂ ਜੀ ਦੇ, ਜਿਸ ਦਾ ਆਸਰਾ ਲੀਤਾ ਜਾਵੇ। ਸੁਲਹੀ ਖਾਨ ਭੁਲਿਆ ਹੋਇਆ ਮੂਰਖ ਸੀ, ਉਸ ਨੂੰ ਉਸ ਦੀ ਗ਼ਲਤੀ ਦੀ ਵਾਹਿਗੁਰੂ ਜੀ ਨੇ ਆਪੇ ਸਜ਼ਾ ਦੇ ਦਿਤੀ ਹੈ। ਵਾਹਿਗੁਰੂ ਜੀ ਦੇ ਪਿਆਰਿਆਂ ਨੂੰ ਕਿਸੇ ਦਾ ਡਰ ਨਹੀਂ। ਸਾਨੂੰ ਸਭ ਨੂੰ ਕਿਸੇ ਦਾ ਡਰ ਨਹੀਂ। ਵਾਹਿਗੁਰੂ ਜੀ ਦੀ ਇਹ ਵਡਿਆਈ ਹੈ ਕਿ ਉਹ ਆਪਣੇ ਪਿਆਰਿਆਂ ਨੂੰ ਜਿਥੇ ਕਿਥੇ ਵੀ ਉਹ ਹੋਣ, ਉਥੇ ਹੀ ਹਥ ਦੇ ਕੇ ਸਹੀ ਸਲਾਮਤ ਰਖਦੇ ਅਤੇ ਗਲ ਲਗਾਂਦੇ ਹਨ। ਸਾਨੂੰ ਇਹ ਵੀ ਨਹੀਂ ਸ਼ਕ ਕਰਨਾ ਚਾਹੀਦਾ ਕਿ ਵਾਹਿਗੁਰੂ ਜੀ ਖਬਰੇ ਸਾਡੀ ਸਹਾਇਤਾ ਕਰਨਗੇ ਕਿ ਨਹੀਂ। ਵਾਹਿਗੁਰੂ ਜੀ ਨੇ ਸਾਡੀ ਸਹਾਇਤਾ ਕਰ ਦਿਤੀ ਹੈ ਅਤੇ ਸਾਡੇ ਦੁਸ਼ਮਨ ਨਾਸ਼ ਹੋ ਗਏ ਹਨ। ਇਸ ਮਹਾਨ ਕ੍ਰਿਪਾਲਤਾ ਲਈ ਵਾਹਿਗੁਰੂ ਜੀ ਦਾ ਧੰਨਵਾਦ ਕਰਨਾ ਚਾਹੀਦਾ ਹੈ ਜਿਸ ਨੇ ਆਪਣੇ ਪਿਆਰਿਆਂ ਦੀ ਇਸ ਮੁਸ਼ਕਲ ਤੇ ਔਖੇ ਵੇਲੇ ਆਣ ਕੇ ਲਜਿਆ ਰਖ ਲੀਤੀ ਹੈ।

ਗੁਰੂ ਜੀ ਦੇ ਐਸੀਆਂ ਚੜ੍ਹਦੀਆਂ ਕਲਾਂ ਵਾਲੇ ਬਚਨ ਸੁਣ ਕੇ ਸਾਰੀ ਸੰਗਤ ਦੇ ਮਨ ਦੀ ਅਵਸਥਾ ਹੀ ਬਦਲ ਗਈ। ਸਭ ਦੇ ਮਨ ਵਿਚ ਧੀਰਜ, ਸ਼ਾਂਤੀ, ਨਿਰਭੈਤਾ ਤੇ ਉਤਸ਼ਾਹ ਠਾਠਾਂ ਮਾਰਨ ਲਗ ਗਏ। ਸਭ ਵਾਹਿਗੁਰੂ ਜੀ ਨੂੰ ਆਪਣੇ ਅੰਗ ਸੰਗ ਮਹਿਸੂਸ ਕਰ ਰਹੇ ਸੀ। ਸਭ ਨਿਰਭੈ ਅਤੇ ਨਿਸ਼ਚਿਤ ਅਵਸਥਾ ਵਿਚ ਅਡੋਲ ਹੋ ਕੇ ਵਾਹਿਗੁਰੂ ਜੀ ਦਾ ਨਾਮ ਜਪ ਰਹੇ ਸੀ ਕਿ ਐਨ ਉਸ ਸਮੇਂ ਕੁਝ ਸਿੰਘਾਂ ਨੇ ਹੱਥ ਜੋੜ ਕੇ ਆਖਿਆ, "ਜੀ ਸੁਲਹੀ ਖਾਨ ਸਮੇਤ ਆਪਣੇ ਘੋੜੇ ਦੇ, ਤਪੇ ਹੋਏ ਸੜਦੇ ਬਲਦੇ ਇੱਟਾਂ ਦੇ ਭਠੇ ਵਿਚ ਡਿਗ ਕੇ ਤਬਾਹ ਹੋ ਗਿਆ ਹੈ ਅਤੇ ਉਸ ਦੀ ਸਾਰੀ ਫੌਜ ਪਿਛਾਂਹ ਪਰਤ ਗਈ ਹੈ। ਅਸੀਂ ਇਹ ਕੌਤਕ ਆਪਣੀ ਅਖੀਂ ਵੇਖ ਕੇ ਆਏ ਹਾਂ।

ਹੁਣ ਕੀ ਸੀ, ਸਭ ਪਾਸਿਆਂ ਤੋਂ 'ਧੰਨ ਗੁਰੂ ਨਾਨਕ ਦੇਵ' 'ਧੰਨ ਗੁਰੂ ਅਰਜਨ ਦੇਵ' 'ਧੰਨ ਗੁਰੂ ਅਰਜਨ ਦੇਵ' ਦੇ ਜੈਕਾਰੇ ਲਗਣੇ ਸ਼ੁਰੂ ਹੋ ਗਏ ਅਤੇ ਸਭ ਪਾਸੇ ਫਤਹਿ ਦੀਆਂ ਵਧਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ। ਸਭ ਸੰਗਤਾਂ ਸੁਲਹੀ ਖਾਨ ਦੀ ਐਸੇ ਸਮੇਂ ਸਿਰ ਤੇ ਇਤਨੀ ਭੈੜੀ ਮੌਤ ਨੂੰ ਅਤੇ ਉਸ ਦੀ ਫੌਜ ਦੇ ਵਾਪਸ ਮੁੜ ਜਾਣ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਤਮਕ ਸ਼ਕਤੀ ਦੀ ਕਰਾਮਾਤ ਅਤੇ ਚਮਤਕਾਰ ਸਮਝ ਰਹੀਆਂ ਸਨ ਅਤੇ ਉਚੀ ਉਚੀ ਧੰਨ ਗੁਰੂ ਅਰਜਨ ਦੇਵ ਜੀ ਦੇ ਨਾਹਰੇ ਅਤੇ ਜੈਕਾਰੇ

ਲਗਾ ਰਹੀਆਂ ਸਨ। ਉਸ ਵੇਲੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਭ ਸੰਗਤਾਂ ਨੂੰ ਭੁਲੇਖੇ ਵਿਚ ਪੈਂਦਿਆਂ ਦੇਖ ਕੇ ਸਭ ਨੂੰ ਬੁਲਾ ਕੇ ਆਖਿਆ ਕਿ ਸੁਲਹੀ ਖਾਨ ਦੀ ਮੌਤ ਵਾਹਿਗੁਰੂ ਜੀ ਦੀ ਮਹਾਨ ਸ਼ਕਤੀ ਕਰਕੇ ਹੋਈ ਹੈ। ਅਸੀਂ ਜੋ ਵਾਕ ਮੂੰਹ ਤੋਂ ਬੋਲੇ ਸਨ, ਉਹ ਵਾਹਿਗੁਰੂ ਜੀ ਦੇ ਭਰੋਸੇ ਤੇ ਵਾਹਿਗੁਰੂ ਜੀ ਦੀ ਹਸਤੀ ਤੇ ਮਾਣ ਕਰਕੇ ਬੋਲੇ ਸਨ। ਹੁਣ ਉਹਨਾਂ ਵਾਕਾਂ ਨੂੰ ਜਾਂ ਲਫਜ਼ਾਂ ਨੂੰ ਵਾਹਿਗੁਰੂ ਜੀ ਨੇ ਪੂਰਾ ਕਰਕੇ ਦਿਖਾਇਆ ਹੈ, ਇਸ ਲਈ ਸਾਰੀ ਵਡਿਆਈ ਵਾਹਿਗੁਰੂ ਜੀ ਦੀ ਹੈ ਅਤੇ ਸਾਨੂੰ ਸਭ ਨੂੰ ਵਾਹਿਗੁਰੂ ਜੀ ਤੋਂ ਬਲਿਹਾਰੀ ਜਾਣਾ ਚਾਹੀਦਾ ਹੈ ਅਤੇ ਉਸੇ ਦੀ ਹੀ ਉਸਤਤ ਕਰਨੀ ਚਾਹੀਦੀ ਹੈ। ਹੁਣ ਤੁਸੀਂ ਆਪਣੇ ਆਪਣੇ ਅਸਥਾਨਾਂ ਨੂੰ ਜਾਵੋ। ਸ਼ਾਮ ਦੇ ਰਹਿਰਾਸ ਦੇ ਦੀਵਾਨ ਵਿਚ ਅਸੀਂ ਤੁਸੀਂ ਸਭ ਮਿਲ ਕੇ ਵਾਹਿਗੁਰੂ ਜੀ ਦਾ ਧੰਨਵਾਦ ਕਰਾਂਗੇ।

ਸੰਧਿਆ ਦੇ ਰਹਿਰਾਸ ਦੇ ਦੀਵਾਨ ਵਿਚ ਸਭ ਸੰਗਤਾਂ ਹੁਮ ਹੁਮਾ ਕੇ ਇਕੱਤਰ ਹੋਈਆਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿਲਾਵਲ ਰਾਗ ਵਿਚ ਹੇਠ ਲਿਖਿਆ ਸ਼ਬਦ ਉਚਾਰਨ ਕਰਕੇ ਆਪਣੇ ਵਾਹਿਗੁਰੂ ਜੀ ਦਾ ਧੰਨਵਾਦ ਕੀਤਾ —

ਬਿਲਾਵਲੁ ਮਹਲਾ ੫

ਸੁਲਹੀ ਤੇ ਨਾਰਾਇਣ ਰਾਖੁ।
ਸੁਲਹੀ ਕਾ ਹਾਥੁ ਕਹੀ ਨਾ ਪਹੁਚੈ
ਸੁਲਹੀ ਹੋਇ ਮੂਆ ਨਾਪਾਕੁ। ਰਹਾਉ।
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ
ਖਿਨ ਮਹਿ ਹੋਇ ਗਇਆ ਹੈ ਖਾਕੁ।
ਮੰਦਾ ਚਿਤਵਤ ਚਿਤਵਤ ਪਚਿਆ
ਜਿਨਿ ਰਚਿਆ ਤਿਨਿ ਦੀਨਾ ਧਾਕੁ।
ਪੁਤ੍ਰ ਮੀਤ ਧਨੁ ਕਿਛੂ ਨਾ ਰਹਿਓ ਸੁ
ਛੋਡਿ ਗਇਆ ਸਭ ਭਾਈ ਸਾਕੁ।
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
ਜਿਨਿ ਜਨ ਕਾ ਕੀਨੋ ਪੂਰਨ ਵਾਕੁ।

□ □ □

ਜਿਸ ਕਾ ਦੀਆ ਪੈਨੈ ਖਾਇ।
ਤਿਸੁ ਸਿਉ ਆਲਸੁ ਕਿਉ ਬਨੈ ਮਾਇ।

ਇਨਸਾਨ ਦੇ ਮਨ ਤੇ ਜਿਤਨੇ ਵੀ ਨਿਸਚੇ ਹਨ, ਉਹ ਸਚੇ ਜਾਂ ਵਿਗਿਆਨਕ ਨਹੀਂ। ਗੁਰਬਾਣੀ ਅੰਦਰ ਇਸੇ ਕਰਕੇ ਮਨ ਦੀ ਮਤ ਦੇ ਤਿਆਗ ਉਤੇ ਜ਼ੋਰ ਹੈ। ਮਨ ਦੀ ਮਤ, ਮਨ ਦੇ ਨਿਸਚੇ ਹਨ।

ਮਨ ਦਾ ਇਕ ਇਹ ਨਿਸਚਾ ਹੈ ਕਿ ਮੈਂ ਜੋ ਖਾਂਦਾ, ਪੀਂਦਾ ਅਤੇ ਪਹਿਨਦਾ ਹਾਂ, ਇਹ ਸਭ ਕੁਝ ਮੇਰਾ ਪੈਦਾ ਕੀਤਾ ਹੋਇਆ ਹੈ ਅਤੇ ਮੇਰੀ ਕਮਾਈ ਦਾ ਨਤੀਜਾ ਹੈ। ਇਨਸਾਨ ਸਮਝਦਾ ਹੈ ਕਿ ਮੈਂ ਦੌਲਤ ਪੈਦਾ ਕਰਦਾ ਹਾਂ ਅਤੇ ਉਸ ਨਾਲ ਅਨੇਕ ਪ੍ਰਕਾਰ ਦੇ ਪਦਾਰਥ ਖਰੀਦਦਾ ਹਾਂ। ਇਸ ਲਈ ਰੁਪਏ ਨਾਲ ਖਰੀਦੇ ਪਦਾਰਥ ਸਭ ਮੇਰੇ ਹਨ। ਇਹ ਕਪੜੇ ਆਪਣੇ ਸਮਝ ਕੇ ਪਹਿਨਦਾ ਹੈ, ਛੱਤੀ ਪ੍ਰਕਾਰ ਦੇ ਭੋਜਨ ਆਪਣੇ ਸਮਝ ਕੇ ਖਾਂਦਾ ਹੈ ਅਤੇ ਅਨੇਕ ਪਦਾਰਥ ਆਪਣੇ ਸਮਝ ਕੇ ਵਰਤਦਾ ਹੈ।

ਪਰ ਵਿਚਾਰ ਕਰਨ ਉਤੇ ਇਨਸਾਨ ਦੇ ਉਕਤ ਸਭ ਨਿਸਚੇ ਗ਼ਲਤ ਸਾਬਤ ਹੁੰਦੇ ਹਨ, ਸਚਾਈ ਦੀ ਕਸੌਟੀ ਤੇ ਖਲੋ ਨਹੀਂ ਸਕਦੇ। ਇਨਸਾਨ ਰੋਟੀ ਖਾਂਦਾ ਹੈ, ਫਲ ਵਰਤਦਾ ਹੈ, ਪਾਣੀ, ਦੁਧ ਆਦਿ ਪੀਂਦਾ ਹੈ ਅਤੇ ਇਹ ਸਮਝਦਾ ਹੈ ਕਿ ਉਹ ਇਹ ਸਭ ਚੀਜ਼ਾਂ ਆਪ ਪੈਦਾ ਕਰਦਾ ਹੈ, ਪਰ ਆਓ, ਜ਼ਰਾ ਵਿਚਾਰੀਏ ਕਿ ਕੀ ਇਹ ਸੱਚ ਹੈ ?

ਇਨਸਾਨ ਕਣਕ ਦਾ ਇਕ ਦਾਣਾ ਵੀ ਨਹੀਂ ਬਣਾ ਸਕਦਾ ਤੇ ਧਰਤੀ ਦਾ ਇਕ ਜ਼ੱਰਾ ਨਹੀਂ ਪੈਦਾ ਕਰ ਸਕਦਾ। ਧਰਤੀ ਰਬ ਜੀ ਦੀ ਬਣਾਈ ਹੋਈ ਅਤੇ ਕਣਕ, ਫਲ ਆਦਿ ਵਾਹਿਗੁਰੂ ਜੀ ਦੇ ਪੈਦਾ ਕੀਤੇ ਹੋਏ ਹਨ, ਕਣਕ ਦੇ ਬੀਜ ਨੂੰ ਅਤੇ ਫਲਾਂ ਸਬਜ਼ੀਆਂ ਦੇ ਬੀਜਾਂ ਨੂੰ ਇਨਸਾਨ ਰਬ ਦੀ ਬਣਾਈ ਧਰਤੀ ਵਿਚ ਬੀਜਦਾ ਹੈ ਅਤੇ ਰਬ ਦਾ ਬਣਾਇਆ ਪਾਣੀ,

ਧਰਤੀ ਵਿਚ ਪਾਂਦਾ ਹੈ, ਜਿਸ ਨੂੰ ਫੇਰ ਰੱਬ ਦੀ ਬਣਾਈ ਸੂਰਜ ਦੀ ਧੁਪ ਪਕਾਂਦੀ ਹੈ। ਏਥੇ ਇਨਸਾਨ ਦਾ ਮਨ ਬੋਲ ਉਠੇਗਾ ਕਿ ਧਰਤੀ ਵਿਚ ਮੌਸਮ ਸਿਰ ਬੀਜ ਬੀਜਣਾ, ਵੇਲੇ ਸਿਰ ਪਾਣੀ ਦੇਣਾ ਅਤੇ ਫਸਲ ਪਕ ਜਾਣ ਉਤੇ ਉਸ ਨੂੰ ਵੱਢਣਾ, ਸਾਂਭਣਾ, ਕਣਕ ਤੋਂ ਰੋਟੀ ਬਨਾਣੀ, ਸਬਜ਼ੀਆਂ ਤੇ ਫਲਾਂ ਦੇ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰਨੇ ਮੇਰੀ ਆਪਣੀ ਅਕਲ ਦਾ, ਮੇਰੇ ਆਪਣੇ ਤਜਰਬੇ ਦਾ ਨਤੀਜਾ ਹੈ। ਇਸ ਵਿਚ ਵਾਹਿਗੁਰੂ ਜੀ ਦਾ ਕੀ ਹੱਥ ਹੈ, ਕੀ ਵਾਸਤਾ ਹੈ ?

ਪਰ ਅਜਿਹਾ ਸਮਝਣਾ ਇਨਸਾਨ ਦੀ ਗ਼ਲਤੀ ਹੈ। ਇਨਸਾਨ ਵਿਚ ਅਕਲ, ਸੋਚ ਵਿਚਾਰ ਕਿਥੋਂ ਆਉਂਦੀ ਹੈ ? ਕੀ ਇਹ ਆਪਣੀ ਅਕਲ, ਸੋਚ ਆਪ ਬਣਾ ਸਕਦਾ ਹੈ, ਆਪ ਪੈਦਾ ਕਰ ਸਕਦਾ ਹੈ ? ਇਸ ਨੂੰ ਤਾਂ ਆਪਣਾ ਇਕ ਵਾਲ ਵੀ ਬਨਾਉਣਾ ਨਹੀਂ ਆਉਂਦਾ, ਆਪਣਾ ਤਨ ਨਹੀਂ ਬਨਾਉਣਾ ਆਉਂਦਾ। ਅਗਰ ਇਨਸਾਨ ਆਪਣਾ ਸਰੀਰ ਨਹੀਂ ਬਣਾ ਸਕਦਾ ਤਾਂ ਸਰੀਰ ਵਿਚ ਸੂਖਸ਼ਮ ਅਕਲ, ਵਿਚਾਰ, ਸੋਚ ਕਿਥੋਂ ਅਤੇ ਕਿਵੇਂ ਬਣਾ ਸਕਦਾ ਹੈ ? ਜਿਥੇ ਇਨਸਾਨ ਨੂੰ ਸਰੀਰ ਸ੍ਰੀ ਵਾਹਿਗੁਰੂ ਜੀ ਵਲੋਂ ਬਖਸ਼ਿਆ ਜਾਂਦਾ ਹੈ, ਉਥੇ ਸਰੀਰ ਵਿਚ ਜਿੰਦ, ਜਾਨ, ਪ੍ਰਾਣ, ਅਕਲ, ਸੋਚ ਵਿਚਾਰ ਵੀ ਬਖਸ਼ੇ ਜਾਂਦੇ ਹਨ। ਸ਼ਰੀਰ ਤੇ ਸਰੀਰ ਵਿਚ ਮਨ ਅਤੇ ਮਨ ਵਿਚ ਵਿਚਾਰ ਸ਼ਕਤੀ ਜਾਂ ਅਕਲ ਸਭ ਵਾਹਿਗੁਰੂ ਜੀ ਦੀਆਂ ਬਖਸ਼ੀਆਂ ਦਾਤਾਂ ਹਨ। ਇਸੇ ਕਰਕੇ ਗੁਰਬਾਣੀ ਦਸਦੀ ਹੈ ਕਿ —

ਸੁਰਤਿ ਮਤਿ ਚਤੁਰਾਈ ਤੇਰੀ
ਤੂ ਜਾਣਾਇਹਿ ਜਾਣਾ ਰਾਮ।

— — —

ਵਾਹਿਗੁਰੂ ਜੀ ਦੇ ਬਣਾਏ ਹੋਏ ਅਨਾਜ ਤੇ ਫਲਾਂ ਦੇ ਬੀਜ ਵਾਹਿਗੁਰੂ ਜੀ ਦੀ ਧਰਤੀ ਵਿਚ, ਵਾਹਿਗੁਰੂ ਜੀ ਦੀ ਬਖਸ਼ੀ ਅਕਲ ਦੇ ਤਜਰਬੇ ਨਾਲ ਇਨਸਾਨ ਬੀਜਦਾ ਅਤੇ ਉਸ ਵਿਚ ਵਾਹਿਗੁਰੂ ਦੇ ਬਣਾਏ ਪਾਣੀ ਨੂੰ ਪਾਂਦਾ ਹੈ, ਜੋ ਵਾਹਿਗੁਰੂ ਜੀ ਦੇ ਬਣਾਏ ਸੂਰਜ ਦੀ ਧੁਪ ਨਾਲ ਪੱਕ ਕੇ ਤਿਆਰ ਹੋਏ ਹਨ ਅਤੇ ਫਿਰ ਵਾਹਿਗੁਰੂ ਜੀ ਦੀ ਬਖਸ਼ੀ ਅਕਲ ਤੇ ਤਜਰਬੇ ਨਾਲ ਇਨਸਾਨ ਇਹਨਾਂ ਨੂੰ ਵਰਤਦਾ, ਸਵਾਦ ਮਾਣਦਾ ਅਤੇ ਪਲਦਾ ਤੇ ਸੇਹਤ ਠੀਕ ਰਖਦਾ ਹੈ।

ਇਸ ਤਰ੍ਹਾਂ ਇਨਸਾਨ ਜੋ ਗਰਮੀਆਂ ਦੇ ਜਾਂ ਸਰਦੀਆਂ ਦੇ ਕਪੜੇ ਪਹਿਨਦਾ ਹੈ, ਉਹ ਜਾਂ ਕਪਾਹ ਅਤੇ ਜਾਂ ਭੇਡਾਂ ਆਦਿ ਜਾਨਵਰਾਂ ਦੇ ਜਿਸਮ ਦੀ ਉੱਨ ਤੋਂ ਤਿਆਰ ਕੀਤੇ ਜਾਂਦੇ ਹਨ। ਇਥੇ ਵੀ ਯਾਦ ਰਖਣ ਵਾਲੀਆਂ ਇਹ ਗਲਾਂ ਹਨ ਕਿ ਕਣਕ ਦੀ ਤਰ੍ਹਾਂ ਕਪਾਹ ਜਾਂ ਰੂਈ ਵੀ, ਵਾਹਿਗੁਰੂ ਜੀ ਦੇ ਬਣਾਏ ਕਪਾਹ ਦੇ ਬੀਜ (ਵੜੇਵੇਂ) ਨੂੰ ਵਾਹਿਗੁਰੂ ਜੀ ਦੀ ਬਣਾਈ ਧਰਤੀ ਵਿਚ ਇਨਸਾਨ ਵਾਹਿਗੁਰੂ ਜੀ ਦੀ ਬਖਸ਼ੀ ਅਕਲ ਅਨੁਸਾਰ ਮੌਸਮ ਸਿਰ ਬੀਜਦਾ ਹੈ ਅਤੇ ਵਾਹਿਗੁਰੂ ਜੀ ਦਾ ਪਾਣੀ ਧਰਤੀ ਵਿਚ ਪਾਂਦਾ ਹੈ, ਜਿਸ ਨੂੰ ਵਾਹਿਗੁਰੂ ਜੀ ਦੀ ਧੁਪ ਪਕਾਉਂਦੀ ਹੈ। ਵਾਹਿਗੁਰੂ ਜੀ ਦੀ ਦਿਤੀ ਅਕਲ ਤੇ ਤਜਰਬੇ ਨਾਲ ਕਪਾਹ ਤੋਂ ਇਨਸਾਨ ਗਰਮੀਆਂ ਦੇ ਠੰਡੇ ਕਪੜੇ ਅਤੇ ਭੇਡਾਂ ਦੀ ਉੱਨ ਤੋਂ ਇਨਸਾਨ ਵਾਹਿਗੁਰੂ ਜੀ ਦੀ ਬਖਸ਼ੀ ਅਕਲ ਅਨੁਸਾਰ ਸਰਦੀਆਂ ਦੇ ਗਰਮ ਕਪੜੇ ਤਿਆਰ ਕਰਦਾ ਅਤੇ ਉਹਨਾਂ ਨੂੰ ਪਹਿਨ ਕੇ ਸੁਖ ਅਤੇ ਆਰਾਮ ਭੋਗਦਾ ਹੈ।

ਗੁਰਬਾਣੀ ਇਨਸਾਨ ਨੂੰ ਸਦਾ ਸਮਝਾਂਦੀ ਰਹਿੰਦੀ ਹੈ ਕਿ ਜਿਸ ਵਾਹਿਗੁਰੂ ਦੀ ਕਿਰਪਾ ਨਾਲ ਤੈਨੂੰ ਸਰੀਰ ਮਿਲਦਾ ਹੈ, ਸਰੀਰ ਵਿਚ ਮਨ ਅਤੇ ਮਨ ਵਿਚ ਅਕਲ, ਸੋਚ, ਵਿਚਾਰ, ਭਲੇ ਬੁਰੇ ਦੀ ਪਛਾਣ ਮਿਲਦੀ ਹੈ, ਉਸ ਵਾਹਿਗੁਰੂ ਦਾ ਸਦਾ ਸ਼ੁਕਰ ਕਰ,. ਉਸਦੀ ਸਿਫਤ ਸਲਾਹ ਕਰ, ਉਸ ਦੀ ਯਾਦ ਵਿਚ ਜੀਵਨ ਬਤੀਤ ਕਰ ਅਤੇ ਉਸ ਦੇ ਸੁਭਾਉ ਤੇ ਸ਼ਕਤੀਆਂ ਨੂੰ ਸਮਝ ਕੇ ਉਸ ਪਾਸੋਂ ਆਪਣੇ ਸਰਬ ਕਾਰਜ ਰਾਸ ਕਰਵਾ ਅਤੇ ਆਪਣੀ ਜੀਵਨ ਯਾਤਰਾ ਨੂੰ ਸਫਲ ਕਰ।

ਗੁਰਬਾਣੀ ਇਨਸਾਨ ਨੂੰ ਪਰੇਰਦੀ ਹੈ ਕਿ ਜਿਸ ਵਾਹਿਗੁਰੂ ਜੀ ਦੀ ਕਿਰਪਾ ਨਾਲ ਤੈਨੂੰ ਅਨੇਕ ਪਦਾਰਥ ਖਾਣ, ਪਹਿਨਣ ਤੇ ਵਰਤਣ ਲਈ ਮਿਲਦੇ ਹਨ, ਜਿਸ ਵਾਹਿਗੁਰੂ ਜੀ ਦੀ ਕਿਰਪਾ ਨਾਲ ਤੂੰ ਅਨੇਕ ਪ੍ਰਕਾਰ ਦੇ ਸਰੀਰਕ ਭੋਗ ਅਤੇ ਮਨ ਦੇ ਰਸ ਮਾਣਦਾ ਹੈਂ, ਉਸ ਵਾਹਿਗੁਰੂ ਜੀ ਦਾ ਨਾਮ ਜਪ ਅਤੇ ਨਾਮ ਜਪ ਕੇ, ਆਪਣੀ ਦੁਨੀਆਂ ਵੀ ਸਵਾਰ ਅਤੇ ਅਗਲੀ ਵਧੇਰੇ ਉਚੀ ਤੇ ਸੁਚੀ ਦੁਨੀਆਂ ਵਿਚ ਵਿਚਰਨ ਲਈ ਆਪਣੇ ਆਪ ਨੂੰ ਤਿਆਰ ਕਰ।

ਜਿਹ ਪ੍ਰਸਾਦਿ ਛੀਹ ਅੰਮ੍ਰਿਤ ਖਾਹਿ।
ਤਿਸੁ ਠਾਕੁਰ ਕਉ ਰਖੁ ਮਨ ਮਾਹਿ।

ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ।
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ।
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ।
ਤਿਸਹਿ ਧਿਆਇ ਸਦਾ ਮਨ ਅੰਦਰਿ।
ਜਿਹ ਪ੍ਰਸਾਦਿ ਗ੍ਰਿਹ ਸੰਗ ਸੁਖ ਬਸਨਾ।
ਆਠ ਪਹਿਰ ਸਿਮਰਹੁ ਤਿਸੁ ਰਸਨਾ।
ਜਿਹ ਪ੍ਰਸਾਦਿ ਰੰਗ ਰਸ ਭੋਗ।
ਨਾਨਕ ਸਦਾ ਧਿਆਈਐ ਧਿਆਵਣ ਜੋਗ।

ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ।
ਤਿਸਹਿ ਤਿਆਗਿ ਕਤ ਅਵਰ ਲੁਭਾਵਹਿ।
ਜਿਹ ਪ੍ਰਸਾਦਿ ਸੁਖ ਸੇਜ ਸੋਈਜੈ।
ਮਨ ਆਠ ਪਹਰ ਤਾ ਕਾ ਜਸੁ ਗਾਵੀਜੈ।
ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ।
ਮੁਖਿ ਤਾ ਕੋ ਜਸੁ ਰਸਨ ਬਖਾਨੈ।
ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ।
ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ।
ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ।
ਨਾਨਕ ਪਤਿ ਸੇਤੀ ਘਰਿ ਜਾਵਹਿ।

□ □ □

ਸਚ (ਸਤ)

ਸਿਖ ਕਿਸ ਦਾ ਸਿਖ ਹੈ ? ਸਿਖ ਸਚ ਦਾ ਸਿਖ ਹੈ। ਸਿਖ ਦੇ ਜੀਵਨ ਦਾ ਮਨੋਰਥ ਸਚ ਦੀ ਪਰਾਪਤੀ ਹੈ। ਆਪਣੇ ਜੀਵਨ ਮਨੋਰਥ ਦੀ ਪਰਾਪਤੀ ਲਈ ਸਿਖ ਸਚੇ ਰਸਤੇ ਉਤੇ ਚਲਦਾ ਚਲਦਾ ਉਸ ਨੂੰ ਜਾ ਮਿਲਦਾ ਹੈ ਜੋ ਆਦਿ ਸਚ ਹੈ, ਜੁਗਾਦਿ ਸਚ ਹੈ, ਜੋ ਹੈ ਭੀ ਸਚ ਅਤੇ ਹੋਸੀ ਭੀ ਸਚ।

ਸਚ ਕੀ ਹੈ ? ਸਚ ਉਹ ਹੈ ਜੋ ਸਦਾ ਹੈ, ਜਿਸ ਵਿਚ ਕਦੀ ਤਬਦੀਲੀ ਨਹੀਂ ਆਉਂਦੀ, ਜੋ ਕਦੀ ਨਹੀਂ ਬਿਨਸਦਾ, ਕਦੀ ਨਹੀਂ ਘਟਦਾ ਵਧਦਾ ਜਾਂ ਜੰਮਦਾ ਮਰਦਾ। ਜੋ ਆਕਾਰ ਵਿਚ ਆਵੇ, ਉਹ ਤਬਦੀਲੀ ਦੇ ਕਾਨੂੰਨ ਹੇਠ ਆ ਜਾਂਦਾ ਹੈ — ਜੰਮਦਾ ਹੈ, ਵਡਾ ਹੁੰਦਾ ਹੈ, ਬੁਢਾ ਹੁੰਦਾ ਹੈ ਅਤੇ ਮਰਦਾ ਹੈ। ਪਰ ਸਚ ਤਬਦੀਲੀ ਦੇ ਕਾਨੂੰਨ ਮਾਤਹਿਤ ਨਹੀਂ, ਇਸ ਲਈ ਸਚ ਲਈ ਨਿਰਅਕਾਰ ਹੋਣਾ ਜ਼ਰੂਰੀ ਹੈ। ਨਿਰਅਕਾਰ ਹੀ ਸਚ ਹੋ ਸਕਦਾ ਹੈ।

ਦਰਿਸ਼ਟਮਾਨ ਜਿਤਨਾ ਹੈ ਉਹ ਇਸ ਲਈ ਦਰਿਸ਼ਟਮਾਨ ਹੈ ਕਿ ਉਹ ਅਕਾਰ ਵਿਚ (with some form) ਹੈ। ਅਕਾਰ ਹੀ ਦਰਿਸ਼ਟਮਾਨ ਹੋ ਸਕਦਾ ਹੈ ਇਸ ਲਈ ਨਿਰਅਕਾਰ ਲਈ ਜ਼ਰੂਰੀ ਹੈ ਕਿ ਉਹ ਦ੍ਰਿਸ਼ਟਮਾਨ ਨਾ ਹੋਵੇ। ਸਚ ਨਿਰਅਕਾਰ ਹੈ ਇਸ ਲਈ ਆਦ੍ਰਿਸ਼ਟ ਹੈ। ਅਕਾਰ ਵਾਲੀ ਚੀਜ਼ ਹੀ ਸਾਨੂੰ ਦਿਸ ਸਕਦੀ ਹੈ, ਇਸ ਲਈ ਨਿਰਅਕਾਰ ਵਾਹਿਗੁਰੂ ਜੀ ਨਹੀਂ ਦਿਸਦੇ। ਦ੍ਰਿਸ਼ਟਮਾਨ ਨੂੰ ਕਾਇਮ ਰਖਣ ਲਈ ਆਦ੍ਰਿਸ਼ਟ ਤੇ ਅਸਥਿਰ ਬੁਨਿਆਦ ਦਾ ਹੋਣਾ ਜ਼ਰੂਰੀ ਹੈ। Change or motion must have changeless or motionless base, ਮਿਸਾਲ ਦੇ ਤੌਰ ਉਤੇ — ਦਰਿਆ ਦਾ ਪਾਣੀ ਚਲ ਰਿਹਾ ਹੈ, ਉਸ ਪਾਣੀ ਵਿਚ ਇਕ ਬੇੜੀ ਚਲ ਰਹੀ ਹੈ ਅਤੇ ਬੇੜੀ ਵਿਚ ਆਦਮੀ ਪਏ ਹਿਲਦੇ ਜੁਲਦੇ ਨੇ। ਬੇੜੀ ਵਿਚ ਆਦਮੀਆਂ

ਦੀ ਹਿਲ ਜੁਲ ਅਤੇ ਪਾਣੀ ਵਿਚ ਬੇੜੀ ਦੀ ਹਿਲ ਜੁਲ ਅਤੇ ਦਰਿਆ ਦੇ ਪਾਣੀ ਦੀ ਆਪਣੀ ਹਿਲਜੁਲ ਇਸ ਕਰਕੇ ਕਾਇਮ ਹੈ ਕਿ ਦਰਿਆ ਦੇ ਹੇਠਾਂ ਧਰਤੀ ਨਹੀਂ ਪਈ ਹਿਲਦੀ — ਧਰਤੀ ਖਲੋਤੀ ਹੋਈ ਹੈ। ਖਲੋਤੀ ਧਰਤੀ ਦੇ ਆਸਰੇ ਪਾਣੀ ਦੀ ਹਰਕਤ, ਬੇੜੀ ਦੀ ਹਰਕਤ ਅਤੇ ਬੇੜੀ ਵਿਚ ਬੈਠਿਆਂ ਦੀ ਹਰਕਤ ਮੁਮਕਿਨ ਹੈ। ਸੋ ਹਰਕਤ ਲਈ ਸਾਕਨ ਬੁਨਿਆਦ ਦਾ ਹੋਣਾ ਲਾਜ਼ਮੀ ਹੈ। ਇਸ ਲਈ ਦਰਿਸ਼ਟਮਾਨ, ਅਕਾਰ ਵਾਲੇ ਸੰਸਾਰ ਲਈ ਅਤੇ ਇਸ ਨੂੰ ਕਾਇਮ ਰਖਣ ਲਈ ਨਿਰਅਕਾਰ ਦੇ ਅਦ੍ਰਿਸ਼ਟ ਬੁਨਿਆਦ ਦਾ ਹੋਣਾ ਲਾਜ਼ਮੀ ਹੈ। ਇਹ ਅਦ੍ਰਿਸ਼ਟ ਬੁਨਿਆਦ ਸੱਚ ਹੈ।

ਨਿਰਅਕਾਰ, ਅਦ੍ਰਿਸ਼ਟ, ਤਬਦੀਲ ਨਾ ਹੋ ਸਕਣ ਵਾਲਾ ਇਕ ਹੀ ਹੋ ਸਕਦਾ ਹੈ। ਇਸ ਲਈ ਸਚ ਇਕ ਹੈ। ਕਿਉਂਕਿ ਇਸ ਇਕ ਨਿਰਅਕਾਰ ਦੇ ਸਹਾਰੇ ਸਭ ਅਕਾਰ, ਸਭ ਦ੍ਰਿਸ਼ਟਮਾਨ ਰਚਨਾ ਅਤੇ ਇਸ ਰਚਨਾ ਵਿਚ ਸਭ ਹਰਕਤ ਕਾਇਮ ਹੈ, ਇਸ ਕਰਕੇ ਇਹ ਕਰਤਾ ਪੁਰਖ ਹੈ। ਇਸ ਲਈ ਸਚ ਇਕ ਹੈ ਅਤੇ ਓਹੀ ਕਰਤਾ ਪੁਰਖ ਹੈ। ਕਿਉਂਕਿ ਇਹ ਸਚ ਆਦਿ, ਮਧ ਤੇ ਅੰਤ ਵਿਚ ਇਕੋ ਜਿਹਾ, ਬਗੈਰ ਤਬਦੀਲੀ ਦੇ ਕਾਇਮ ਹੈ ਇਸ ਲਈ ਇਹ ਸਦਾ ਸਲਾਮਤ ਨਿਰੰਕਾਰ ਹੈ। ਕਿਉਂਕਿ ਇਹੋ ਇਕ ਆਦਿ ਵਿਚ ਸੀ, ਇਸ ਲਈ ਜੋ ਵੀ ਅਕਾਰ ਜਾਂ. ਦ੍ਰਿਸ਼ਟਮਾਨ ਰਚਨਾ ਹੈ, ਉਹ ਇਸੇ ਇਕ ਦਾ ਹੀ ਪਸਾਰਾ ਜਾਂ ਰੂਪ ਹੋ ਸਕਦੀ ਹੈ।

ਕਿਉਂਕਿ ਸਚ ਇਕ ਹੈ ਅਤੇ ਇਸ ਤੋਂ ਪੈਦਾ ਹੋਈ ਰਚਨਾ ਵਿਚ ਸਿਵਾਏ ਇਕ ਦੇ ਹੋਰ ਕੋਈ ਨਹੀਂ, ਇਸ ਕਰਕੇ ਇਹ ਇਕ ਕਿਸੇ ਤੋਂ ਨਹੀਂ ਡਰਦਾ — ਨਿਰਭੈ ਹੈ, ਡਰਨ ਵਾਸਤੇ ਜ਼ਰੂਰੀ ਹੈ ਕਿ ਘਟੋ ਘਟ ਦੋ ਹੋਣ, ਇਕ ਡਰਾਉਣ ਵਾਲਾ ਤੇ ਦੂਸਰਾ ਡਰਨ ਵਾਲਾ। ਇਸੇ ਤਰ੍ਹਾਂ ਵੈਰ ਕਰਨ ਵਾਸਤੇ ਵੀ ਦੋ ਦਾ ਹੋਣਾ ਜ਼ਰੂਰੀ ਹੈ ਇਕ ਵੈਰ ਕਰਨ ਵਾਲਾ ਅਤੇ ਦੂਜਾ ਉਹ ਜਿਸ ਨਾਲ ਵੈਰ ਕੀਤਾ ਜਾਵੇ। ਪਰ ਸਚ ਤਾਂ ਆਦਿ ਜੁਗਾਦਿ ਤੋਂ ਇਕੋ 'ਸਚ' ਹੈ। ਇਸ ਲਈ ਇਹ ਇਕੋ ਸਚ — ਨਿਰਭੈ ਵੀ ਹੈ ਤੇ ਨਿਰਵੈਰ ਵੀ।

ਕਿਉਂਕਿ ਇਹ ਸਚ ਸਦਾ ਕਾਇਮ ਹੈ, ਸਦਾ ਸਲਾਮਤ ਹੈ, ਇਸ ਵਿਚ ਕਦੀ ਤਬਦੀਲੀ ਨਹੀਂ ਹੋ ਸਕਦੀ। ਇਹ ਕਦੀ ਜੰਮਦਾ ਮਰਦਾ ਨਹੀਂ, ਇਸ ਕਰਕੇ ਇਹ ਸੱਚ-ਅਕਾਲ ਹੈ, ਕਾਲ ਤੋਂ ਰਹਿਤ ਹੈ।

ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋੜਿ।

ਕਿਉਂਕਿ ਸਚ ਆਦਿ ਜੁਗਾਦਿ ਤੋਂ ਹੈ, ਇਸ ਕਰਕੇ ਇਹ ਕਿਸੇ ਤੋਂ ਪੈਦਾ ਨਹੀਂ ਹੋ ਸਕਦਾ, ਆਪਣੇ ਆਪ ਹੀ ਸਦਾ ਸਲਾਮਤ ਹੈ — ਇਸ ਲਈ ਇਹ ਸਚ — ਸੈਭੰ (Self existent) ਹੈ।

ਕਿਉਂਕਿ ਇਹ ਸਚ ਨਾ ਕਦੀ ਜੰਮਦਾ ਹੈ ਨਾ ਮਰਦਾ ਹੈ — ਇਸ ਲਈ ਇਹ ਸਚ ਅਜੂਨੀ ਹੈ —

ਥਾਪਿਆ ਨਾ ਜਾਇ ਕੀਤਾ ਨਾ ਹੋਇ।
ਆਪੇ ਆਪਿ ਨਿਰੰਜਨੁ ਸੋਇ।

. . . . . .

ਸਚ ਦੀ ਪ੍ਰਾਪਤੀ ਲਈ ਜ਼ਰੂਰੀ ਹੈ ਕਿ ਸਿਖ ਕਿਸੇ ਗੁਰੂ ਦਾ ਆਸਰਾ ਲਵੇ ਜੋ ਉਸ ਨੂੰ ਸਚ ਤਕ ਪੁਚਾ ਸਕੇ। ਸਚ ਤਕ ਗੁਰਬਾਣੀ ਜਾਂ ਗੁਰੂ ਦਾ ਉਪਦੇਸ਼ ਪੁਚਾ ਸਕਦਾ ਹੈ। ਇਸ ਲਈ ਸਿਖ ਦਾ ਗੁਰੂ, ਗੁਰੂ ਦਾ ਸਰੀਰ ਨਹੀਂ, ਸਗੋਂ ਗੁਰੂ ਦੀ ਬਾਣੀ ਜਾਂ ਗੁਰੂ ਦਾ ਬਚਨ ਜਾਂ ਗੁਰੂ ਦਾ ਸ਼ਬਦ ਹੈ। ਨਿਰਮਾਣ, ਮਿਹਨਤੀ ਅਤੇ ਸਮਝਦਾਰ ਸਿਖ ਨੂੰ ਗੁਰ ਉਪਦੇਸ਼ ਦੀ ਕਮਾਈ ਸਚ ਤਕ ਪੁਚਾਂਦੀ ਹੈ।

ਗੁਰ ਉਪਦੇਸ਼ ਜਾਂ ਗੁਰਬਾਣੀ ਦਸਦੀ ਹੈ ਕਿ 'ਸਚ' ਇਕ ਹੈ, ਕਰਤਾ ਪੁਰਖ ਹੈ, ਨਿਰਭੈ ਹੈ, ਨਿਰਵੈਰ ਹੈ, ਅਕਾਲ ਹੈ, ਅਜੂਨੀ ਹੈ, ਸੈਭੰ ਹੈ। ਗੁਰਬਾਣੀ ਇਹ ਵੀ ਦਸਦੀ ਹੈ ਕਿ 'ਸਚ' ਸਾਡਾ ਅਸਲ ਮਾਤਾ ਪਿਤਾ, ਪਰੇਮੀ, ਮਿਤਰ, ਰਾਖਾ ਤੇ ਸਹਾਰਾ ਹੈ। ਗੁਰਬਾਣੀ ਇਹ ਵੀ ਦਸਦੀ ਹੈ ਕਿ 'ਸਚ' ਹੀ ਸਾਡਾ ਅਸਲ ਗੁਰੂ ਹੈ ਕਿਉਂਕਿ ਜਦ ਗੁਰੂ ਸਚ (ਵਾਹਿਗੁਰੂ) ਚਾਹੇ ਤਦੋਂ ਹੀ ਸਾਨੂੰ ਸਾਕਾਰ ਰੂਪ ਵਿਚ ਗੁਰੂ ਦਾ ਉਪਦੇਸ਼ ਪ੍ਰਾਪਤ ਹੁੰਦਾ ਹੈ ਅਤੇ ਗੁਰੂ ਉਪਦੇਸ਼ ਦੀ ਕਮਾਈ ਕਰਕੇ ਅਸੀਂ ਸਚ ਤਕ ਪਹੁੰਚ ਸਕਦੇ ਹਾਂ। ਗੁਰਬਾਣੀ ਦਸਦੀ ਹੈ ਕਿ ਸੱਚਾ ਜਾਂ ਵਾਹਿਗੁਰੂ-ਜੀਵਨ ਹੈ, ਸਚ ਹੈ, ਚਿਤ (mind) ਹੈ, ਅਤੇ ਸਾਡੇ ਆਪਣੇ ਅੰਦਰ ਅਤੇ ਬਾਹਰ ਸਭ ਥਾਂ ਉਹੀ ਉਹ ਹੈ। ਗੁਰਬਾਣੀ ਹੈ ਕਿ ਸਚ (ਵਾਹਿਗੁਰੂ) ਸਭ ਤੋਂ ਨਜ਼ਦੀਕ, ਸਾਡੇ ਆਪਣੇ ਅੰਦਰ ਹੈ, ਇਸ ਲਈ ਉਸਦੀ ਪਰਾਪਤੀ ਲਈ ਸਿਖ ਨੂੰ ਆਪਣੇ ਅੰਦਰ ਉਸਦੀ ਤਲਾਸ਼ ਕਰਨੀ ਚਾਹੀਦੀ ਹੈ। ਆਪਣੇ ਅੰਦਰ ਤਲਾਸ਼ ਜਾਂ ਖੋਜ ਕਰਨ ਵਾਸਤੇ ਸਿਖ ਨੂੰ ਅੰਤਰਮੁਖੀ ਹੋਣਾ ਜ਼ਰੂਰ ਹੈ। ਅੰਤਰਮੁਖੀ ਸਿਖ ਦਾ ਸਰੀਰ ਨਹੀਂ ਹੋ ਸਕਦਾ, ਸਿਖ ਦੀ ਕੇਵਲ ਸੁਰਤ ਹੀ ਅੰਤਰਮੁਖੀ ਹੋ ਸਕਦੀ ਹੈ। ਸੁਰਤ

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ।

ਨੂੰ ਅੰਤਰਮੁਖੀ ਬਨਾਣ ਵਾਸਤੇ 'ਨਾਮ' ਜਪਣਾ ਜਾਂ ਨਾਮ ਦੀ ਕਮਾਈ ਕਰਨੀ ਜ਼ਰੂਰੀ ਹੈ। ਨਾਮ ਦੀ ਕਮਾਈ ਸਿਖ ਦੀ ਸੁਰਤ ਨੂੰ ਨਾਮੀ (ਸਚ) ਤਕ ਪੁਚਾ ਦੇਂਦੀ ਹੈ।

ਗੁਰਬਾਣੀ ਦਸਦੀ ਹੈ ਕਿ ਸਿੱਖ, ਸਿੱਖ ਦਾ ਸਰੀਰ ਨਹੀਂ ਸਗੋਂ ਸਿੱਖ ਦੀ ਸੁਰਤ ਹੀ ਸਿੱਖ ਹੈ। ਸਿਖ ਦਾ ਸਰੀਰ ਤਾਂ ਮਿੱਟੀ ਹੈ। ਇਸ ਲਈ ਸੱਚ ਦੀ ਪ੍ਰਾਪਤੀ ਸਿਖ ਦੀ ਸੁਰਤ ਨੂੰ ਹੁੰਦੀ ਹੈ। ਜਦ ਸਚ ਦੀ ਪ੍ਰਾਪਤੀ ਹੋ ਜਾਵੇ ਤਾਂ ਸਿਖ ਮਹਿਸੂਸ ਕਰਦਾ ਹੈ ਕਿ ਉਸਦੀ ਛੋਟੀ ਹੱਦ ਵਾਲੀ ਸੁਰਤ, ਵਡੀ ਤੇ ਲਾਹਦ ਸੁਰਤ ਨੂੰ ਜਾ ਮਿਲੀ ਹੈ।

ਸੂਰਜ ਕਿਰਣਿ ਮਿਲੇ —
ਜਲ ਕਾ ਜਲੁ ਹੂਆ ਰਾਮ।

□ □ □

✚ ਸਮਾਪਤ ✚



ਸਚਖੰਡ ਵਾਸੀ ਸ. ਰਘਬੀਰ ਸਿੰਘ ਜੀ 'ਬੀਰ' (7 ਅਕਤੂਬਰ 1896 – 14 ਅਪ੍ਰੈਲ 1974) ਜਿਥੇ ਆਪਣੇ ਜੀਵਨ ਕਾਲ ਵਿੱਚ ਦੇਸ਼ ਵਿਦੇਸ਼ ਦੂਰ ਦੂਰ ਤਕ ਪੁਜ ਕੇ ਆਤਮ-ਖੋਜੀਆਂ ਨੂੰ ਆਤਮਾ=ਪਰਮਾਤਮਾ ਬਾਰੇ ਗੰਭੀਰ ਤੇ ਗੂੜ੍ਹ ਵਾਕਫ਼ੀ ਦਿਆ ਕਰਦੇ ਸਨ, ਉਥੇ ਉਹਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਹਨਾਂ ਲੋਕਾਂ ਨੂੰ ਵੀ 'ਗੁਰਮਤ ਗਾਡੀ ਰਾਹ' ਤੇ ਪਾਇਆ, ਜਿਹੜੇ ਕਿ ਉਹਨਾਂ ਦੇ ਦਰਸ਼ਨ ਨਹੀਂ ਕਰ ਸਕੇ। ਉਹਨਾਂ ਦੀ ਛੁਹ ਅੰਦਰ ਜੋ ਵੀ ਆਇਆ, ਉਹ ਨਿਹਾਲ ਹੋ ਕੇ ਗਿਆ। ਸੈਂਕੜੇ ਹੀ ਨਹੀਂ, ਹਜ਼ਾਰਾਂ ਵਿਅਕਤੀਆਂ ਨੂੰ 'ਬੀਰ' ਜੀ ਨੇ ਨਾਮ-ਰਸੀਆ ਬਣਾ ਕੇ ਉਹਨਾਂ ਨੂੰ ਇਕ ਨਵਾਂ ਜੀਵਨ ਦਿੱਤਾ।

ਗੁਰੂ ਗਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਅਮਲ ਕਰਨ ਵਾਲਾ ਵਪਾਰੀ ਆਪਣੇ ਵਪਾਰ ਦੀ ਸਫ਼ਲਤਾ ਨੂੰ ਆਪਣੀ ਹਿੰਮਤ, ਮਿਹਨਤ ਤੇ ਅਕਲ ਦਾ ਨਤੀਜਾ ਨਹੀਂ ਸਮਝੇਗਾ .... ਵਾਹਿਗੁਰੂ ਦੀ ਕਿਰਪਾ ਦਾ ਨਤੀਜਾ ਸਮਝੇਗਾ ....

ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ।
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ। (ਪੰਨਾ 14-15)

ਸਰੀਰ ਇਨਸਾਨ ਦਾ ਸਭ ਤੋਂ ਘਟੀਆ ਹਿੱਸਾ ਹੈ, ਸਰੀਰ ਨਾਲੋਂ ਵਧੇਰੇ ਕੀਮਤੀ ਤੇ ਜ਼ਰੂਰੀ ਹਿਸਾ ਇਨਸਾਨ ਦਾ ਮਨ ਹੈ, ਪਰ ਸਭ ਤੋਂ ਜ਼ਰੂਰੀ ਅਤੇ ਕੀਮਤੀ ਹਿੱਸਾ ਇਨਸਾਨ ਦੀ ਆਤਮਾ ਜਾਂ ਆਪਾ (Self) ਹੈ। ਜਿੱਥੇ ਸਰੀਰ ਦੀ ਖ਼ੁਰਾਕ ਦਹੀਂ, ਦੁਧ, ਕਣਕ, ਸਬਜ਼ੀਆਂ ਆਦਿ ਹਨ ਅਤੇ ਮਨ ਦੀ ਖ਼ੁਰਾਕ ਸ਼ੁਭ ਤੇ ਨੇਕ ਖ਼ਿਆਲ ਹਨ, ਉਥੇ ਆਤਮਾ ਜਾਂ 'ਆਪੇ' ਦੀ ਖ਼ੁਰਾਕ 'ਇਕਾਗਰਤਾ' ਹੈ। ਇਕਾਗਰਤਾ 'ਨਾਮ' ਕਮਾਈ ਤੋਂ ਉਤਪੰਨ ਹੁੰਦੀ ਹੈ ਇਸ ਲਈ ਆਤਮਾ ਦੀ ਖ਼ੁਰਾਕ 'ਨਾਮ' ਹੈ। (ਪੰਨਾ 178)

ਆਤਮ ਸਾਇੰਸ ਟ੍ਰਸਟ
A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065